19-DEC-PAGE-1.qxd 12/18/2025 10:40 PM Page 1


ਸ਼ੁੱਕਰਵਾਰ, 19 ਦਸੰਬਰ, 2025

5 ਪੋਹ { ਨਾਨਕਸ਼ਾਹੀ 557 / ਬਿਕਰਮੀ 2082

ਜਿਲਦ/VOL. : 74

ਅੰਕ/NO. : 199

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • FRIDAY, 19 DECEMBER, 2025

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


# ਮਨਰੇਗਾ ਨੂੰ ਬਚਾਉਣ ਦੀ ਲੜਾਈ ਸੜਕਾਂ 'ਤੇ ਲਿਜਾਣ ਦਾ ਅਹਿਦ

**ਨਵੀਂ ਦਿੱਲੀ** : ਲੋਕ ਸਭਾ ਨੇ ਵੀਰਵਾਰ ਆਪੋਜ਼ੀਸ਼ਨ ਦੇ ਕਰੜੇ ਵਿਰੋਧ ਦਰਮਿਆਨ 'ਵਿਕਸਤ ਭਾਰਤ-ਜੀ ਰਾਮ ਜੀ ਬਿੱਲ, 2025' ਪਾਸ ਕਰ ਦਿੱਤਾ। ਪੇਂਡੂ ਵਿਕਾਸ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਕਿਹਾ ਕਿ 'ਕਾਂਗਰਸ ਨੇ ਬਾਪੂ ਦੇ ਆਦਰਸ਼ਾਂ ਨੂੰ ਮਾਰ ਦਿੱਤਾ, ਜਦੋਂ ਕਿ ਮੋਦੀ ਸਰਕਾਰ ਨੇ ਉਨ੍ਹਾਂ ਨੂੰ ਜ਼ਿੰਦਾ ਰੱਖਿਆ ਹੈ।'

ਮਨਰੇਗਾ ਯੋਜਨਾ ਦੀ ਥਾਂ 'ਤੇ ਨਵਾਂ ਬਿੱਲ ਲਿਆਉਣ ਅਤੇ ਇਸ ਤੋਂ ਮਹਾਤਮਾ ਗਾਂਧੀ ਦਾ ਨਾਂਅ ਹਟਾਉਣ ਦੇ ਆਪੋਜ਼ੀਸ਼ਨ ਦੇ ਦੋਸ਼ਾਂ ਨੂੰ ਪੂਰੀ ਤਰ੍ਹਾਂ ਰੱਦ ਕਰਦੇ ਹੋਏ ਚੌਹਾਨ ਨੇ ਕਿਹਾ ਕਿ 'ਵਿਕਸਤ ਭਾਰਤ-ਜੀ ਰਾਮ ਜੀ ਬਿੱਲ, 2025' ਰਾਹੀਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਮਹਾਤਮਾ ਗਾਂਧੀ ਦੇ ਆਦਰਸ਼ਾਂ ਨੂੰ ਲਾਗੂ ਕਰਨ ਅਤੇ ਵਿਕਸਤ ਪਿੰਡਾਂ ਦੇ ਆਧਾਰ 'ਤੇ ਵਿਕਸਤ ਭਾਰਤ ਬਣਾਉਣ ਦੇ ਟੀਚੇ ਵੱਲ ਕੰਮ ਕਰ ਰਹੀ ਹੈ।

ਇਸ ਤੋਂ ਪਹਿਲਾਂ ਬੁੱਧਵਾਰ ਨੂੰ ਬਿੱਲ 'ਤੇ ਸਦਨ ਵਿੱਚ ਦੇਰ ਰਾਤ ਤੱਕ ਬਹਿਸ ਹੋਈ, ਜਿਸ ਵਿੱਚ ਆਪੋਜ਼ੀਸ਼ਨ ਦੇ ਬਹੁਤੇ ਮੈਂਬਰਾਂ ਨੇ ਮੰਗ ਕੀਤੀ ਕਿ ਇਸ ਨੂੰ ਹੋਰ ਵਿਚਾਰ-ਵਟਾਂਦਰੇ ਲਈ

## ਜ਼ਬਰਦਸਤ ਪ੍ਰੋਟੈੱਸਟ ਦਰਮਿਆਨ 'ਜੀ ਰਾਮ ਜੀ' ਬਿੱਲ ਲੋਕ ਸਭਾ 'ਚ ਪਾਸ




ਵਿਭਾਗ ਨਾਲ ਸੰਬੰਧਤ ਸੰਸਦੀ ਸਥਾਈ ਕਮੇਟੀ ਕੋਲ ਭੇਜਿਆ ਜਾਵੇ। ਕਾਂਗਰਸੀ ਆਗੂ ਕੇ ਸੀ ਵੇਣੂਗੋਪਾਲ ਨੇ ਵੀਰਵਾਰ ਨੂੰ ਮੰਤਰੀ ਦੇ ਜਵਾਬ ਤੋਂ ਪਹਿਲਾਂ ਦੁਬਾਰਾ ਮੰਗ ਉਠਾਈ, ਪਰ ਸਪੀਕਰ ਨੇ ਇਸ ਨੂੰ ਰੱਦ ਕਰ ਦਿੱਤਾ।

ਚੌਹਾਨ ਨੇ ਫਿਰ ਆਪੋਜ਼ੀਸ਼ਨ ਮੈਂਬਰਾਂ ਦੇ ਰੌਲੇ-ਰੱਪੇ ਦਰਮਿਆਨ ਆਪਣਾ ਜਵਾਬ ਪੂਰਾ ਕੀਤਾ। ਉਨ੍ਹਾਂ ਦੇ ਜਵਾਬ ਤੋਂ ਬਾਅਦ ਸਦਨ ਨੇ ਕੁਝ ਆਪੋਜ਼ੀਸ਼ਨ ਮੈਂਬਰਾਂ ਦੀਆਂ ਸੋਧਾਂ ਨੂੰ ਰੱਦ ਕਰ ਦਿੱਤਾ ਅਤੇ 'ਵਿਕਸਤ ਭਾਰਤ-ਜੀ ਰਾਮ ਜੀ ਬਿੱਲ, 2025' ਨੂੰ ਜ਼ੁਬਾਨੀ ਵੋਟ ਨਾਲ ਪਾਸ ਕਰ ਦਿੱਤਾ। ਇਸ ਦੌਰਾਨ ਕੁਝ ਆਪੋਜ਼ੀਸ਼ਨ ਮੈਂਬਰਾਂ, ਜੋ ਪੋਡੀਅਮ ਦੇ ਨੇੜੇ ਹੰਗਾਮਾ ਕਰ ਰਹੇ ਸਨ, ਨੇ ਮੰਤਰੀ 'ਤੇ ਕਾਗਜ਼ ਵੀ ਸੁੱਟੇ।

ਚੌਹਾਨ ਨੇ ਕਿਹਾ ਕਿ 1960-61 ਵਿੱਚ ਪੇਂਡੂ ਮਨੁੱਖੀ ਸ਼ਕਤੀ ਪ੍ਰੋਗਰਾਮ ਤੋਂ ਲੈ ਕੇ ਮਹਾਤਮਾ ਗਾਂਧੀ ਰਾਸ਼ਟਰੀ ਪੇਂਡੂ ਰੁਜ਼ਗਾਰ ਗਰੰਟੀ ਐਕਟ (ਮਨਰੇਗਾ) ਤੱਕ, ਦੇਸ਼ ਵਿੱਚ ਸਮੇਂ-ਸਮੇਂ 'ਤੇ ਕਈ ਯੋਜਨਾਵਾਂ ਲਾਗੂ ਕੀਤੀਆਂ ਗਈਆਂ ਹਨ। ਉਨ੍ਹਾ ਕਿਹਾ ਕਿ ਜਦੋਂ ਇਹ ਯੋਜਨਾਵਾਂ ਆਪਣੇ ਉਦੇਸ਼ਾਂ ਨੂੰ ਪ੍ਰਾਪਤ ਕਰਨ ਵਿੱਚ ਅਸਫਲ ਰਹਿੰਦੀਆਂ ਹਨ ਜਾਂ ਸਿਰਫ ਇੱਕ ਛੋਟਾ ਜਿਹਾ ਅਨੁਪਾਤ ਪ੍ਰਾਪਤ ਕਰਦੀਆਂ ਹਨ, ਤਾਂ ਨਵੀਆਂ ਯੋਜਨਾਵਾਂ ਪੇਸ਼ ਕੀਤੀਆਂ ਜਾਂਦੀਆਂ ਹਨ। ਉਨ੍ਹਾ ਕਿਹਾ ਕਿ ਮਨਰੇਗਾ ਦੇ ਨਾਂਅ ਵਿੱਚ ਅਸਲ ਵਿੱਚ ਮਹਾਤਮਾ ਗਾਂਧੀ ਦਾ ਨਾਂਅ ਸ਼ਾਮਲ ਨਹੀਂ ਸੀ, ਅਤੇ ਇਸ ਨੂੰ ਸਿਰਫ ਨਰੇਗਾ ਕਿਹਾ ਜਾਂਦਾ ਸੀ। ਹਾਲਾਂਕਿ 2009 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ, ਕਾਂਗਰਸ ਨੇ ਗਾਂਧੀ ਨੂੰ ਯਾਦ ਕੀਤਾ ਅਤੇ ਵੋਟ ਬੈਂਕ ਦੇ ਸਮਰਥਨ ਲਈ ਉਨ੍ਹਾ ਦਾ ਨਾਂਅ ਜੋੜਿਆ। ਚੌਹਾਨ ਨੇ ਦੋਸ਼ ਲਗਾਇਆ, "ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਨੇ ਮਨਰੇਗਾ ਨੂੰ ਜ਼ੋਰਦਾਰ ਢੰਗ ਨਾਲ ਲਾਗੂ ਨਹੀਂ ਕੀਤਾ, ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਨੂੰ

• ਬਾਕੀ ਸਫਾ 2 'ਤੇ

## ਜੱਜ ਨੇ ਕਿਹਾ, ਵੀਡੀਓ ਚਲਾ ਕੇ ਦਿਖਾਵਾਂਗੇ ; ਸਿੱਬਲ ਨੇ ਕਿਹਾ, ਮੈਂ ਵੀ ਚਲਾ ਕੇ ਦਿਖਾਵਾਂਗਾ

**ਨਵੀਂ ਦਿੱਲੀ** : ਆਵਾਰਾ ਕੁੱਤਿਆਂ ਦੇ ਮਾਮਲੇ ਵਿੱਚ ਦਿੱਲੀ ਨਗਰ ਨਿਗਮ (ਐੱਮ ਸੀ ਡੀ) ਵੱਲੋਂ ਬਣਾਏ ਗਏ ਨਿਯਮਾਂ ਨੂੰ 'ਗੈਰ-ਮਨੁੱਖੀ' ਦੱਸਣ ਵਾਲੇ ਪਟੀਸ਼ਨਰ ਨੂੰ ਜਵਾਬ ਦਿੰਦਿਆਂ ਸੁਪਰੀਮ ਕੋਰਟ ਨੇ ਵੀਰਵਾਰ ਸਖਤ ਟਿੱਪਣੀ ਕੀਤੀ। ਅਦਾਲਤ ਨੇ ਕਿਹਾ ਕਿ ਅਗਲੀ ਸੁਣਵਾਈ 'ਤੇ ਇੱਕ ਵੀਡੀਓ ਚਲਾਈ ਜਾਵੇਗੀ ਅਤੇ ਪੁੱਛਿਆ ਜਾਵੇਗਾ ਕਿ 'ਇਨਸਾਨੀਅਤ ਕੀ ਹੈ'।

ਜਸਟਿਸ ਵਿਕਰਮ ਨਾਥ ਅਤੇ ਜਸਟਿਸ ਸੰਦੀਪ ਮਹਿਤਾ ਦੀ ਬੈਂਚ ਨੂੰ ਸੀਨੀਅਰ ਵਕੀਲ ਕਪਿਲ ਸਿੱਬਲ ਨੇ ਦੱਸਿਆ ਕਿ ਇਸ ਮਾਮਲੇ ਦੀ ਸੁਣਵਾਈ ਲਈ ਬਣਿਆ ਵਿਸ਼ੇਸ਼ ਤਿੰਨ ਮੈਂਬਰੀ ਬੈਂਚ ਰੱਦ ਹੋ ਗਿਆ ਹੈ। ਜਸਟਿਸ ਨਾਥ ਨੇ ਕਿਹਾ ਕਿ ਹੁਣ ਇਹ ਮਾਮਲਾ 7 ਜਨਵਰੀ ਨੂੰ ਸੁਣਿਆ ਜਾਵੇਗਾ। ਸਿੱਬਲ ਨੇ ਚਿੰਤਾ ਜਤਾਈ ਕਿ ਇਸ ਦੌਰਾਨ ਐੱਮ ਸੀ ਡੀ ਅਜਿਹੇ ਨਿਯਮ ਲਾਗੂ ਕਰ ਰਹੀ ਹੈ ਜੋ ਪੂਰੀ ਤਰ੍ਹਾਂ ਉਲਟ ਹਨ ਅਤੇ ਕੁੱਤਿਆਂ ਨੂੰ ਹਟਾਇਆ ਜਾ ਰਿਹਾ ਹੈ, ਜਦਕਿ ਉਨ੍ਹਾਂ ਲ ਏ ।

• ਬਾਕੀ ਸਫਾ 2 'ਤੇ

## 22 'ਚੋਂ 12 ਜ਼ਿਲ੍ਹਾ ਪ੍ਰੀਸ਼ਦਾਂ 'ਚ 'ਆਪ' ਨੂੰ ਸਪੱਸ਼ਟ ਬਹੁਮਤ

### ਚਾਰ ਜ਼ਿਲ੍ਹਿਆਂ ਦੀ ਚਾਬੀ ਆਜ਼ਾਦਾਂ ਹੱਥ

**ਚੰਡੀਗੜ੍ਹ** : ਪੰਜਾਬ 'ਚ ਜ਼ਿਲ੍ਹਾ ਪ੍ਰੀਸ਼ਦ ਚੋਣਾਂ 'ਚ 63 ਫੀਸਦੀ ਸੀਟਾਂ 'ਤੇ ਆਮ ਆਦਮੀ ਪਾਰਟੀ ਨੇ ਜਿੱਤ ਦਰਜ ਕੀਤੀ ਹੈ, ਜਦੋਂ ਕਿ 18 ਫੀਸਦੀ ਸੀਟਾਂ ਕਾਂਗਰਸ ਦੀ ਝੋਲੀ ਪਈਆਂ ਹਨ। ਜ਼ਿਲ੍ਹਾ ਪ੍ਰੀਸ਼ਦ ਦੇ ਕੁੱਲ 346 ਜ਼ੋਨਾਂ 'ਤੇ 14 ਦਸੰਬਰ ਨੂੰ ਵੋਟਾਂ ਪਈਆਂ ਸਨ, ਜਦੋਂ ਕਿ ਖਡੂਰ ਸਾਹਿਬ ਜ਼ੋਨ 'ਚ ਕੋਈ ਯੋਗ ਨਾਮਜ਼ਦਗੀ ਨਾ ਹੋਣ ਕਰਕੇ ਚੋਣ ਨਹੀਂ ਹੋਈ ਸੀ।

ਮੁਹਾਲੀ ਦੀ ਜ਼ਿਲ੍ਹਾ ਪ੍ਰੀਸ਼ਦ ਦੀ ਚੋਣ ਮੁਲਤਵੀ ਕੀਤੀ ਗਈ ਹੈ। ਇਨ੍ਹਾਂ ਕੁੱਲ 346 ਜ਼ੋਨਾਂ 'ਚੋਂ 'ਆਪ' ਨੇ 218 ਜ਼ੋਨਾਂ 'ਤੇ ਜਿੱਤ ਹਾਸਲ ਕੀਤੀ ਹੈ ਅਤੇ ਕਾਂਗਰਸ ਦੇ ਹਿੱਸੇ 62 ਜ਼ੋਨ ਆਏ ਹਨ। ਰਾਜ ਚੋਣ ਕਮਿਸ਼ਨ ਵੱਲੋਂ ਐਲਾਨੇ ਜ਼ਿਲ੍ਹਾ ਪ੍ਰੀਸ਼ਦ ਦੇ ਅੰਤਮ ਨਤੀਜੇ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਨੂੰ 46 ਜ਼ੋਨਾਂ (13.29 ਫੀਸਦੀ), ਭਾਜਪਾ ਨੂੰ ਸੱਤ ਜ਼ੋਨਾਂ (2.02 ਫੀਸਦੀ), ਬਸਪਾ ਨੂੰ ਤਿੰਨ ਜ਼ੋਨਾਂ (0.86 ਫੀਸਦੀ) ਵਿੱਚ ਜਿੱਤ ਹਾਸਲ ਹੋਈ ਹੈ ਅਤੇ 10 ਜ਼ੋਨਾਂ (2.89 ਫੀਸਦੀ) 'ਚ ਆਜ਼ਾਦ ਉਮੀਦਵਾਰ ਕਾਮਯਾਬ ਹੋਏ ਹਨ। ਆਮ ਆਦਮੀ ਪਾਰਟੀ ਨੂੰ 22 ਜ਼ਿਲ੍ਹਿਆਂ ਵਿੱਚੋਂ 12 ਜ਼ਿਲ੍ਹਿਆਂ 'ਚ ਸਪੱਸ਼ਟ ਬਹੁਮਤ ਹਾਸਲ ਹੋ ਗਿਆ ਹੈ। ਸ਼੍ਰੋਮਣੀ ਅਕਾਲੀ ਦਲ ਬਠਿੰਡਾ ਅਤੇ ਸ੍ਰੀ ਮੁਕਤਸਰ ਸਾਹਿਬ 'ਚ ਸਪੱਸ਼ਟ ਬਹੁਮਤ ਹਾਸਲ ਕਰਨ 'ਚ ਸਫਲ ਰਿਹਾ ਹੈ ਜਦੋਂ ਕਿ ਕਾਂਗਰਸ ਪਾਰਟੀ ਨੂੰ ਸਿਰਫ ਨਵਾਂ ਸ਼ਹਿਰ ਦੀ ਜ਼ਿਲ੍ਹਾ ਪ੍ਰੀਸ਼ਦ 'ਚ ਸਪੱਸ਼ਟ ਬਹੁਮਤ ਮਿਲਿਆ ਹੈ। ਆਮ ਆਦਮੀ ਪਾਰਟੀ ਜ਼ਿਲ੍ਹਾ ਜਲੰਧਰ, ਲੁਧਿਆਣਾ, ਕਪੂਰਥਲਾ ਅਤੇ ਪਠਾਨਕੋਟ 'ਚ ਵੱਡੀ ਪਾਰਟੀ ਵਜੋਂ ਉੱਭਰੀ ਹੈ ਪਰ ਇਨ੍ਹਾਂ ਚਾਰ ਜ਼ਿਲ੍ਹਿਆਂ 'ਚ ਚੇਅਰਮੈਨ ਬਣਾਉਣ ਲਈ ਦੂਸਰੀਆਂ ਧਿਰਾਂ ਜਾਂ ਆਜ਼ਾਦ ਉਮੀਦਵਾਰਾਂ ਦੀ ਮਦਦ ਲਈ ਜੋੜ-ਤੋੜ ਕਰਨੇ ਪੈਣਗੇ। ਜ਼ਿਲ੍ਹਾ ਫਿਰੋਜ਼ਪੁਰ, ਕਪੂਰਥਲਾ ਅਤੇ ਲੁਧਿਆਣਾ 'ਚ ਆਜ਼ਾਦ ਉਮੀਦਵਾਰਾਂ ਦੇ ਹੱਥ ਚਾਬੀ ਰਹੇਗੀ, ਕਿਉਂਕਿ ਉਨ੍ਹਾਂ ਦੀ ਮਦਦ ਤੋਂ ਬਿਨਾਂ ਕੋਈ ਵੀ ਸਿਆਸੀ ਧਿਰ ਜ਼ਿਲ੍ਹਾ ਪ੍ਰੀਸ਼ਦ ਦੀ ਚੇਅਰਮੈਨੀ 'ਤੇ ਕਾਬਜ਼ ਨਹੀਂ ਹੋ ਸਕੇਗੀ।

## ਯੂ ਪੀ ਦੇ ਮੰਤਰੀ ਦੀ 'ਭੋਜਪੁਰੀ' ਸਫਾਈ



**ਲਖਨਊ** : ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਇੱਕ ਮੁਟਿਆਰ ਦੇ ਚਿਹਰੇ ਤੋਂ ਹਿਜਾਬ ਹਟਾਉਣ ਦੇ ਮਾਮਲੇ 'ਤੇ ਦਿੱਤੀ ਗਈ ਟਿੱਪਣੀ, "ਜੇ ਉਹ ਉਸ ਨੂੰ ਕਿਤੇ ਹੋਰ ਛੂਹ ਲੈਂਦੇ ਤਾਂ ਕੀ ਹੋ ਜਾਂਦਾ ?", ਯੂ ਪੀ ਦੇ ਮੰਤਰੀ ਸੰਜੇ ਨਿਸ਼ਾਦ ਨੇ ਸਫਾਈ ਦਿੱਤੀ ਹੈ। ਉਨ੍ਹਾ ਕਿਹਾ ਕਿ ਉਨ੍ਹਾ ਦੀ ਗੱਲ ਦਾ ਗਲਤ ਮਤਲਬ ਕੱਢਿਆ ਗਿਆ ਹੈ ਅਤੇ ਉਨ੍ਹਾ ਦੀ ਕੋਈ ਮਾੜੀ ਨੀਅਤ ਨਹੀਂ ਸੀ। ਇਸ ਟਿੱਪਣੀ ਤੋਂ ਬਾਅਦ ਵਿਰੋਧੀ ਧਿਰਾਂ ਅਤੇ ਹੋਰਨਾਂ ਵੱਲੋਂ ਮੁਆਫੀ ਦੀ ਮੰਗ ਨੂੰ ਲੈ ਕੇ ਹੰਗਾਮਾ ਤੇਜ਼ ਹੋ ਗਿਆ ਹੈ। ਵਿਵਾਦ ਨੂੰ ਸ਼ਾਂਤ ਕਰਨ ਦੀ ਕੋਸ਼ਿਸ਼ ਕਰਦੇ ਹੋਏ ਨਿਸ਼ਾਦ ਪਾਰਟੀ ਦੇ ਮੁਖੀ ਨੇ ਕਿਹਾ ਕਿ ਹਿੰਦੀ ਵਿੱਚ ਕੀਤੀ ਗਈ ਇਹ ਟਿੱਪਣੀ, ਜਿਸ ਨੂੰ ਮਹਿਲਾ-ਵਿਰੋਧੀ

• ਬਾਕੀ ਸਫਾ 2 'ਤੇ

## ਜਾਵੇ ਜਹੰਨਮ 'ਚ !



**ਪਟਨਾ** : ਨਿਯੁਕਤੀ-ਪੱਤਰ ਦੇਣ ਵੇਲੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਵੱਲੋਂ ਹਿਜਾਬ ਹਟਾ ਕੇ ਚਿਹਰਾ ਦੇਖਣ 'ਤੇ ਪ੍ਰੋਟੈੱਸਟ ਵਜੋਂ ਆਯੂਸ਼ ਸਿਸਟਮ ਵਿੱਚ ਡਾਕਟਰ ਦੀ ਨੌਕਰੀ ਕਰਨ ਤੋਂ ਇਨਕਾਰ ਕਰਨ ਵਾਲੀ ਨੁਸਰਤ ਪ੍ਰਵੀਨ ਬਾਰੇ ਕੇਂਦਰੀ ਮੰਤਰੀ ਗਿਰੀਰਾਜ ਸਿੰਘ ਨੇ ਬੜੀ ਅਜੀਬ ਟਿੱਪਣੀ ਕੀਤੀ ਹੈ। ਉਨ੍ਹਾ ਕਿਹਾ ਹੈ, "ਨਿਤੀਸ਼ ਕੁਮਾਰ ਨੇ ਕੁਝ ਵੀ ਗਲਤ ਨਹੀਂ ਕੀਤਾ। ਜੇ ਕੋਈ ਨਿਯੁਕਤੀ-ਪੱਤਰ ਲੈਂਦਾ ਹੈ ਤਾਂ ਚਿਹਰਾ ਨਹੀਂ ਦਿਖਾਏਗਾ ?

• ਬਾਕੀ ਸਫਾ 2 'ਤੇ

## ਹਰਿਆਣਾ 'ਚ ਮਾਨ ਵਾਲੀ 'ਜਿਸ ਦਾ ਖੇਤ, ਉਸ ਦੀ ਰੇਤ' ਨੀਤੀ ਲਿਆਉਣ ਦੀ ਮੰਗ

**ਚੰਡੀਗੜ੍ਹ** : ਹਰਿਆਣਾ ਅਸੈਂਬਲੀ ਦੇ ਸਰਦ ਰੁੱਤ ਇਜਲਾਸ ਵਿੱਚ ਪੰਜਾਬ 'ਚ ਆਏ ਹੜ੍ਹਾਂ ਮਗਰੋਂ ਕਿਸਾਨਾਂ ਦੇ ਖੇਤਾਂ 'ਚ ਹੋਏ ਨੁਕਸਾਨ ਤੇ ਖੇਤਾਂ 'ਚ ਰੁੜ੍ਹ ਕੇ ਆਈ ਰੇਤ ਨੂੰ ਚੁੱਕਣ ਲਈ ਭਗਵੰਤ ਮਾਨ ਸਰਕਾਰ ਵੱਲੋਂ ਬਣਾਈ ਗਈ 'ਜਿਸ ਦਾ ਖੇਤ, ਉਸ ਦੀ ਰੇਤ' ਪਾਲਿਸੀ ਸੂਬੇ ਵਿੱਚ ਲਾਗੂ ਕਰਨ ਦੀ ਮੰਗ ਉੱਠੀ ਹੈ। ਪ੍ਰਸ਼ਨ ਕਾਲ ਦੌਰਾਨ ਸ਼ਾਹਬਾਦ ਤੋਂ ਵਿਧਾਇਕ ਰਾਮਕਰਣ ਕਾਲਾ ਨੇ ਇਹ ਮੁੱਦਾ ਚੁੱਕਿਆ। ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੇ ਪੰਜਾਬ ਸਰਕਾਰ ਦੀ ਤਰਜ਼ 'ਤੇ ਹਰਿਆਣਾ ਵਿੱਚ ਨੀਤੀ ਬਣਾਉਣ ਦੀ ਮੰਗ ਕੀਤੀ ਹੈ।

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੂੰ ਸਿੱਧੇ ਤੌਰ 'ਤੇ ਸੰਬੋਧਨ ਹੁੰਦਿਆਂ ਹੁੱਡਾ ਨੇ ਕਿਹਾ, "ਮੁੱਖ ਮੰਤਰੀ ਜੀ, ਕਿਰਪਾ ਕਰਕੇ ਹਾਂ ਜਾਂ ਨਾਂਹ ਵਿੱਚ ਜਵਾਬ ਦਿਓ।" ਮੁੱਖ ਮੰਤਰੀ ਨਰਮੀ ਨਾਲ ਮੁਸਕਰਾਏ ਪਰ ਕੋਈ ਜਵਾਬ ਨਹੀਂ ਦਿੱਤਾ। ਖਣਨ ਅਤੇ ਭੂ-ਵਿਗਿਆਨ ਮੰਤਰੀ ਕ੍ਰਿਸ਼ਨ ਲਾਲ ਪੰਵਾਰ ਦੀ ਗੈਰਹਾਜ਼ਰੀ ਵਿੱਚ ਉਨ੍ਹਾਂ ਵੱਲੋਂ ਜਵਾਬ ਦਿੰਦੇ ਹੋਏ ਕੈਬਨਿਟ ਮੰਤਰੀ ਕ੍ਰਿਸ਼ਨ

• ਬਾਕੀ ਸਫਾ 2 'ਤੇ

## ਏਟਕ ਵੱਲੋਂ ਬੈਂਕ ਤੇ ਬੀਮਾ ਖੇਤਰ ਦੀਆਂ ਟਰੇਡ ਯੂਨੀਅਨਾਂ ਨਾਲ ਯਕਜਹਿਤੀ ਦਾ ਪ੍ਰਗਟਾਵਾ

**ਲੁਧਿਆਣਾ (ਐੱਮ ਐੱਸ ਭਾਟੀਆ)**

ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ (ਏਟਕ) ਨੇ ਬੈਂਕ ਅਤੇ ਬੀਮਾ ਖੇਤਰ ਦੀਆਂ ਉਹਨਾਂ ਟਰੇਡ ਯੂਨੀਅਨਾਂ ਨਾਲ ਆਪਣੀ ਅਟੱਲ ਏਕਜੁਟਤਾ ਦਾ ਪ੍ਰਗਟਾਵਾ ਕੀਤਾ ਹੈ, ਜੋ ਦੇਸ਼ ਭਰ ਵਿੱਚ ਬੀਮਾ ਖੇਤਰ ਵਿੱਚ ਵਿਦੇਸ਼ੀ ਸਿੱਧੇ ਨਿਵੇਸ਼ (ਐੱਫ ਡੀ ਆਈ) ਦੀ ਸੀਮਾ 74 ਫੀਸਦੀ ਤੋਂ ਵਧਾ ਕੇ 100 ਫੀਸਦੀ ਕਰਨ ਵਾਲੇ ਬੀਮਾ ਸੋਧ ਬਿੱਲ ਦੇ ਖ਼ਿਲਾਫ਼ ਰੋਸ ਪ੍ਰਦਰਸ਼ਨ ਕਰ ਰਹੀਆਂ ਹਨ।

ਏਟਕ ਨੇ ਸੰਸਦ ਦੇ ਦੋਹਾਂ ਸਦਨਾਂ ਵੱਲੋਂ ਪਾਸ ਕੀਤੇ ਗਏ ਸਬਕਾ ਬੀਮਾ, ਸਬਕੀ ਰਕਸ਼ਾ (ਬੀਮਾ ਕਾਨੂੰਨਾਂ ਵਿੱਚ ਸੋਧ) ਬਿੱਲ 2025 ਦੀ ਕਰੜੀ ਨਿੰਦਾ ਕੀਤੀ ਹੈ ਅਤੇ ਇਸ ਨੂੰ ਰਾਸ਼ਟਰ ਵਿਰੋਧੀ ਅਤੇ ਲੋਕ ਵਿਰੋਧੀ ਕਰਾਰ ਦਿੱਤਾ ਹੈ। ਇਹ ਬਿੱਲ ਬੀਮਾ ਖੇਤਰ ਲਈ ਗੰਭੀਰ ਤੇ ਖ਼ਤਰਨਾਕ ਸੰਕੇਤ ਲੈ ਕੇ ਆਉਂਦਾ ਹੈ ਅਤੇ ਬੀਮਾ ਖੇਤਰ ਦੀ ਅਰਥ ਵਿਵਸਥਾ 'ਤੇ ਨਕਾਰਾਤਮਕ ਅਸਰ ਪੈਣ ਦੀ ਪੂਰੀ ਸੰਭਾਵਨਾ ਹੈ। ਇਸ ਬਿੱਲ ਦੀ ਆਤਮਾ ਅਤੇ ਮੂਲ ਭਾਵਨਾ ਭਾਰਤੀ ਅਰਥ ਵਿਵਸਥਾ ਜਾਂ ਪਾਲਿਸੀਧਾਰਕਾਂ ਦੇ ਹਿੱਤਾਂ ਨਾਲ ਨਹੀਂ, ਸਗੋਂ ਅੰਤਰਰਾਸ਼ਟਰੀ ਵਿੱਤੀ ਪੂੰਜੀ ਅਤੇ ਵਿਸ਼ਵ ਪੱਧਰੀ ਬੀਮਾ ਦਿੱਗਜ਼ਾਂ ਦੀਆਂ ਮੰਗਾਂ ਨਾਲ ਚਲਾਈ ਗਈ ਹੈ।ਬੀਮਾ ਖੇਤਰ ਰਾਸ਼ਟਰੀ ਬਚਤ, ਲੰਮੇ ਸਮੇਂ ਦੇ ਨਿਵੇਸ਼ ਅਤੇ ਸਮਾਜਿਕ ਸੁਰੱਖਿਆ ਦਾ ਇੱਕ ਰਣਨੀਤਕ ਸਤੰਭ ਹੈ। 100 ਫੀਸਦੀ ਵਿਦੇਸ਼ੀ ਮਲਕੀਅਤ ਦੀ ਇਜਾਜ਼ਤ ਦੇਣਾ ਰਾਜ ਦੀ ਸੰਪ੍ਰਭੂ ਜ਼ਿੰਮੇਵਾਰੀ ਤੋਂ ਜਾਣਬੁੱਝ ਕੇ ਹੱਥ ਖਿੱਚਣ ਦੇ ਬਰਾਬਰ ਹੈ, ਜਿਸ ਨਾਲ ਭਾਰਤੀ ਲੋਕਾਂ ਦੀ ਕਠਿਨ ਮਿਹਨਤ ਨਾਲ ਕਮਾਈ ਹੋਈ ਬਚਤ ਨੂੰ ਵਿਸ਼ਵ ਪੂੰਜੀ ਦੀ ਸੱਟੇਬਾਜ਼ੀ ਅਤੇ ਮੁਨਾਫ਼ਾ ਕੇਂਦਰਤ ਨੀਤੀਆਂ ਦੇ ਹਵਾਲੇ ਕਰ ਦਿੱਤਾ ਜਾਂਦਾ ਹੈ। ਇਹ ਸੋਧ ਵਿਸ਼ਵ ਬੀਮਾ

• ਬਾਕੀ ਸਫਾ 2 'ਤੇ

## ਨਵੇਂ ਬਿਲਡਿੰਗ ਬਾਈਲਾਅਜ਼ ਦਾ ਨੋਟੀਫਿਕੇਸ਼ਨ ਜਾਰੀ

**ਚੰਡੀਗੜ੍ਹ** : ਪੰਜਾਬ ਸਰਕਾਰ ਨੇ ਨਵੇਂ ਯੂਨੀਫਾਈਡ ਬਿਲਡਿੰਗ ਬਾਈਲਾਅਜ਼ ਦਾ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ, ਜਿਸ ਨਾਲ ਸੂਬੇ ਭਰ ਦੇ ਸ਼ਹਿਰੀ ਖੇਤਰਾਂ ਵਿੱਚ ਸਾਰੇ ਨਵੇਂ ਰਿਹਾਇਸ਼ੀ ਖੇਤਰਾਂ ਵਿੱਚ ਸਟੀਲਟ-ਪਲੱਸ-ਚਾਰ ਮੰਜ਼ਲਾਂ (ਬੇਸਮੈਂਟ ਵਿੱਚ ਪਾਰਕਿੰਗ ਤੇ ਬਾਕੀ ਚਾਰ ਮੰਜ਼ਲਾਂ 'ਤੇ ਰਿਹਾਇਸ਼) ਦੀ ਇਜਾਜ਼ਤ ਦਿੱਤੀ ਗਈ ਹੈ। ਪੰਜਾਬ ਕੈਬਨਿਟ ਨੇ ਇਸ ਨੂੰ 28 ਅਕਤੂਬਰ ਨੂੰ ਪਾਸ ਕੀਤਾ ਸੀ ਤੇ ਇਹ ਨਿਯਮ ਹੁਣ ਨੋਟੀਫਾਈ ਕੀਤੇ ਗਏ ਹਨ।

ਇਨ੍ਹਾਂ ਨਿਯਮਾਂ ਤਹਿਤ 200 ਵਰਗ ਗਜ਼ ਤੱਕ ਦੇ ਪਲਾਟ ਲਈ ਘੱਟੋ-ਘੱਟ 30 ਫੁੱਟ ਚੌੜੀਆਂ ਸੜਕਾਂ ਚਾਹੀਦੀਆਂ ਹਨ ਅਤੇ 200 ਵਰਗ ਗਜ਼ ਤੋਂ ਵੱਧ ਦੇ ਪਲਾਟਾਂ ਲਈ ਘੱਟੋ-ਘੱਟ ਸੜਕ ਦੀ ਚੌੜਾਈ 40 ਫੁੱਟ ਹੋਣੀ ਚਾਹੀਦੀ ਹੈ।

ਇਨ੍ਹਾਂ ਨਿਯਮਾਂ ਦੀ ਪਹਿਲਾਂ ਹੀ ਸ਼ਹਿਰੀ ਯੋਜਨਾਕਾਰਾਂ ਅਤੇ ਆਰਕੀਟੈਕਟਾਂ ਵੱਲੋਂ ਆਲੋਚਨਾ ਕੀਤੀ ਜਾ ਚੁੱਕੀ ਹੈ, ਜਿਨ੍ਹਾਂ ਨੂੰ ਲੱਗਦਾ ਹੈ ਕਿ ਇਸ ਨਾਲ ਸ਼ਹਿਰੀ ਖੇਤਰਾਂ ਵਿੱਚ ਘਣਤਾ ਵਧੇਗੀ। ਸਰਕਾਰ

• ਬਾਕੀ ਸਫਾ 2 'ਤੇ




19-DEC-PAGE-1.qxd 12/18/2025 11:10 PM Page 2



# ਪੈਨਸ਼ਨਰ ਸਿਹਤਮੰਦ ਸਮਾਜਿਕ ਕਦਰਾਂ ਕੀਮਤਾਂ ਦੇ ਵਾਹਕ ਬਣਨ : ਬੁੱਧ ਰਾਮ



**ਬਰੇਟਾ (ਰੀਤਵਾਲ)**-ਪੈਨਸ਼ਨਰ ਉਮਰ ਦੇ ਉਸ ਪੜਾਅ ’ਤੇ ਪਹੁੰਚ ਚੁੱਕਾ ਹੁੰਦਾ ਹੈ, ਜਦੋਂ ਚੰਗੀ ਸੱਭਿਅਤਾ ਤੇ ਚੰਗੀਆਂ ਸਮਾਜਿਕ ਕਦਰਾਂ-ਕੀਮਤਾਂ ਅਗਲੀ ਪੀੜ੍ਹੀ ਨੂੰ ਸੌਂਪਣ ਲਈ ਆਪਣਾ ਸਭ ਤੋਂ ਵੱਧ ਯੋਗਦਾਨ ਦੇ ਸਕਦਾ ਹੈ।ਆਪਣੀ ਨੌਕਰੀ ਦੌਰਾਨ ਸਮਾਜ ਤੋਂ ਜੋ ਕੁੱਝ ਪ੍ਰਾਪਤ ਕੀਤਾ ਹੁੰਦਾ ਹੈ, ਉਹ ਕੁੱਝ ਸਮਾਜ ਨੂੰ ਸੇਵਾ ਦੇ ਰੂਪ ਵਿੱਚ ਵਾਪਸ ਕਰਨਾ ਹੁੰਦਾ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਸ੍ਰੀ ਬੁੱਧ ਰਾਮ ਨੇ ਇੱਥੇ ਪਬਲਿਕ ਧਰਮਸ਼ਾਲਾ ਵਿੱਚ ਪੈਨਸ਼ਨਰ ਵੈੱਲਫੇਅਰ ਐਸੋਸੀਏਸ਼ਨ ਬਰੇਟਾ ਦੇ ਸਾਲਾਨਾ ਪੈਨਸ਼ਨਰ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ।ਇਸ ਸੰਸਥਾ ਵੱਲੋਂ ਹਰ ਸਾਲ ਕੌਮੀ ਪੈਨਸ਼ਨਰ ਦਿਵਸ ਵੱਡੇ ਪੱਧਰ ’ਤੇ ਮਨਾਇਆ ਜਾਂਦਾ ਹੈ।ਸਮਾਗਮ ਦੀ ਸ਼ੁਰੂਆਤ ਸਰਪ੍ਰਸਤ ਜਲਾਵਰ ਸਿੰਘ ਦੇ ਸਵਾਗਤੀ ਭਾਸ਼ਣ ਨਾਲ਼ ਹੋਈ।ਇਸ ਤੋਂ ਬਾਅਦ ਮਿਲਖ ਰਾਜ, ਭਵਾਨੀ ਸ਼ੰਕਰ ਗਰਗ, ਜੌਹਰੀ ਲਾਲ, ਗੁਰਚਰਨ ਸਿੰਘ ਜੇ ਈ, ਰਾਜਿੰਦਰ ਮਲੂਕਾ, ਗੁਰਦੀਪ ਸਿੰਘ ਮੰਡੇਰ, ਦਰਸ਼ਨ ਸਿੰਘ ਬਰੇਟਾ, ਜਰਨੈਲ ਸਿੰਘ ਬਰੇਟਾ, ਸੱਤ ਪ੍ਰਕਾਸ਼ ਸ਼ਰਮਾ, ਮੈਡਮ ਬਲਵਿੰਦਰ ਕੌਰ ਮੰਡੇਰ, ਨਿਰਮਲਾ ਰਾਣੀ ਆਦਿ ਬੁਲਾਰਿਆਂ ਨੇ ਪੈਨਸ਼ਨਰਾਂ ਦੀਆਂ ਮੰਗਾਂ ਦੇ ਨਾਲ਼ ਨਾਲ਼ ਸੰਸਥਾ ਤੇ ਸਮਾਜ ਦੀ ਤਰੱਕੀ ਵਿੱਚ ਬਣਦਾ ਯੋਗਦਾਨ ਪਾਉਣ ਲਈ ਵੱਧ ਤੋਂ ਵੱਧ ਯਤਨ ਕਰਨ ਦਾ ਸੱਦਾ ਦਿੱਤਾ।ਹਰ ਸਾਲ ਵਾਂਗ ਵੱਖ ਵੱਖ ਖੇਤਰਾਂ ਵਿੱਚ ਮਿਸਾਲੀ ਕੰਮ ਕਰਨ ਵਾਲੀਆਂ ਸ਼ਖ਼ਸੀਅਤਾਂ ਅਤੇ 65,70,75,80 ਤੇ 85 ਸਾਲ ਦੀ ਉਮਰ ਵਾਲ਼ੇ ਮੈਂਬਰਾਂ ਨੂੰ ਲੋਈਆਂ ਦੇ ਕੇ ਸਨਮਾਨਤ ਕੀਤਾ ਗਿਆ।ਇਸੇ ਤਰ੍ਹਾਂ ਇਸ ਮਹੀਨੇ ਜਨਮ ਦਿਨ ਵਾਲ਼ੇ ਮੈਂਬਰਾਂ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।ਸੰਸਥਾ ਦੇ ਖਜ਼ਾਨਚੀ ਗੁਲਜਾਰ ਸਿੰਘ ਨੇ ਬੀਤੇ ਸਾਲ ਦਾ ਵਿੱਤੀ ਲੇਖਾ ਜੋਖਾ ਪੇਸ਼ ਕੀਤਾ।ਅੰਤ ’ਚ ਪ੍ਰਧਾਨ ਮੇਲਾ ਸਿੰਘ ਮੰਡੇਰ ਨੇ ਸਭ ਦਾ ਧੰਨਵਾਦ ਕਰਨ ਦੇ ਨਾਲ਼ ਨਾਲ਼ ਵਿਧਾਇਕ ਸ੍ਰੀ ਬੁੱਧ ਰਾਮ ਤੋਂ ਮੰਗ ਕੀਤੀ ਕਿ ਸਭਾ ਲਈ ਪੈਨਸ਼ਨਰ ਭਵਨ ਲਈ ਥਾਂ ਦਿਵਾਉਣ ਦੀ ਕਰਵਾਈ ਜਲਦ ਮੁਕੰਮਲ ਕਰਵਾਈ ਜਾਵੇ।ਹਲਕਾ ਵਿਧਾਇਕ ਨੇ ਇਹ ਮੰਗ ਜਲਦ ਪੂਰੀ ਕਰਵਾ ਕੇ 5 ਲੱਖ ਰੁਪਏ ਦੀ ਉਸਾਰੀ ਗਰਾਂਟ ਦੇਣ ਦਾ ਐਲਾਨ ਵੀ ਕੀਤਾ।ਸਟੇਜ ਸਕੱਤਰ ਦੀ ਜ਼ਿੰਮੇਵਾਰੀ ਕ੍ਰਿਸ਼ਨ ਸਿੰਘ ਰੰਘੜਿਆਲ ਨੇ ਨਿਭਾਈ।

# ਪੰਜ ਪਿੰਡਾਂ ਦੇ ਸੈਂਕੜੇ ਕਿਸਾਨ ਬੀ ਕੇ ਯੂ ਏਕਤਾ (ਡਕੌਂਦਾ) ’ਚ ਹੋਏ ਸ਼ਾਮਲ



**ਫ਼ਿਰੋਜ਼ਪੁਰ (ਗੁਰਬਚਨ ਸਿੰਘ)**-ਫੱਤੇਵਾਲਾ, ਸਭਰਾ-1, ਆਲੇ ਵਾਲਾ, ਬਸਤੀ ਗਰੀਬ ਸਿੰਘ ਵਾਲੀ ਤੇ ਸਭਰਾ-2 ਦੇ ਸੈਂਕੜੇ ਕਿਸਾਨ ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਵਿਚ ਸ਼ਾਮਲ ਹੋ ਗਏ।ਸਭਰਾਵਾਂ ਦੇ ਇਤਿਹਾਸਕ ਗੁਰਦੁਆਰਾ ਸਾਹਿਬ ਵਿਖੇ ਹੋਏ ਇੱਕ ਵੱਡੇ ਇਕੱਠ ਦੌਰਾਨ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ, ਜਨਰਲ ਸਕੱਤਰ ਹਰਨੇਕ ਸਿੰਘ ਮਹਿਮਾ ਅਤੇ ਮੀਤ ਪ੍ਰਧਾਨ ਅਮਨਦੀਪ ਸਿੰਘ ਲਲਤੋਂ ਨੇ ਨਵੇਂ ਸਾਥੀਆਂ ਦਾ ਸਵਾਗਤ ਕਰਦਿਆਂ ਜਥੇਬੰਦੀ ਦੀ ਵਿਚਾਰਧਾਰਾ ਤੋਂ ਜਾਣੂ ਕਰਾਇਆ। ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ’ਤੇ ਵਾਅਦਾਖਿਲਾਫ਼ੀ ਦਾ ਦੋਸ਼ ਲਾਉਂਦਿਆਂ ਚਿਤਾਵਨੀ ਦਿੱਤੀ ਕਿ ਬਿਜਲੀ ਸੋਧ ਬਿੱਲ 2025 ਤੇ ਬੀਜ ਬਿੱਲ 2025 ਵਰਗੇ ਕਾਨੂੰਨ ਕਿਸਾਨੀ ਨੂੰ ਬਰਬਾਦ ਕਰ ਦੇਣਗੇ।ਉਨ੍ਹਾਂ ਕਿਹਾ ਕਿ ਜੇਕਰ ਬਿਜਲੀ ਬਿੱਲ ਪਾਸ ਹੁੰਦਾ ਹੈ ਤਾਂ ਪ੍ਰਾਈਵੇਟ ਕੰਪਨੀਆਂ ਦੀ ਲੁੱਟ ਵਧੇਗੀ ਤੇ ਸਬਸਿਡੀਆਂ ਖਤਮ ਹੋ ਜਾਣਗੀਆਂ।ਇਸੇ ਤਰ੍ਹਾਂ ਬੀਜ ਬਿੱਲ ਨਾਲ ਖੇਤੀ ’ਤੇ ਬਹੁਕੌਮੀ ਕੰਪਨੀਆਂ ਦਾ ਕਬਜ਼ਾ ਹੋ ਜਾਵੇਗਾ।ਮੀਤ ਪ੍ਰਧਾਨ ਅਮਨਦੀਪ ਲਲਤੋਂ ਨੇ ਨਵੇਂ ਲੇਬਰ ਕੋਡ ਅਤੇ ਮੁਕਤ ਵਪਾਰ ਸਮਝੌਤਿਆਂ ਦੇ ਖ਼ਤਰਿਆਂ ਬਾਰੇ ਦੱਸਦਿਆਂ ਕਿਹਾ ਕਿ ਇਨ੍ਹਾਂ ਨੀਤੀਆਂ ਨਾਲ ਮਜ਼ਦੂਰਾਂ ਦੇ ਹੱਕ ਖੋਹੇ ਜਾ ਰਹੇ ਹਨ ਤੇ ਵਿਦੇਸ਼ੀ ਸਸਤੀਆਂ ਵਸਤਾਂ ਭਾਰਤੀ ਮੰਡੀ ਵਿਚ ਆਉਣ ਨਾਲ ਸਥਾਨਕ ਕਿਸਾਨੀ ਤਬਾਹ ਹੋ ਜਾਵੇਗੀ।ਸੂਬਾ ਪ੍ਰਧਾਨ ਮਨਜੀਤ ਧਨੇਰ ਨੇ ਕਿਹਾ ਕਿ ਕਿਸਾਨਾਂ ਨੂੰ ਐੱਮਐੱਸਪੀ ਦੀ ਗਾਰੰਟੀ ਅਤੇ ਕਰਜ਼ਾ ਮੁਕਤੀ ਲਈ ਇਕਜੁਟ ਹੋ ਕੇ ਲੜਨਾ ਪਵੇਗਾ।ਪੰਜਾਂ ਪਿੰਡਾਂ ਦੇ ਕਿਸਾਨਾਂ ਨੇ ਜਥੇਬੰਦੀ ਦੀ ਅਗਵਾਈ ’ਚ ਹਰ ਸੰਘਰਸ਼ ਵਿੱਚ ਡਟ ਕੇ ਸਾਥ ਦੇਣ ਦਾ ਅਹਿਦ ਲਿਆ।

# ਸੰਦੀਪ ਵਿਰਕ ਨੇ ਜਿੱਤੀ ਚੋਣ



**ਸੁਨਾਮ (ਹਾਕਮ ਭੱਟੀ, ਅਸ਼ੋਕ ਬਾਂਸਲ)**-ਜ਼ੋਨ ਲਖਮੀਰਵਾਲਾ ਤੋਂ ਆਮ ਆਦਮੀ ਪਾਰਟੀ ਦੇ ਚੋਣ ਨਿਸ਼ਾਨ ਤੋਂ ਚੋਣ ਲੜ ਰਹੇ ਸੰਦੀਪ ਸਿੰਘ ਵਿਰਕ ਲਖਮੀਰਵਾਲਾ, ਜਿਨ੍ਹਾਂ ਵਿਰੋਧੀ ਤਿੰਨ ਉਮੀਦਵਾਰਾਂ ਨੂੰ ਪਿਛਾੜਦੇ ਹੋਏ ਇੱਕ ਵੱਡੀ ਜਿੱਤ ਹਾਸਿਲ ਕੀਤੀ ਹੈ। ਜਿੱਤਣ ਤੋਂ ਬਾਅਦ ਪਹਿਲਾਂ ਗੁਰੂ ਘਰ ਮੱਥਾ ਟੇਕਿਆ।

# ਈ ਟੀ ਟੀ ਅਧਿਆਪਕ ਯੂਨੀਅਨ ਨੇ ਮ੍ਰਿਤਕ ਅਧਿਆਪਕਾਂ ਦੇ ਪਰਵਾਰ ਨਾਲ ਕੀਤਾ ਦੁੱਖ ਸਾਂਝਾ



**ਕੋਟ ਈਸੇ ਖਾਂ (ਅਰੋੜਾ)**-ਈ ਟੀ ਟੀ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸ੍ਰ. ਜਸਵਿੰਦਰ ਸਿੰਘ ਸਿੱਧੂ, ਜ਼ਿਲ੍ਹਾ ਪ੍ਰਧਾਨ ਮਨਮੀਤ ਸਿੰਘ ਰਾਏ, ਬਲਾਕ ਪ੍ਰਧਾਨ ਰਣਜੀਤ ਸਿੰਘ ਤਖਤੂਪੁਰਾ, ਅਧਿਆਪਕ ਆਗੂ ਗੁਰਪ੍ਰੀਤ ਸਿੰਘ ਧੂੜਕੋਟ ਨੇ ਪਿਛਲੇ ਦਿਨੀਂ ਇਲੈਕਸ਼ਨ ਡਿਊਟੀ ਦੌਰਾਨ ਸ਼ਹੀਦ ਹੋਏ ਅਧਿਆਪਕ ਜਸਕਰਨ ਸਿੰਘ ਤੇ ਉਨ੍ਹਾਂ ਦੀ ਪਤਨੀ ਅਧਿਆਪਕਾ ਕਮਲਜੀਤ ਕੌਰ ਦੇ ਪਰਵਾਰ ਨਾਲ ਧੂੜਕੋਟ ਪਿੰਡ ਪਹੁੰਚ ਕੇ ਦੁੱਖ ਸਾਂਝਾ ਕੀਤਾ ਅਤੇ ਇਸ ਅਣਹੋਣੀ ਘਟਨਾ ’ਤੇ ਅਫਸੋਸ ਜ਼ਾਹਰ ਕਰਦਿਆਂ ਪ੍ਰਸ਼ਾਸਨ ਤੇ ਸਰਕਾਰ ਦੇ ਮਾੜੇ ਪ੍ਰਬੰਧਾਂ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾ ਸਿੱਖਿਆ ਮੰਤਰੀ ਤੋਂ ਮੰਗ ਕੀਤੀ ਕਿ ਦੋਵਾਂ ਬੱਚਿਆਂ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ ਤੇ ਆਫਰ ਲੈਟਰ ਭੋਗ ਤੋਂ ਪਹਿਲਾਂ ਜਾਰੀ ਕੀਤੇ ਜਾਣ।ਉਨ੍ਹਾਂ ਮੁੱਖ ਮੰਤਰੀ ਤੋਂ ਮੰਗ ਕੀਤੀ ਕਿ ਦੋਵਾਂ ਅਧਿਆਪਕਾਂ ਦੀ 1-1 ਕਰੋੜ ਦੀ ਰਾਸ਼ੀ ਭੋਗ ਉੱਤੇ ਬੱਚਿਆਂ ਨੂੰ ਦਿੱਤੀ ਜਾਵੇ।ਸ੍ਰ. ਜਸਵਿੰਦਰ ਸਿੰਘ ਸਿੱਧੂ ਨੇ ਆਪਣੇ ਵੱਲੋਂ ਦੋਵਾਂ ਬੱਚਿਆਂ ਨੂੰ ਆਫਰ ਦਿੱਤੀ ਕਿ ਦੋਵੇਂ ਬੱਚੇ ਉਨ੍ਹਾਂ ਦੇ ਸਕੂਲ ਕਿੰਗਜ਼ਵੇ ਗਲੋਬਲ ਸਕੂਲ ਕਿਸ਼ਨਪੁਰਾ ਵਿਖੇ ਫਰੀ ਪੜ੍ਹ ਸਕਦੇ ਹਨ।

# ਕਾਰ ਚੋਰੀ ਦੇ ਦੋਸ਼ ’ਚ ਦੋ ਗ੍ਰਿਫਤਾਰ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਫ਼ਤਹਿਗੜ੍ਹ ਸਾਹਿਬ ਪੁਲਸ ਵੱਲੋਂ ਦੋ ਵਿਅਕਤੀਆਂ ਨੂੰ ਚੋਰੀ ਕੀਤੀ ਕਾਰ ਸਮੇਤ ਗ੍ਰਿਫਤਾਰ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਹੈ।ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਫ਼ਤਹਿਗੜ੍ਹ ਸਾਹਿਬ ਦੇ ਐੱਸਐੱਚਓ ਥਾਣੇਦਾਰ ਇੰਦਰਜੀਤ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਮੁਖਬਰੀ ਮਿਲੀ ਸੀ ਕਿ ਅਜੇਪਾਲ ਸਿੰਘ ਵਾਸੀ ਮੰਡੀ ਗੋਬਿੰਦਗੜ੍ਹ, ਜੋ ਕਿ ਚੋਰੀਆਂ ਕਰਨ ਦਾ ਆਦੀ ਹੈ, ਫ਼ਤਹਿਗੜ੍ਹ ਸਾਹਿਬ ਤੋਂ ਚੋਰੀ ਕੀਤੀ ਗਈ ਇੱਕ ਮਰੂਤੀ ਕਾਰ ਲੈ ਕੇ ਆਪਣੇ ਇੱਕ ਹੋਰ ਸਾਥੀ ਸਤਨਾਮ ਸਿੰਘ ਵਾਸੀ ਸਰਹਿੰਦ ਸਮੇਤ ਫ਼ਤਹਿਗੜ੍ਹ ਸਾਹਿਬ ਤੋਂ ਚੁੰਨੀ ਵੱਲ ਨੂੰ ਜਾ ਰਿਹਾ ਹੈ। ਮੁਖ਼ਬਰੀ ਦੇ ਆਧਾਰ ’ਤੇ ਭੈਰੋਂਪੁਰ ਚੌਂਕ ਨਜ਼ਦੀਕ ਕੀਤੀ ਗਈ ਨਾਕਾਬੰਦੀ ਦੌਰਾਨ ਸਹਾਇਕ ਥਾਣੇਦਾਰ ਸੁਖਵਿੰਦਰ ਸਿੰਘ ਦੀ ਅਗਵਾਈ ਵਾਲੀ ਪੁਲਸ ਪਾਰਟੀ ਵੱਲੋਂ ਚੋਰੀਸ਼ੁਦਾ ਮਾਰੂਤੀ ਕਾਰ ’ਚ ਸਵਾਰ ਹੋ ਕੇ ਆ ਰਹੇ ਅਜੇਪਾਲ ਸਿੰਘ ਤੇ ਸਤਨਾਮ ਸਿੰਘ ਨੂੰ ਕਾਬੂ ਕਰ ਲਿਆ ਗਿਆ, ਜਿਨ੍ਹਾਂ ਨੂੰ ਇਸ ਸਬੰਧੀ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਦਰਜ ਕੀਤੇ ਗਏ ਮੁਕੱਦਮੇ ’ਚ ਗ੍ਰਿਫਤਾਰ ਕਰਕੇ ਮਾਮਲੇ ਦੀ ਤਫ਼ਤੀਸ਼ ਕੀਤੀ ਜਾ ਰਹੀ ਹੈ।

# ਸਟੈਪਿੰਗ ਸਟੋਨਜ਼ ਸਕੂਲ ’ਚ ਪੌਸ਼ਟਿਕ ਭੋਜਨ ਮੁਕਾਬਲੇ ਕਰਵਾਏ



**ਦੋਰਾਹਾ (ਹਰਮਿੰਦਰ ਸੇਠ)**-ਸਟੈਪਿੰਗ ਸਟੋਨਜ਼ ਸਕੂਲ ਵਿੱਚ ਬੱਚਿਆਂ ਵਿੱਚ ਸਿਹਤਮੰਦ ਜੀਵਨਸ਼ੈਲੀ ਨੂੰ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਪੌਸ਼ਟਿਕ ਭੋਜਨ ਮੁਕਾਬਲੇ ਦਾ ਸਫਲ ਆਯੋਜਨ ਕੀਤਾ ਗਿਆ।ਇਸ ਮੁਕਾਬਲੇ ਤਹਿਤ ਬੱਚਿਆਂ ਲਈ ਪੋਸ਼ਣ ਭਰਪੂਰ ਤੇ ਸੰਤੁਲਿਤ ਟਿਫ਼ਿਨ ਤਿਆਰ ਕਰਨ ਵਾਲੀਆਂ ਮਾਵਾਂ ਨੂੰ ਐਪ੍ਰੀਸੀਏਸ਼ਨ ਐਵਾਰਡ ਦੇ ਕੇ ਸਨਮਾਨਤ ਕੀਤਾ ਗਿਆ।ਇਸ ਮੌਕੇ ਮਾਵਾਂ ਨੇ ਸਮਾਰੋਹ ਦਾ ਭਰਪੂਰ ਆਨੰਦ ਮਾਣਿਆ ਤੇ ਸਕੂਲ ਪ੍ਰਬੰਧਨ ਦਾ ਖੁੱਲ੍ਹ ਕੇ ਧੰਨਵਾਦ ਕੀਤਾ ਕਿ ਉਨ੍ਹਾਂ ਦੀ ਮਿਹਨਤ ਤੇ ਬੱਚਿਆਂ ਦੀ ਪਰਵਿਰਸ਼ ਵਿੱਚ ਉਨ੍ਹਾਂ ਦੀ ਮਹੱਤਵਪੂਰਨ ਭੂਮਿਕਾ ਨੂੰ ਯੋਗ ਮਾਣ ਮਿਲਿਆ। ਇਸ ਸਮਾਰੋਹ ਦੌਰਾਨ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸਮਦੀਸ਼ ਤੇ ਪ੍ਰਿੰਸੀਪਲ ਜੋਤੀ ਸ਼ਰਮਾ ਨੇ ਕਿਹਾ ਕਿ ਬੱਚਿਆਂ ਦੀ ਸਿਹਤ, ਸਹੀ ਖ਼ੁਰਾਕ ਤੇ ਚੰਗੀਆਂ ਆਦਤਾਂ ਦੇ ਵਿਕਾਸ ਵਿੱਚ ਮਾਵਾਂ ਦਾ ਯੋਗਦਾਨ ਬਹੁਤ ਹੀ ਅਹਿਮ ਹੈ।ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੇ ਮੁਕਾਬਲੇ ਮਾਪਿਆਂ ਤੇ ਸਕੂਲ ਦਰਮਿਆਨ ਸਹਿਯੋਗ ਨੂੰ ਹੋਰ ਮਜ਼ਬੂਤ ਕਰਦੇ ਹਨ।ਸਮਾਰੋਹ ਦੇ ਅੰਤ ਵਿੱਚ ਮਾਵਾਂ ਦੀ ਮਿਹਨਤ, ਸਮਰਪਣ ਤੇ ਸਹਿਯੋਗ ਦੀ ਸਰਾਹਨਾ ਕਰਦਿਆਂ ਭਵਿੱਖ ਵਿੱਚ ਵੀ ਇਸ ਤਰ੍ਹਾਂ ਦੀਆਂ ਸਿਹਤਮੰਦ ਤੇ ਜਾਗਰੂਕਤਾ ਭਰੀਆਂ ਗਤੀਵਿਧੀਆਂ ਜਾਰੀ ਰੱਖਣ ਦਾ ਸੰਦੇਸ਼ ਦਿੱਤਾ ਗਿਆ।

# ਲੋਕ ਗਾਇਕ ਗੁਰਦਿਆਲ ਨਿਰਮਾਣ ਨੂੰ ਸਦਮਾ, ਪੋਤੇ ਦੀ ਮੌਤ

**ਧੂਰੀ (ਮਨੋਹਰ ਸਿੰਘ ਸੱਗੂ/ਮੋਹਿਤ ਗਰਗ)**-ਪੰਜਾਬੀ ਲੋਕ ਗਾਇਕ ਤੇ ਪੰਜਾਬੀ ਸਾਹਿਤ ਸਭਾ ਧੂਰੀ ਦੇ ਜਨਰਲ ਸਕੱਤਰ ਸਾਥੀ ਗੁਰਦਿਆਲ ਨਿਰਮਾਣ ਦਾ ਨੌਜਵਾਨ ਪੋਤਾ ਅਤੇ ਸੇਵਾ ਮੁਕਤ ਸਰਕਲ ਕਾਨੂੰਗੋ ਅਮਰਜੀਤ ਸਿੰਘ ਦਾ ਸਪੁੱਤਰ ਤੇ ਲੋਕ ਗਾਇਕ ਲਵਲੀ ਨਿਰਮਾਣ ਦਾ ਭਤੀਜਾ ਸਤਵੀਰ ਸਿੰਘ (39) ਅੱਜ ਅਚਾਨਕ ਸਦੀਵੀਂ ਵਿਛੋੜਾ ਦੇ ਗਿਆ।ਉਨ੍ਹਾਂ ਦਾ ਸਸਕਾਰ ਬਾਅਦ ਦੁਪਹਿਰ ਢਾਈ ਵਜੇ ਸਥਾਨਕ ਰਾਮ ਬਾਗ ਵਿਖੇ ਕੀਤਾ ਗਿਆ।ਵਿੱਛੜੀ ਰੂਹ ਦੀ ਅੰਤਿਮ ਯਾਤਰਾ ’ਚ ਸ਼ਹਿਰ ਦੀਆਂ ਵੱਖ ਵੱਖ ਸਮਾਜ ਸੇਵੀ ਤੇ ਧਾਰਮਿਕ ਸੰਸਥਾਵਾਂ ਅਤੇ ਰਾਜਨੀਤਕ ਪਾਰਟੀਆਂ ਦੇ ਆਗੂਆਂ, ਇਲਾਕੇ ਦੇ ਪਤਵੰਤਿਆਂ ਤੇ ਸ਼ਹਿਰ ਦੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਸ਼ਿਰਕਤ ਕੀਤੀ।

# ਗੁਰੂ ਹਰਸਹਾਏ ’ਚ ਪੰਚਾਇਤ ਸੰਮਤੀ ਨਤੀਜਿਆਂ ’ਚ ਕਾਂਗਰਸ ਦਾ ਹੱਥ ਰਿਹਾ ਉੱਪਰ

**ਗੁਰੂ ਹਰਸਹਾਏ (ਮਨਦੀਪ ਸਿੰਘ ਸੋਢੀ)**-ਬੀਤੇ 14 ਦਸੰਬਰ ਨੂੰ ਹੋਈਆਂ ਪੰਚਾਇਤ ਸੰਮਤੀ ਦੀਆਂ ਚੋਣਾਂ ਦੇ ਨਤੀਜੇ ਆ ਗਏ ਹਨ।ਹਲਕਾ ਗੁਰੂ ਹਰਸਹਾਏ ਵਿਖੇ ਪੰਚਾਇਤ ਸੰਮਤੀ ਦੀਆਂ ਚੋਣਾਂ ਦੌਰਾਨ 17 ਜ਼ੋਨ ਬਣਾਏ ਗਏ ਸਨ।ਜ਼ੋਨ 1 ਮੋਹਨ ਕੇ ਉਤਾੜ ਵਿੱਚ ਕਾਂਗਰਸੀ ਉਮੀਦਵਾਰ ਅਮਰਜੀਤ ਸਿੰਘ ਬੀਜੇਪੀ ਦੇ ਉਮੀਦਵਾਰ ਤੋਂ 20 ਵੋਟਾਂ ਦੇ ਫਰਕ ਦੇ ਨਾਲ ਜੇਤੂ ਰਿਹਾ।ਜ਼ੋਨ 2 ਪਿੰਡੀ ਵਿੱਚ ਕਾਂਗਰਸੀ ਉਮੀਦਵਾਰ ਰਸੀਲਾ ਰਾਣੀ ਅਕਾਲੀ ਉਮੀਦਵਾਰ ਸੁਰਜੀਤ ਕੌਰ ਤੋਂ 647 ਵੋਟਾਂ ਦੇ ਫਰਕ ਨਾਲ ਜੇਤੂ ਰਹੀ।ਜ਼ੋਨ 3 ਛਾਂਗਾ ਮਹਾਤਮ ਉਤਾੜ ਵਿੱਚ ਆਜ਼ਾਦ ਉਮੀਦਵਾਰ ਪੂਜਾ ਦੇਵੀ ਉਰਫ ਪੂਜਾ ਰਾਣੀ ਕਾਂਗਰਸੀ ਉਮੀਦਵਾਰ ਸਵਰਨ ਕੌਰ ਤੋਂ 588 ਵੋਟਾਂ ਦੇ ਫਰਕ ਨਾਲ ਜੇਤੂ ਰਹੀ।ਜ਼ੋਨ ਚਾਰ ਮੇਘਾ ਮਹਾਤਮ ਵਿੱਚ ਕਾਂਗਰਸੀ ਉਮੀਦਵਾਰ ਬਿਮਲਾ ਰਾਣੀ ‘ਆਪ’ ਉਮੀਦਵਾਰ ਕੁਲਵੰਤ ਕੌਰ ਤੋਂ 13 ਵੋਟਾਂ ਦੇ ਫਰਕ ਨਾਲ ਜੇਤੂ ਰਹੀ।ਜ਼ੋਨ ਪੰਜ ਮੇਘਾ ਪੰਜ ਗਰਾਈ ਹਿਠਾੜ ਵਿੱਚ ਪਰਮਜੀਤ ਕੌਰ ਅਕਾਲੀ ਉਮੀਦਵਾਰ ਸੁਰਜੀਤ ਕੌਰ ਪਤਨੀ ਕੁਲਵੰਤ ਸਿੰਘ ਕਾਂਗਰਸੀ ਉਮੀਦਵਾਰ ਤੋਂ 55 ਵੋਟਾਂ ਵੱਧ ਲੈ ਕੇ ਜੇਤੂ ਰਹੀ।ਇਸੇ ਤਰ੍ਹਾਂ ਜ਼ੋਨ ਛੇ ਨੌਂ ਬਹਿਰਾਮ ਸ਼ੇਰ ਸਿੰਘ ਵਾਲਾ ਵਿਖੇ ‘ਆਪ’ ਦਾ ਮਲੂਕ ਸਿੰਘ ਕਾਂਗਰਸੀ ਉਮੀਦਵਾਰ ਦਵਿੰਦਰ ਸਿੰਘ ਤੋਂ 338 ਵੋਟਾਂ ਵੱਧ ਲੈ ਕੇ ਜੇਤੂ ਰਿਹਾ।ਜ਼ੋਨ ਸੱਤ ਸਵਾਇਆ ਮਹਾਤਮ ਉਤਾੜ ਵਿੱਚ ਆਮ ਆਦਮੀ ਪਾਰਟੀ ਦੀ ਮਹਿੰਦਰੋ ਬਾਈ ਬੀਜੇਪੀ ਦੀ ਦਿਆਲੋ ਬਾਈ ਤੋਂ 221 ਵੋਟਾਂ ਦੇ ਫਰਕ ਨਾਲ ਜੇਤੂ ਰਹੀ।ਜ਼ੋਨ ਨੰਬਰ ਅੱਠ ਪੰਜੇ ਕੇ ਉਤਾੜ ’ਚ ਸਵਰਨਾ ਰਾਣੀ ਆਮ ਆਦਮੀ ਪਾਰਟੀ ਤੇ ਪਰਮਜੀਤ ਸਿੰਘ ਬੀਜੇਪੀ ਵਿੱਚ ਮੁਕਾਬਲਾ ਰਿਹਾ, ਜਿਸ ’ਚ ਆਪ ਉਮੀਦਵਾਰ 145 ਵੋਟਾਂ ਦੇ ਫਰਕ ਨਾਲ ਜੇਤੂ ਰਿਹਾ।ਜ਼ੋਨ ਨੰਬਰ ਨੌਂ ਜੀਵਾਂ ਅਰਾਈਂ ਵਿੱਚ ‘ਆਪ’ ਉਮੀਦਵਾਰ ਅਮਰੀਕ ਸਿੰਘ ਅਕਾਲੀ ਦਲ ਦੇ ਉਮੀਦਵਾਰ ਇਕਬਾਲ ਚੰਦ ਨੂੰ 242 ਵੋਟਾਂ ਨਾਲ ਹਰਾ ਕੇ ਜੇਤੂ ਰਿਹਾ।ਜ਼ੋਨ ਦਸ ਨਿਧਾਨਾ ਵਿੱਚ ਕਾਂਗਰਸੀ ਉਮੀਦਵਾਰ ਸੁਖਚੈਨ ਸਿੰਘ ਅਕਾਲੀ ਦਲ ਦੇ ਰਮਨ ਕੁਮਾਰ ਨੂੰ 540 ਵੋਟਾਂ ਨਾਵ ਹਰ ਕੇ ਜੇਤੂ ਰਿਹਾ।ਜ਼ੋਨ ਨੰਬਰ ਗਿਆਰਾਂ ਝਾੜੀ ਵਾਲਾ ਵਿੱਚ ਅਕਾਲੀ ਦਲ ਦੀ ਜੰਗੀਰ ਕੌਰ ਕਾਂਗਰਸੀ ਉਮੀਦਵਾਰ ਹਰਵਿੰਦਰ ਕੌਰ ਨੂੰ 217 ਵੋਟਾਂ ਨਾਲ ਹਰਾ ਕੇ ਜੇਤੂ ਰਹੀ। ਜ਼ੋਨ ਨੰਬਰ ਬਾਰਾਂ ਸੋਹਨਗੜ੍ਹ ਵਿੱਚ ਅਮਰੀਕ ਸਿੰਘ ਕਾਂਗਰਸ ਤੇ ਵੀਰਪਾਲ ਕੌਰ ਅਕਾਲੀ ਦਲ ਵਿੱਚ ਮੁਕਾਬਲਾ ਰਿਹਾ, ਜਿਸ ’ਚ ਕਾਂਗਰਸੀ ਉਮੀਦਵਾਰ 349 ਵੋਟਾਂ ਦੇ ਨਾਲ ਜੇਤੂ ਰਿਹਾ। ਜ਼ੋਨ ਨੰਬਰ 13 ਬਸਤੀ ਝੰਡੂਵਾਲਾ ਵਿੱਚ ਮੁੱਖਾ ਸਿੰਘ ਕਾਂਗਰਸ ਤੇ ਦੁੱਲਾ ਰਾਮ ‘ਆਪ’ ਦੇ ਉਮੀਦਵਾਰ ਵਿੱਚ ਮੁਕਾਬਲਾ ਰਿਹਾ, ਜਿਸ ’ਚ 376 ਵੋਟਾਂ ਦੇ ਨਾਲ ਕਾਂਗਰਸੀ ਉਮੀਦਵਾਰ ਜੇਤੂ ਰਿਹਾ।ਜ਼ੋਨ 14 ਲੈਪੋ ਵਿੱਚ ਸਿਮਰਨ ਰਾਣੀ ਕਾਂਗਰਸ ਉਮੀਦਵਾਰ ਤੇ ਕਿਰਨਵੀਰ ਕੌਰ ਅਕਾਲੀ ਉਮੀਦਵਾਰ ਵਿੱਚ ਮੁਕਾਬਲਾ ਰਿਹਾ, ਜਿਸ ’ਚ ਕਾਂਗਰਸੀ ਉਮੀਦਵਾਰ 186 ਵੋਟਾਂ ਦੇ ਫਰਕ ਨਾਲ ਜੇਤੂ ਰਹੀ।ਜ਼ੋਨ 15 ਬਾਘੂ ਵਾਲਾ ਆਸ਼ਾ ਰਾਣੀ ਕਾਂਗਰਸ ਤੇ ਜੋਗਿੰਦਰ ਸਿੰਘ ਅਕਾਲੀ ਉਮੀਦਵਾਰ ਵਿੱਚ ਮੁਕਾਬਲਾ ਰਿਹਾ, ਜਿਸ ਵਿੱਚ 439 ਵੋਟਾਂ ਦੇ ਨਾਲ ਕਾਂਗਰਸ ਉਮੀਦਵਾਰ ਜੇਤੂ ਰਹੀ।ਇਸੇ ਤਰ੍ਹਾਂ ਜ਼ੋਨ 16 ਕੋਹਰ ਸਿੰਘ ਵਾਲਾ ਤੋਂ ਜਸਵਿੰਦਰ ਸਿੰਘ ਅਕਾਲੀ ਦਾਲ ਤੇ ਸੁਰਿੰਦਰ ਸਿੰਘ ਕਾਂਗਰਸ ਉਮੀਦਵਾਰ ਵਿੱਚ ਮੁਕਾਬਲਾ ਰਿਹਾ, ਜਿਸ ਵਿੱਚ ਅਕਾਲੀ ਉਮੀਦਵਾਰ 128 ਵੋਟਾਂ ਨਾਲ ਜੇਤੂ ਰਿਹਾ।ਇਸੇ ਤਰ੍ਹਾਂ ਜ਼ੋਨ 17 ਮਾੜੇ ਕਲਾਂ ਵਿੱਚ ਕਾਂਗਰਸੀ ਉਮੀਦਵਾਰ ਬਿਮਲਾ ਰਾਣੀ ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਪਰਮਜੀਤ ਕੌਰ ਵਿਚਕਾਰ ਮੁਕਾਬਲਾ ਰਿਹਾ, ਜਿਸ ’ਚ 472 ਵੋਟਾਂ ਦੇ ਫਰਕ ਨਾਲ ਕਾਂਗਰਸੀ ਉਮੀਦਵਾਰ ਜੇਤੂ ਰਿਹਾ।

# ਅੱਜ-ਨਾਮਾ

ਖੇਡ ਰਿਹਾ ਰਾਮ ਦੇ ਨਾਮ ਨਾਲ ਖੇਡ ਕੋਈ,
ਵਰਤਿਆ ਕਿਸੇ ਆ ਗਾਂਧੀ ਦਾ ਨਾਮ ਬੇਲੀ।
ਰੌਲਾ ਸੁਬਹਾ ਤੋਂ ਇਹੀ ਤਾਂ ਸੁਣਨ ਲੱਗਦਾ,
ਇਹੀਓ ਸੁਣਦਿਆਂ ਪੈਂਦੀ ਆ ਸ਼ਾਮ ਬੇਲੀ।
ਹਰ ਇੱਕ ਬਾਤ ਕੁੜਿੱਕੀ ਦਾ ਬਣੀ ਕਾਰਨ,
ਅਮਲੀ ਕੰਮ ਸਭ ਰਹਿੰਦੇ ਆ ਜਾਮ ਬੇਲੀ।
ਆਪਣਾ ਜ਼ਿੰਮਾ ਨਾ ਕਦੀ ਕੋਈ ਮੰਨਦਾ ਈ,
ਦੂਸਰੇ ਉੱਤੇ ਨੇ ਲਾਉਂਦੇ ਇਲਜ਼ਾਮ ਬੇਲੀ।
ਫਸੀ ਚਿੱਕੜ ਵਿੱਚ ਭਾਰਤ ਦੀ ਗੱਡ ਦਿੱਸੇ,
ਨਿਕਲਦੀ ਅੱਗੇ ਨਾ ਪਿੱਛੇ ਵੀ ਜਾਏ ਬੇਲੀ।
ਕਿਹੜੀ ਬਾਤ ਤੋਂ ਉਲਝ ਰਹੀ ਰਾਜਨੀਤੀ,
ਇਹ ਹੀ ਲੋਕਾਂ ਨੂੰ ਸਮਝ ਨਾ ਆਏ ਬੇਲੀ।

-ਤੀਸ ਮਾਰ ਖਾਂ

# ਮਲਕ ਜ਼ੋਨ ਤੋਂ ਬਲਾਕ ਸੰਮਤੀ ਦੀ ਆਜ਼ਾਦ ਉਮੀਦਵਾਰ ਪਵਨਪ੍ਰੀਤ ਕੌਰ ਜੇਤੂ



**ਜਗਰਾਉਂ (ਸੰਜੀਵ ਅਰੋੜਾ)**-ਪਿੰਡ ਮਲਕ ਜ਼ੋਨ ਤੋਂ ਬਲਾਕ ਸੰਮਤੀ ਦੀ ਆਜ਼ਾਦ ਉਮੀਦਵਾਰ ਬੀਬੀ ਪਵਨਪ੍ਰੀਤ ਕੌਰ ਵਿਰੋਧੀਆਂ ਨੂੰ ਪਛਾੜਦੇ ਹੋਏ ਜੇਤੂ ਰਹੀ। ਬੀਬੀ ਪਵਨਪ੍ਰੀਤ ਕੌਰ ਪਤਨੀ ਇਕਬਾਲ ਸਿੰਘ ਰਾਏ ਨੂੰ 941 ਵੋਟਾਂ ਮਿਲੀਆਂ, ਜਦਕਿ ਅਕਾਲੀ ਦਲ ਨੂੰ 599 ਤੇ ਆਪ ਨੂੰ ਸਿਰਫ਼ 203 ਵੋਟਾਂ ਮਿਲੀਆਂ, ਜਿਸ ਕਰਕੇ ਬੀਬੀ ਪਵਨਪ੍ਰੀਤ ਕੌਰ 342 ਵੋਟਾਂ ਦੇ ਵੱਡੇ ਫ਼ਰਕ ਨਾਲ ਜਿੱਤ ਹਾਸਲ ਕੀਤੀ। ਇਸ ਜਿੱਤ ਦਾ ਸਿਹਰਾ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਸੀਨੀਅਰ ਆਗੂ ਤੇ ਟਰੱਕ ਯੂਨੀਅਨ ਜਗਰਾਉਂ ਦੇ ਸਾਬਕਾ ਪ੍ਰਧਾਨ ਬਾਈ ਗੁਰਬਿੰਦਰ ਸਿੰਘ ਮਨੀਲਾ ਸਿਰ ’ਤੇ ਜਾਂਦਾ ਹੈ, ਕਿਉਂਕਿ ਇਸ ਪਰਵਾਰ ਦੀ ਬਾਈ ਮਨੀਲਾ ਨਾਲ ਬਹੁਤ ਜ਼ਿਆਦਾ ਨੇੜਤਾ ਹੈ ਤੇ ਬਾਈ ਮਨੀਲਾ ਨੇ ਇਸ ਨੂੰ ਜਿਤਾਉਣ ਲਈ ਦਿਨ-ਰਾਤ ਮਿਹਨਤ ਕੀਤੀ। ਜਿਓਂ ਹੀ ਬੀਬੀ ਪਵਨਪ੍ਰੀਤ ਕੌਰ ਦੀ ਜਿੱਤ ਦਾ ਐਲਾਨ ਹੋਇਆ ਤਾਂ ਪਿੰਡ ਮਲਕ ’ਚ ਖੁਸ਼ੀ ਦੀ ਲਹਿਰ ਦੌੜ ਗਈ। ਇਸ ਮੌਕੇ ਬਾਈ ਬਿੰਦਰ ਮਨੀਲਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਵੱਲੋਂ ਜਗਰਾਉਂ ਵਿਧਾਨ ਸਭਾ ਹਲਕੇ ’ਚ ਸਾਫ਼ ਸੁਥਰੀ ਦਿੱਖ ਵਾਲੇ ਉਮੀਦਵਾਰ ਦੀ ਮਦਦ ਕੀਤੀ ਗਈ ਹੈ ਤੇ ਉਨ੍ਹਾਂ ਉਮੀਦਵਾਰਾਂ ਨੇ ਬੜੀ ਸ਼ਾਨ ਨਾਲ ਜਿੱਤ ਹਾਸਲ ਕੀਤੀ। ਇਸ ਜਿੱਤ ਦੀ ਖ਼ੁਸ਼ੀ ’ਤੇ ਸਰਪੰਚ ਬਾਈ ਗੁਰਬਿੰਦਰ ਸਿੰਘ ਬਿੰਦਰ ਮਨੀਲਾ, ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਜਗਤਾਰ ਸਿੰਘ ਜੱਗਾ ਹਿੱਸੋਵਾਲ, ਬਲਾਕ ਦਿਹਾਤੀ ਪ੍ਰਧਾਨ ਨਵਦੀਪ ਸਿੰਘ ਗਰੇਵਾਲ, ਸੀਨੀਅਰ ਕਾਂਗਰਸੀ ਆਗੂ ਰਾਜੇਸ਼ਇੰਦਰ ਸਿੰਘ ਸਿੱਧੂ ਤੇ ਹਰਿੰਦਰ ਸਿੰਘ ਚਾਹਲ ਨੇ ਬੀਬੀ ਪਵਨਪ੍ਰੀਤ ਕੌਰ ਨੂੰ ਵਧਾਈਆਂ ਦਿੱਤੀਆਂ। ਇਸ ਮੌਕੇ ਬੀਬੀ ਪਵਨਪ੍ਰੀਤ ਕੌਰ ਤੇ ਇਕਬਾਲ ਸਿੰਘ ਨੇ ਜ਼ੋਨ ਮਲਕ ਦੇ ਵੋਟਰਾਂ ਤੇ ਸਪੋਰਟਰਾਂ ਦਾ ਧੰਨਵਾਦ ਕੀਤਾ।

# ਪੰਜਾਬੀ ਯੂਨੀਵਰਸਿਟੀ ਦੇ ਵਿਹੜੇ ਖਿੜੀ 80 ਕਿਸਮਾਂ ਦੀ ਗੁਲਦਾਉਦੀ

**ਪਟਿਆਲਾ (ਰਾਜਿੰਦਰ ਥਿੰਦ)**

ਪੰਜਾਬੀ ਯੂਨੀਵਰਸਿਟੀ ਵਿਖੇ ਹਰ ਸਾਲ ਦੀ ਤਰ੍ਹਾਂ ਗੁਲਦਾਉਦੀ ਨੁਮਾਇਸ਼ ਲਾਈ ਗਈ।ਇਸ 15ਵੀਂ ਗੁਲਦਾਉਦੀ ਨੁਮਾਇਸ਼ ਦਾ ਉਦਘਾਟਨ ਉਪ-ਕੁਲਪਤੀ ਡਾ. ਜਗਦੀਪ ਸਿੰਘ ਵੱਲੋਂ ਕੀਤਾ ਗਿਆ।ਡੀਨ ਅਕਾਦਮਿਕ ਮਾਮਲੇ ਪ੍ਰੋ. ਜਸਵਿੰਦਰ ਸਿੰਘ ਬਰਾੜ, ਰਜਿਸਟਰਾਰ ਡਾ. ਦਵਿੰਦਰਪਾਲ ਸਿੰਘ ਸਿੱਧੂ, ਵਿੱਤ ਅਫ਼ਸਰ ਡਾ. ਪ੍ਰਮੋਦ ਅੱਗਰਵਾਲ ਤੇ ਹੋਰ ਅਧਿਕਾਰੀ ਮੌਜੂਦ ਰਹੇ।ਜ਼ਿਕਰਯੋਗ ਹੈ ਕਿ ਪੰਜਾਬੀ ਯੂਨੀਵਰਸਿਟੀ ਕੈਂਪਸ ਹਰੇਕ ਸਾਲ ਇਨ੍ਹੀ ਦਿਨੀਂ ਗੁਲਦਾਉਦੀ ਦੇ ਰੰਗ-ਬਰੰਗੇ ਫੁੱਲਾਂ ਨਾਲ਼ ਹੋਰ ਖਿੜ ਉੱਠਦਾ ਹੈ।ਯੂਨੀਵਰਸਿਟੀ ਦੇ ਬਾਗਬਾਨੀ ਵਿਭਾਗ ਦੀ ਦੇਖ-ਰੇਖ ਵਿੱਚ ਉਗਾਈਆਂ ਗੁਲਦਾਉਦੀ ਦੀਆਂ ਵੱਖ-ਵੱਖ ਵੰਨਗੀਆਂ ਇਸ ਪ੍ਰਦਰਸ਼ਨੀ ਦਾ ਸ਼ਿੰਗਾਰ ਬਣਦੀਆਂ ਹਨ।ਯੂਨੀਵਰਸਿਟੀ ਦੇ ਉਸਾਰੀ ਵਿਭਾਗ ਦੀ ਬਾਗਬਾਨੀ ਸਬ-ਡਿਵੀਜ਼ਨ ਵੱਲੋਂ ਗੁਲਦਾਉਦੀ ਦੀਆਂ ਇਨ੍ਹਾਂ ਵੰਨਗੀਆਂ ਨੂੰ ਪ੍ਰਦਰਸ਼ਤ ਕਰਨ ਦੇ ਮਕਸਦ ਨਾਲ਼ ਇਹ ਗੁਲਦਾਉਦੀ ਨੁਮਾਇਸ਼ ਲਾਈ ਜਾਂਦੀ ਹੈ।

ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਇਸ ਨੁਮਾਇਸ਼ ’ਚ ਸ਼ਾਮਲ ਵੱਖ-ਵੱਖ ਕਿਸਮਾਂ ਦੀ ਗੁਲਦਾਉਦੀ ਦੀ ਵਿਸ਼ੇਸ਼ ਤੌਰ ’ਤੇ ਸ਼ਲਾਘਾ ਕਰਦਿਆਂ ਕਿਹਾ ਕਿ ਪੰਜਾਬੀ ਯੂਨੀਵਰਸਿਟੀ ਕੈਂਪਸ ਨੂੰ ਖ਼ੂਬਸੂਰਤ ਤੇ ਰਮਣੀਕ ਬਣਾਉਣ ਵਿੱਚ ਇਨ੍ਹਾਂ ਫੁੱਲਾਂ ਤੇ ਪੌਦਿਆਂ ਦਾ ਵਿਸ਼ੇਸ਼ ਮਹੱਤਵ ਹੈ।ਇਸ ਲਈ ਇਨ੍ਹਾਂ ਦੇ ਇਸ ਤਰ੍ਹਾਂ ਖਿੜਨ ਨੂੰ ਨੁਮਾਇਸ਼ ਦੇ ਰੂਪ ਵਿੱਚ ਇੱਕ ਜਸ਼ਨ ਵਜੋਂ ਮਨਾਉਣਾ ਚਾਹੀਦਾ ਹੈ।ਇਸ ਨਾਲ ਜਿੱਥੇ ਵਿਦਿਆਰਥੀ, ਕਰਮਚਾਰੀ ਤੇ ਹੋਰ ਸਭ ਲੋਕ ਇਨ੍ਹਾਂ ਵੱਖ-ਵੱਖ ਵੰਨਗੀਆਂ ਦੇ ਫੁੱਲਾਂ ਦੀ ਖ਼ੂਬਸੂਰਤੀ ਨੂੰ ਇਕੱਠਿਆਂ ਮਾਣ ਸਕਦੇ ਹਨ, ਉੱਥੇ ਹੀ ਅਜਿਹੀ ਨੁਮਾਇਸ਼ ਬਹੁਤ ਸਾਰੇ ਲੋਕਾਂ ਲਈ ਹੋਰ ਫੁੱਲ ਅਤੇ ਪੌਦੇ ਉਗਾਉਣ ਪੱਖੋਂ ਪ੍ਰੇਰਨਾ ਵੀ ਬਣਦੀ ਹੈ।



ਉਪ ਮੰਡਲ ਇੰਜਨੀਅਰ (ਬਾਗਬਾਨੀ) ਰਜਿੰਦਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਇਸ ਨੁਮਾਇਸ਼ ’ਚ ਗੁਲਦਾਉਦੀ ਦੀਆਂ ਲਗਭਗ 80 ਕਿਸਮਾਂ ਪ੍ਰਦਰਸ਼ਤ ਕੀਤੀਆਂ ਗਈਆਂ ਹਨ, ਜੋ 1200 ਦੇ ਕਰੀਬ ਗਮਲਿਆਂ ’ਚ ਵੱਖ-ਵੱਖ ਸ਼੍ਰੇਣੀਆਂ ਅਨੁਸਾਰ ਰੱਖੀਆਂ ਗਈਆਂ ਹਨ। ਕਾਰਜਕਾਰੀ ਇੰਜਨੀਅਰ ਨਰੇਸ਼ ਕੁਮਾਰ ਮਿੱਤਲ ਵੱਲੋਂ ਦੱਸਿਆ ਗਿਆ ਕਿ ਇਸ ਪ੍ਰਦਰਸ਼ਨੀ ਨੂੰ ਯੂਨੀਵਰਸਿਟੀ ਵਿਦਿਆਰਥੀਆਂ, ਮੁਲਾਜ਼ਮਾਂ ਤੇ ਅਧਿਆਪਨ ਫ਼ੈਕਲਟੀ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

# ਬਹੁਜਨ ਮੁਕਤੀ ਪਾਰਟੀ ਵੱਲੋਂ ਚੋਣਾਂ ’ਚ ਸ਼ਾਨਦਾਰ ਪ੍ਰਦਰਸ਼ਨ

**ਮਾਨਸਾ (ਆਤਮਾ ਸਿੰਘ ਪਮਾਰ)**-ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ ਦੌਰਾਨ ਬਹੁਜਨ ਮੁਕਤੀ ਪਾਰਟੀ ਵੱਲੋਂ ਬਲਾਕ ਸੰਮਤੀ ਜ਼ੋਨ ਬੁਰਜ ਰਾਠੀ ਤੋਂ ਆਪਣੇ ਉਮੀਦਵਾਰ ਸੰਤੋਖ ਸਿੰਘ ਨੂੰ ਚੋਣ ਮੈਦਾਨ ’ਚ ਉਤਾਰਿਆ ਗਿਆ ਸੀ।ਪਾਰਟੀ ਦੇ ਸੂਬਾਈ ਮੀਤ ਪ੍ਰਧਾਨ ਜਸਵੰਤ ਸਿੰਘ ਮਾਨਸਾ ਨੇ ਦੱਸਿਆ ਕਿ ਆਮ ਘਰ ਦੇ ਇਸ ਨੌਜਵਾਨ ਆਗੂ ਨੇ ਬੜੇ ਹੀ ਸਧਾਰਨ ਢੰਗ ਨਾਲ ਆਪਣੀ ਚੋਣ ਮੁਹਿੰਮ ਚਲਾਈ ਤੇ ਵੋਟਰਾਂ ਕੋਲ ਆਪਣੀ ਗੱਲ ਲੈ ਕੇ ਗਿਆ।ਉਨ੍ਹਾਂ ਰਵਾਇਤੀ ਪਾਰਟੀਆਂ ਦੇ ਪਿਛੋਕੜ ਤੇ ਕਿਰਦਾਰ ਨੂੰ ਜਨਤਕ ਕਚਹਿਰੀ ’ਚ ਦਲੀਲਾਂ ਸਹਿਤ ਨੰਗਾ ਕੀਤਾ। ਉਨ੍ਹਾਂ ਦੱਸਿਆ ਕਿ ਇਸ ਪੰਚਾਇਤ ਸੰਮਤੀ ਬੁਰਜ ਰਾਠੀ ਅਧੀਨ ਬੁਰਜ ਰਾਠੀ ਤੇ ਖੜਕ ਸਿੰਘ ਵਾਲਾ ਸਿਰਫ਼ ਦੋ ਪਿੰਡ ਹੀ ਆਉਂਦੇ ਹਨ।ਇਨ੍ਹਾਂ ਦੋਵਾਂ ਪਿੰਡਾਂ ਤੋਂ ਸੰਤੋਖ ਸਿੰਘ ਬੁਰਜਰਾਠੀ ਨੂੰ 525 ਵੋਟਾਂ ਮਿਲੀਆਂ, ਜੋ ਪਹਿਲੀ ਵਾਰ ਮੈਦਾਨ ’ਚ ਉੱਤਰੇ ਉਮੀਦਵਾਰ ਤੇ ਪਾਰਟੀ ਦੀ ਚੰਗੀ ਪ੍ਰਾਪਤੀ ਕਹੀ ਜਾ ਸਕਦੀ ਹੈ, ਕਿਉਂਕਿ ਬਹੁਜਨ ਮੁਕਤੀ ਪਾਰਟੀ ਨੇ ਇਕਲੌਤਾ ਉਮੀਦਵਾਰ ਹੀ ਮੈਦਾਨ ’ਚ ਉਤਾਰਿਆ ਸੀ, ਜਿਸ ਨੂੰ ਲੋਕਾਂ ਨੇ ਵੱਡਾ ਮਾਣ-ਸਤਿਕਾਰ ਬਖ਼ਸ਼ਿਆ ਹੈ।ਇਸ ਸਮੇਂ ਉਮੀਦਵਾਰ ਅਤੇ ਪਾਰਟੀ ਆਗੂਆਂ ਨੇ ਸਮੁੱਚੇ ਵੋਟਰਾਂ ਅਤੇ ਸਪੋਰਟਰਾਂ ਧੰਨਵਾਦ ਵੀ ਕੀਤਾ।

## ਰੰਗਦਾਰ ਵਿਸ਼ੇਸ਼ ਸਪਲੀਮੈਂਟ



ਜਗਦੀਸ਼ ਰਾਏ ਮਾਛੀਵਾੜਾ 98552-08112



ਸ਼ੈਂਕੀ ਸ਼ਰਮਾ ਮਾਛੀਵਾੜਾ 98557-76622

ਸ਼ਹੀਦੀ ਜੋੜ ਮੇਲ ਨੂੰ ਸਮਰਪਿਤ ਵਿਸ਼ੇਸ਼ ਸਪਲੀਮੈਂਟ 24 ਦਸੰਬਰ ਨੂੰ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਛਪਣਯੋਗ ਸਮੱਗਰੀ ਦੇਣ ਲਈ ਸਾਡੇ ਇਨ੍ਹਾਂ ਪੱਤਰਕਾਰਾਂ ਨਾਲ ਸੰਪਰਕ ਕੀਤਾ ਜਾਵੇ।

-ਜਨਰਲ ਮੈਨੇਜਰ

# ‘ਯੂਥ ਅਗੇਂਸਟ ਡਰੱਗ’ ਮੁਹਿੰਮ ਅਧੀਨ ਜਾਗਰੂਕਤਾ ਰੈਲੀ



**ਸੰਗਰੂਰ (ਪ੍ਰਵੀਨ ਸਿੰਘ)**-ਸ਼੍ਰੀ ਮੁਨੀਸ਼ ਸਿੰਗਲ, ਜ਼ਿਲ੍ਹਾ ਤੇ ਸੈਸ਼ਨਜ਼ ਜੱਜ-ਸਹਿਤ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਰਹਿਨੁਮਾਈ ਹੇਠ ਤੇ ਮੈਡਮ ਦਲਜੀਤ ਕੌਰ, ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਦੀ ਅਗਵਾਈ ਹੇਠ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਦੀ ‘ਯੂਥ ਅਗੇਂਸਟ ਡਰੱਗ’ ਮੁਹਿੰਮ ਦੇ ਹਿੱਸੇ ਵਜੋਂ ਨਸ਼ਿਆਂ ਦੀ ਦੁਰਵਰਤੋਂ ਵਿਰੁੱਧ ਇੱਕ ਜਾਗਰੂਕਤਾ ਰੈਲੀ ਦਾ ਆਯੋਜਨ ਕੀਤਾ ਗਿਆ।ਸੁਤੰਤਰਤਾ ਸੰਗਰਾਮੀ ਮਦਨ ਸਿੰਘ ਕਪੂਰ ਸਰਕਾਰੀ (ਕੰ) ਸ.ਸ.ਸ. ਸਕੂਲ ਦੇ ਵਿਦਿਆਰਥੀਆਂ ਨੇ ਇਸ ਰੈਲੀ ਵਿੱਚ ਸਰਗਰਮੀ ਨਾਲ ਹਿੱਸਾ ਲਿਆ, ਜੋ ਏ.ਡੀ.ਆਰ. ਸੈਂਟਰ ਸੰਗਰੂਰ ਤੋਂ ਸ਼ੁਰੂ ਹੋਈ ਤੇ ਵੱਡਾ ਚੌਂਕ ਅਤੇ ਲੇਬਰ ਚੌਂਕ ਤੋਂ ਹੁੰਦੀ ਹੋਈ ਵਾਪਸ ਏ.ਡੀ.ਆਰ. ਸੈਂਟਰ ’ਤੇ ਸਮਾਪਤ ਹੋਈ।ਇਸ ਮੌਕੇ ਸ੍ਰੀ ਦੁਰਗਾ ਸੇਵਾ ਦਲ ਦੇ ਵਲੰਟੀਅਰ, ਪੈਨਲ ਵਕੀਲ, ਪੈਰਾ-ਲੀਗਲ ਵਲੰਟੀਅਰ ਤੇ ਡੀ.ਐਲ.ਐਸ.ਏ. ਸਟਾਫ ਵੀ ਮੌਜੂਦ ਸਨ।ਮੈਡਮ ਦਲਜੀਤ ਕੌਰ ਨੇ ਕਿਹਾ ਕਿ ਇਸ ਰੈਲੀ ਦਾ ਉਦੇਸ਼ ਸਮਾਜ ਨੂੰ ਨਸ਼ਿਆਂ ਦੇ ਵਿਨਾਸ਼ਕਾਰੀ ਪ੍ਰਭਾਵਾਂ ਪ੍ਰਤੀ ਜਾਗਰੂਕ ਕਰਨਾ ਤੇ ਸਾਡੇ ਨੌਜਵਾਨਾਂ ਨੂੰ ਇਸ ਖ਼ਤਰੇ ਨੂੰ ਤਿਆਗਣ ਲਈ ਪ੍ਰੇਰਿਤ ਕਰਨਾ ਹੈ। ਰੈਲੀ ਵਿੱਚ ਵਿਦਿਆਰਥੀਆਂ ਦੀ ਉਤਸ਼ਾਹੀ ਭਾਗੀਦਾਰੀ ਦਰਸਾਉਂਦੀ ਹੈ ਕਿ ਪੰਜਾਬ ਦੇ ਨੌਜਵਾਨ ਇਸ ਲੜਾਈ ਵਿੱਚ ਇਕਜੁਟ ਹਨ। ਅਸੀਂ ਨਸ਼ਿਆਂ ਦੇ ਤੂਫਾਨ ਨੂੰ ਰੋਕਾਂਗੇ ਤੇ ਇੱਕ ਖੁਸ਼ਹਾਲ ਪੰਜਾਬ ਦਾ ਨਿਰਮਾਣ ਕਰਾਂਗੇ।ਉਨ੍ਹਾਂ ਜ਼ੋਰ ਦਿੱਤਾ ਕਿ ਨਸ਼ਿਆਂ ਦੇ ਖਾਤਮੇ ਲਈ ਜਾਗਰੂਕਤਾ ਰਾਹੀਂ ਨੌਜਵਾਨਾਂ ਨੂੰ ਸਸ਼ਕਤ ਬਣਾਉਣਾ ਮਹੱਤਵਪੂਰਨ ਹੈ।ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਹੁੰਚਯੋਗ ਨਿਆਂ ਪ੍ਰਦਾਨ ਕਰਨ ਦੇ ਨਾਲ-ਨਾਲ ਅਜਿਹੀਆਂ ਪਹਿਲਕਦਮੀਆਂ ਦਾ ਸਮਰਥਨ ਕਰਨ ਲਈ ਵਚਨਬੱਧ ਹੈ।ਕਾਨੂੰਨੀ ਸਹਾਇਤਾ ਪ੍ਰਾਪਤ ਕਰਨ ਦੀ ਪ੍ਰਕਿਰਿਆ ਬਾਰੇ ਉਨ੍ਹਾਂ ਦੱਸਿਆ ਕਿ ਮੁਫ਼ਤ ਕਾਨੂੰਨੀ ਸਹਾਇਤਾ ਪ੍ਰਾਪਤ ਕਰਨ ਲਈ ਟੋਲ ਫ੍ਰੀ ਹੈਲਪਲਾਈਨ ਨੰਬਰ 15100 ’ਤੇ ਕਾਲ ਕੀਤੀ ਜਾ ਸਕਦੀ ਹੈ।

# ਸਫਾ 1 ਦੇ ਬਾਕੀ...

## ਮਨਰੇਗਾ ਨੂੰ ਬਚਾਉਣ ਦੀ ...

ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ।”

ਉਨ੍ਹਾ ਯੂ ਪੀ ਏ ਅਤੇ ਐੱਨ ਡੀ ਏ ਸਰਕਾਰਾਂ ਦੌਰਾਨ ਇਸ ਯੋਜਨਾ ਨੂੰ ਲਾਗੂ ਕਰਨ ਦੀ ਤੁਲਨਾ ਕਰਦਿਆਂ ਕਿਹਾ ਕਿ ਕਾਂਗਰਸ ਦੇ ਸ਼ਾਸਨ ਦੌਰਾਨ 1660 ਕਰੋੜ ਮੈਨ-ਡੇਅ ਬਣਾਏ ਗਏ ਸਨ, ਜਦੋਂ ਕਿ ਮੋਦੀ ਸਰਕਾਰ ਦੇ ਸ਼ਾਸਨ ਦੌਰਾਨ 3210 ਕਰੋੜ ਮੈਨ-ਡੇਅ ਬਣਾਏ ਗਏ ਸਨ। ਉਨ੍ਹਾ ਕਿਹਾ ਕਿ ਮੋਦੀ ਸਰਕਾਰ ਤੋਂ ਪਹਿਲਾਂ ਇਸ ਯੋਜਨਾ ਵਿੱਚ ਔਰਤਾਂ ਦੀ ਭਾਗੀਦਾਰੀ 48 ਫੀਸਦ ਸੀ, ਜੋ ਇਸ ਸਰਕਾਰ ਦੌਰਾਨ ਵਧ ਕੇ 56.73 ਫੀਸਦ ਹੋ ਗਈ ਹੈ। ਕੇਂਦਰੀ ਮੰਤਰੀ ਨੇ ਕਿਹਾ, “ਕਾਂਗਰਸ ਪਾਰਟੀ ਨੇ ਗਾਂਧੀ ਦਾ ਨਾਂਅ ਚੋਰੀ ਕਰਨ ਦਾ ਪਾਪ ਕੀਤਾ ਹੈ।” ਉਨ੍ਹਾ ਕਿਹਾ ਕਿ ਕਾਂਗਰਸ ਨੇਤਾ ਪ੍ਰਿਅੰਕਾ ਗਾਂਧੀ ਵਾਡਰਾ ਨੇ ਸਦਨ ਵਿੱਚ ਕਿਹਾ ਕਿ ਇਹ ਸਰਕਾਰ ਮਨਮਰਜ਼ੀ ਨਾਲ ਨਾਂਅ ਬਦਲ ਰਹੀ ਹੈ। ਚੌਹਾਨ ਨੇ ਕਿਹਾ, “ਅਸੀਂ ਮਨਮਰਜ਼ੀ ਨਾਲ ਨਾਂਅ ਨਹੀਂ ਬਦਲ ਰਹੇ; ਇਹ ਕਾਂਗਰਸ ਹੈ ਜਿਸ ਨੂੰ ਪਰਵਾਰਕ ਮੈਂਬਰਾਂ ਦੇ ਨਾਂਅ ’ਤੇ ਚੀਜ਼ਾਂ ਰੱਖਣ ਦਾ ਜਨੂੰਨ ਹੈ।”

ਚੌਹਾਨ ਨੇ ਦਾਅਵਾ ਕੀਤਾ ਕਿ ਕਾਂਗਰਸ ਸਰਕਾਰਾਂ ਦੌਰਾਨ ਸੈਂਕੜੇ ਯੋਜਨਾਵਾਂ, ਇਮਾਰਤਾਂ, ਤਿਉਹਾਰਾਂ, ਸੰਸਥਾਵਾਂ ਆਦਿ ਦੇ ਨਾਂਅ ਗਾਂਧੀ ਪਰਵਾਰ ਦੇ ਮੈਂਬਰਾਂ-ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ ਅਤੇ ਰਾਜੀਵ ਗਾਂਧੀ ਦੇ ਨਾਂਅ ’ਤੇ ਰੱਖੇ ਗਏ ਸਨ। ਉਨ੍ਹਾ ਕਿਹਾ ਕਿ ਕਾਂਗਰਸ ਮਹਾਤਮਾ ਗਾਂਧੀ ਦੇ ਨਾਂਅ ਦਾ ਜ਼ਿਕਰ ਕਰਨ ਦਾ ‘ਢੌਂਗ’ ਕਰ ਰਹੀ ਹੈ ਅਤੇ ਇਸ ਨੇ ‘ਵੰਡ ਦੇ ਦਿਨ, ਕਸ਼ਮੀਰ ਨੂੰ ਵਿਸ਼ੇਸ਼ ਦਰਜਾ ਦੇਣ ਅਤੇ ਇੰਦਰਾ ਗਾਂਧੀ ਦੁਆਰਾ ਐਮਰਜੈਂਸੀ ਲਗਾਉਣ ਦੇ ਨਾਲ ਬਾਪੂ ਦੇ ਆਦਰਸ਼ਾਂ ਨੂੰ ਮਾਰ ਦਿੱਤਾ।’

ਆਪੋਜ਼ੀਸ਼ਨ ਮੈਂਬਰਾਂ ਨੇ ਨਵੇਂ ਬਿੱਲ ਖਿਲਾਫ ਸੰਸਦ ਭਵਨ ਕੰਪਲੈਕਸ ਦੇ ਅੰਦਰ ਪ੍ਰੋਟੈਸਟ ਮਾਰਚ ਕੱਢਿਆ ਅਤੇ ਇਸ ਨੂੰ ਵਾਪਸ ਲੈਣ ਦੀ ਮੰਗ ਕੀਤੀ। ਮੈਂਬਰਾਂ ਨੇ ਹੱਥਾਂ ਵਿਚ ਮਹਾਤਮਾ ਗਾਂਧੀ ਦੀਆਂ ਤਸਵੀਰਾਂ ਤੇ ‘ਮਹਾਤਮਾ ਗਾਂਧੀ ਨਰੇਗਾ’ ਲਿਖਿਆ ਵੱਡਾ ਬੈਨਰ ਫੜਿਆ ਹੋਇਆ ਸੀ। ਉਨ੍ਹਾਂ ਨੇ ਪ੍ਰੇਰਨਾ ਸਥਲ ਵਿਖੇ ਗਾਂਧੀ ਦੀ ਮੂਰਤੀ ਤੋਂ ਮਕਰ ਦੁਆਰ ਤੱਕ ਮਾਰਚ ਕੀਤਾ ਤੇ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਕਾਂਗਰਸ ਦੇ ਪ੍ਰਧਾਨ ਮੱਲਿਕਾਰਜੁਨ ਖੜਗੇ ਨੇ ਇਸ ਲੜਾਈ ਨੂੰ ਸੜਕਾਂ ’ਤੇ ਲਿਜਾਣ ਦਾ ਅਹਿਦ ਲਿਆ। ਖੜਗੇ, ਕਾਂਗਰਸ ਦੇ ਜਨਰਲ ਸਕੱਤਰ ਕੇ ਸੀ ਵੇਣੂਗੋਪਾਲ, ਡੀ ਐੱਮ ਕੇ ਦੇ ਕੇ ਕੰਨੀਮੋਜ਼ੀ, ਟੀ ਆਰ ਬਾਲੂ, ਏ ਰਾਜਾ, ਆਈ ਯੂ ਐੱਮ ਐੱਲ ਦੇ ਈ ਟੀ ਮੁਹੰਮਦ ਬਸ਼ੀਰ, ਸ਼ਿਵ ਸੈਨਾ (ਯੂ ਬੀ ਟੀ) ਦੇ ਅਰਵਿੰਦ ਸਾਵੰਤ ਅਤੇ ਆਰ ਐੱਸ ਪੀ ਦੇ ਐਨ ਕੇ ਪ੍ਰੇਮਚੰਦਰਨ ਸਮੇਤ ਹੋਰਾਂ ਨੇ ਮਾਰਚ ਵਿੱਚ ਹਿੱਸਾ ਲਿਆ। ਵੇਣੂਗੋਪਾਲ ਨੇ ਪੱਤਰਕਾਰਾਂ ਨੂੰ ਕਿਹਾ, “ਅੱਜ ਸੰਸਦ ਜਮਹੂਰੀਅਤ ਦੀ ਹੱਤਿਆ ਦਾ ਗਵਾਹ ਬਣ ਰਹੀ ਹੈ। ਨਰੇਗਾ ਤੋਂ ਮਹਾਤਮਾ ਗਾਂਧੀ ਦਾ ਨਾਂਅ ਹਟਾ ਕੇ ਉਹ ਜਮਹੂਰੀ ਕਦਰਾਂ-ਕੀਮਤਾਂ ਦੇ ਨਾਲ-ਨਾਲ ਰਾਸ਼ਟਰ ਪਿਤਾ ਦੀ ਵਿਚਾਰਧਾਰਾ ਨੂੰ ਵੀ ਮਾਰਨ ਦੀ ਕੋਸ਼ਿਸ਼ ਕਰ ਰਹੇ ਹਨ।” ਸੀਨੀਅਰ ਕਾਂਗਰਸ ਨੇਤਾ ਸੋਨੀਆ ਗਾਂਧੀ ਵੀ ਪ੍ਰਦਰਸ਼ਨਕਾਰੀ ਸੰਸਦ ਮੈਂਬਰਾਂ ਵਿੱਚ ਸ਼ਾਮਲ ਹੋਈ ਅਤੇ ਮਕਰ ਦੁਆਰ ਵਿਖੇ ਪ੍ਰਦਰਸ਼ਨਾਂ ਵਿੱਚ ਹਿੱਸਾ ਲਿਆ। ਖੜਗੇ ਨੇ ਐਕਸ ’ਤੇ ਇਕ ਪੋਸਟ ਵਿੱਚ ਕਿਹਾ, “ਮੋਦੀ ਸਰਕਾਰ ਨੇ ਨਾ ਸਿਰਫ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਦਾ ਅਪਮਾਨ ਕੀਤਾ ਹੈ, ਸਗੋਂ ਕੰਮ ਕਰਨ ਦੇ ਅਧਿਕਾਰ ਨੂੰ ਵੀ ਕੁਚਲ ਦਿੱਤਾ ਹੈ, ਜੋ ਕਿ ਭਾਰਤ ਦੇ ਪਿੰਡਾਂ ਵਿੱਚ ਸਮਾਜਿਕ-ਆਰਥਿਕ ਤਬਦੀਲੀ ਲਿਆਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਰਿਹਾ ਸੀ।”

## ਹਰਿਆਣਾ ’ਚ ਮਾਨ ਵਾਲੀ...

ਕੁਮਾਰ ਬੇਦੀ ਨੇ ਕਿਹਾ ਕਿ ਕਾਕੜਾ ਅਤੇ ਮਲਿਕਪੁਰ ਪਿੰਡਾਂ ਦੇ ਦੋ ਕਿਸਾਨਾਂ ਨੇ ਰੇਤ ਕੱਢਣ ਲਈ ਤਜਵੀਜ਼ ਦਿੱਤੀ ਹੈ। ਇਹ ਤਜਵੀਜ਼ ਕੁਰੂਕਸ਼ੇਤਰ ਦੇ ਡਿਪਟੀ ਕਮਿਸ਼ਨਰ ਵੱਲੋਂ ਜ਼ਿਲ੍ਹਾ ਖਣਨ ਅਧਿਕਾਰੀ ਨੂੰ ਭੇਜੀ ਗਈ ਸੀ। ਅਧਿਕਾਰੀ ਨੇ ਇਸ ਤਜਵੀਜ਼ ਨੂੰ ਰੱਦ ਕਰ ਦਿੱਤਾ ਕਿਉਂਕਿ ਸਵਾਲ ਵਾਲੀ ਜ਼ਮੀਨ ਦਰਿਆ ਦੇ ਤਲ ਦੇ ਅੰਦਰ ਆਉਂਦੀ ਹੈ ਅਤੇ ਰਾਜ ਖਣਨ ਨਿਯਮ, 2012, ਇਸ ਦੇ ਨਿਪਟਾਰੇ ਦੀ ਇਜਾਜ਼ਤ ’ਤੇ ਪਾਬੰਦੀ ਲਗਾਉਂਦੇ ਹਨ। ਸਾਬਕਾ ਸਪੀਕਰ ਅਤੇ ਥਾਨੇਸਰ ਦੇ ਵਿਧਾਇਕ ਅਸ਼ੋਕ ਅਰੋੜਾ ਨੇ ਵੀ ਇਹ ਮੁੱਦਾ ਉਠਾਇਆ ਤੇ ਦਲੀਲ ਦਿੱਤੀ ਕਿ ਸਰਕਾਰ ਨੂੰ ਨੀਤੀ ਵਿੱਚ ਸੋਧ ਕਰਕੇ ਕਿਸਾਨਾਂ ਨੂੰ ਰਾਹਤ ਪ੍ਰਦਾਨ ਕਰਨੀ ਚਾਹੀਦੀ ਹੈ।

## ਜੱਜ ਨੇ ਕਿਹਾ, ਵੀਡੀਓ ਚਲਾ...

ਕੋਈ ਸ਼ੈਲਟਰ (ਆਸਰਾ) ਨਹੀਂ ਹੈ। ਉਨ੍ਹਾ ਕਿਹਾ ਕਿ ਜੋ ਕੀਤਾ ਜਾ ਰਿਹਾ ਹੈ, ਉਹ ਬਹੁਤ ਹੀ ਗੈਰ-ਮਨੁੱਖੀ ਹੈ। ਇਸ ’ਤੇ ਜਸਟਿਸ ਮਹਿਤਾ ਨੇ ਸਿੱਬਲ ਨੂੰ ਕਿਹਾ, “ਅਗਲੀ ਤਾਰੀਖ ’ਤੇ ਅਸੀਂ ਤੁਹਾਡੀ ਸਹੂਲਤ ਲਈ ਇੱਕ ਵੀਡੀਓ ਚਲਾਵਾਂਗੇ ਅਤੇ ਤੁਹਾਨੂੰ ਪੁੱਛਾਂਗੇ ਕਿ ਇਨਸਾਨੀਅਤ ਕੀ ਹੈ।” ਸਿੱਬਲ ਨੇ ਜਵਾਬ ਦਿੱਤਾ ਕਿ ਉਹ ਵੀ ਇੱਕ ਵੀਡੀਓ ਚਲਾਉਣਗੇ, ਜੋ ਦਿਖਾਏਗੀ ਕਿ ਕੀ ਹੋ ਰਿਹਾ ਹੈ। ਅਦਾਲਤ ਨੇ ਸਪੱਸ਼ਟ ਕੀਤਾ ਕਿ ਮਾਮਲੇ ’ਤੇ ਵਿਚਾਰ 7 ਜਨਵਰੀ ਨੂੰ ਹੀ ਕੀਤਾ ਜਾਵੇਗਾ। ਜ਼ਿਕਰਯੋਗ ਹੈ ਕਿ 7 ਨਵੰਬਰ ਨੂੰ ਸੁਪਰੀਮ ਕੋਰਟ ਨੇ ਵਿਦਿਅਕ ਸੰਸਥਾਵਾਂ, ਹਸਪਤਾਲਾਂ ਅਤੇ ਰੇਲਵੇ ਸਟੇਸ਼ਨਾਂ ਵਰਗੇ ਜਨਤਕ ਸਥਾਨਾਂ ’ਤੇ ਕੁੱਤਿਆਂ ਦੇ ਵੱਢਣ ਦੀਆਂ ਵਧ ਰਹੀਆਂ ਘਟਨਾਵਾਂ ’ਤੇ ਚਿੰਤਾ ਪ੍ਰਗਟਾਈ ਸੀ। ਅਦਾਲਤ ਨੇ ਨਿਰਦੇਸ਼ ਦਿੱਤੇ ਸਨ ਕਿ ਆਵਾਰਾ ਕੁੱਤਿਆਂ ਨੂੰ ਨਸਬੰਦੀ ਅਤੇ ਟੀਕਾਕਰਨ ਤੋਂ ਬਾਅਦ ਨਿਰਧਾਰਤ ਸ਼ੈਲਟਰਾਂ ਵਿੱਚ ਭੇਜਿਆ ਜਾਵੇ ਅਤੇ ਉਨ੍ਹਾਂ ਨੂੰ ਵਾਪਸ ਉਸੇ ਥਾਂ ਨਾ ਛੱਡਿਆ ਜਾਵੇ ਜਿੱਥੋਂ ਚੁੱਕਿਆ ਗਿਆ ਸੀ।

ਅਦਾਲਤ ਨੇ ਰਾਸ਼ਟਰੀ ਮਾਰਗਾਂ ਅਤੇ ਐਕਸਪ੍ਰੈਸਵੇਅ ਤੋਂ ਪਸ਼ੂਆਂ ਅਤੇ ਆਵਾਰਾ ਜਾਨਵਰਾਂ ਨੂੰ ਹਟਾਉਣ ਦੇ ਵੀ ਹੁਕਮ ਦਿੱਤੇ ਸਨ। ਇਹ ਮਾਮਲਾ ਸੁਪਰੀਮ ਕੋਰਟ ਨੇ ਜੁਲਾਈ ਵਿੱਚ ਆਵਾਰਾ ਕੁੱਤਿਆਂ ਦੇ ਵੱਢਣ ਕਾਰਨ ਬੱਚਿਆਂ ਵਿੱਚ ਫੈਲ ਰਹੇ ਹਲਕਾਅ (ਰੇਬੀਜ਼) ਦੀਆਂ ਖ਼ਬਰਾਂ ’ਤੇ ਖੁਦ ਨੋਟਿਸ ਲੈਂਦਿਆਂ ਸ਼ੁਰੂ ਕੀਤਾ ਸੀ।

## ਯੂ ਪੀ ਦੇ ਮੰਤਰੀ...

ਅਤੇ ਭੱਦੀ ਕਿਹਾ ਜਾ ਰਿਹਾ ਹੈ, ਸਿਰਫ ਮਜ਼ਾਕੀਆ ਲਹਿਜੇ ਵਿੱਚ ਅਤੇ ਆਮ ਵਾਂਗ ਕੀਤੀ ਗਈ ਸੀ। ਨਿਸ਼ਾਦ ਨੇ ਕਿਹਾ, “ਮੇਰੀ ਟਿੱਪਣੀ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ, ਗਲਤ ਵਿਆਖਿਆ ਕੀਤੀ ਗਈ ਅਤੇ ਰੌਲੇ-ਰੱਪੇ ਤੇ ਅਨੁਵਾਦ ਵਿੱਚ ਇਸ ਦਾ ਅਸਲ ਮਤਲਬ ਗੁਆਚ ਗਿਆ।” ਉਨ੍ਹਾ ਇਹ ਗੱਲ ਉਦੋਂ ਕਹੀ, ਜਦੋਂ ਕਾਂਗਰਸ, ਸਮਾਜਵਾਦੀ ਪਾਰਟੀ ਅਤੇ ਆਮ ਆਦਮੀ ਪਾਰਟੀ ਨੇ ਬਿਨਾਂ ਸ਼ਰਤ ਮੁਆਫੀ ਦੀ ਮੰਗ ਕੀਤੀ। ਉਨ੍ਹਾ ਕਿਹਾ, “ਜੇ ਕਿਸੇ ਨੂੰ ਬੁਰਾ ਲੱਗਾ ਹੈ, ਤਾਂ ਮੈਂ ਆਪਣੇ ਪਾਸਿਓਂ ਇਹ ਸ਼ਬਦ ਵਾਪਸ ਲੈਣ ਲਈ ਤਿਆਰ ਹਾਂ।”

ਨਿਸ਼ਾਦ ਨੇ ਕਿਹਾ ਕਿ ਉਹ ਗੋਰਖਪੁਰ ਅਤੇ ਭੋਜਪੁਰੀ ਬੋਲਣ ਵਾਲੇ ਇਲਾਕੇ ਨਾਲ ਸੰਬੰਧ ਰੱਖਦੇ ਹਨ ਅਤੇ ਗੱਲਬਾਤ ਕਰਨ ਦੇ ਅੰਦਾਜ਼ ਹਰ ਖੇਤਰ ਵਿੱਚ ਵੱਖਰੇ ਹੁੰਦੇ ਹਨ। ਉਨ੍ਹਾ ਕਿਹਾ, “ਭੋਜਪੁਰੀ ਵਿੱਚ, ਇਹ ਲੋਕਾਂ ਨੂੰ ਕਿਸੇ ਮੁੱਦੇ ਨੂੰ ਜ਼ਿਆਦਾ ਨਾ ਵਧਾਉਣ ਅਤੇ ਸੰਜਮ ਰੱਖਣ ਦੀ ਸਲਾਹ ਦੇਣ ਦਾ ਇੱਕ ਆਮ ਤਰੀਕਾ ਹੈ। ਮੈਂ ਹਿੰਦੀ ਵਿੱਚ ਵੀ ਇਹੀ ਸ਼ੈਲੀ ਵਰਤੀ ਅਤੇ ਮੈਨੂੰ ਨਹੀਂ ਪਤਾ ਸੀ ਕਿ ਇਹ ਇੰਨਾ ਵੱਡਾ ਮੁੱਦਾ ਬਣ ਜਾਵੇਗਾ।”

ਉਨ੍ਹਾ ਅੱਗੇ ਕਿਹਾ ਕਿ ਜਿਸ ਤਰ੍ਹਾਂ ਹਰਿਆਣਾ, ਦਿੱਲੀ, ਮਹਾਰਾਸ਼ਟਰ ਜਾਂ ਤਾਮਿਲਨਾਡੂ ਵਿੱਚ ਭਾਸ਼ਾ ਅਤੇ ਪ੍ਰਗਟਾਵੇ ਵੱਖਰੇ ਹੁੰਦੇ ਹਨ, ਉਸੇ ਤਰ੍ਹਾਂ ਉੱਤਰੀ ਭਾਰਤ ਅਤੇ ਪੂਰਬੀ ਉੱਤਰ ਪ੍ਰਦੇਸ਼ ਦੀਆਂ ਬੋਲੀਆਂ ਵੀ ਵੱਖਰੀਆਂ ਹਨ। ਇਸ ਦਾ ਮਤਲਬ ਇਹ ਨਹੀਂ ਕਿ ਕਿਸੇ ਦੀ ਬੇਇੱਜ਼ਤੀ ਕਰਨ ਦਾ ਇਰਾਦਾ ਸੀ। ਨਿਸ਼ਾਦ ਨੇ ਇਹ ਵੀ ਕਿਹਾ ਕਿ ਨਿਤੀਸ਼ ਕੁਮਾਰ ਨੇ ‘ਸਿਰਫ ਨਕਾਬ ਹਟਾਇਆ’ ਸੀ ਤਾਂ ਜੋ ਇਹ ਪੁਸ਼ਟੀ ਕੀਤੀ ਜਾ ਸਕੇ ਕਿ ਸਰਕਾਰੀ ਸਕੀਮ ਦਾ ਅਸਲ ਲਾਭਪਾਤਰੀ ਮੌਜੂਦ ਹੈ ਜਾਂ ਨਹੀਂ। ਉਨ੍ਹਾ ਕਿਹਾ ਕਿ ਇਸ ਦੀ ਜ਼ਿੰਮੇਵਾਰੀ ਅਧਿਕਾਰੀਆਂ ਦੀ ਸੀ, ਜਿਨ੍ਹਾਂ ਨੂੰ ਪ੍ਰੋਗਰਾਮ (ਸੋਮਵਾਰ ਨੂੰ ਪਟਨਾ ਵਿੱਚ ਇੱਕ ਸਰਕਾਰੀ ਸਮਾਗਮ) ਤੋਂ ਪਹਿਲਾਂ ਸਹੀ ਪ੍ਰਬੰਧ ਕਰਨੇ ਚਾਹੀਦੇ ਸਨ। ਉਨ੍ਹਾ ਦਾਅਵਾ ਕੀਤਾ ਕਿ ਉਨ੍ਹਾ ਦੀ ਟਿੱਪਣੀ ਕਿਸੇ ਔਰਤ, ਭਾਈਚਾਰੇ ਜਾਂ ਧਰਮ ਦੇ ਵਿਰੁੱਧ ਨਹੀਂ ਸੀ ਅਤੇ ਕੁਝ ਲੋਕ ਸਿਆਸੀ ਫਾਇਦੇ ਲਈ ਇਸ ਮੁੱਦੇ ਨੂੰ ਜਾਣਬੁੱਝ ਕੇ ਤੂਲ ਦੇ ਰਹੇ ਹਨ। ਇਸ ਦੌਰਾਨ ਸਪਾ ਬੁਲਾਰੇ ਸੁਮੱਈਆ ਰਾਣਾ ਨੇ ਬੁੱਧਵਾਰ ਨੂੰ ਲਖਨਊ ਪੁਲਸ ਕੋਲ ਨਿਸ਼ਾਦ ਅਤੇ ਨਿਤੀਸ਼ ਕੁਮਾਰ ਵਿਰੁੱਧ ਸ਼ਿਕਾਇਤ ਦਰਜ ਕਰਵਾਈ। ਉਨ੍ਹਾ ਕਿਹਾ ਕਿ ਬਿਹਾਰ ਦੇ ਮੁੱਖ ਮੰਤਰੀ ਵੱਲੋਂ ਇੱਕ ਔਰਤ ਦਾ ਹਿਜਾਬ ਖਿੱਚਣ ਦੀ ਵੀਡੀਓ ਨੇ ਔਰਤਾਂ ਵਿੱਚ ਗੁੱਸਾ ਪੈਦਾ ਕੀਤਾ ਹੈ। ਸੁਮੱਈਆ ਰਾਣਾ ਨੇ ਕਿਹਾ ਕਿ ਉਹ ਖੁਦ ਹਿਜਾਬ ਪਾਉਂਦੀ ਹੈ ਅਤੇ ਜੇ ਉਸ ਨਾਲ ਅਜਿਹਾ ਹੁੰਦਾ ਤਾਂ ਉਹ ਚੁੱਪ ਨਹੀਂ ਰਹਿੰਦੀ। ਉਨ੍ਹਾ ਕੈਸਰਬਾਗ ਪੁਲਸ ਸਟੇਸ਼ਨ ਵਿੱਚ ਲਿਖਤੀ ਸ਼ਿਕਾਇਤ ਦੇ ਕੇ ਐੱਫ ਆਈ ਆਰ ਦਰਜ ਕਰਨ ਦੀ ਮੰਗ ਕੀਤੀ ਹੈ।

## ਨਵੇਂ ਬਿਲਡਿੰਗ ...

ਨੇ ਪਹਿਲਾਂ ਤੋਂ ਯੋਜਨਾਬੱਧ ਖੇਤਰਾਂ ਵਿੱਚ ਤਿੰਨ ਮੰਜ਼ਲਾਂ ਬਣਾਉਣ ਦੀ ਇਜਾਜ਼ਤ ਦਿੱਤੀ ਹੈ। ਇਹ ਕਦਮ ਸਰਕਾਰ ਲਈ ਸੂਬੇ ਵਿੱਚ ਅਪਾਰਟਮੈਂਟ ਐਕਟ ਨੂੰ ਲਾਗੂ ਕਰਨ ਦਾ ਰਾਹ ਪੱਧਰਾ ਕਰੇਗਾ। ਇਸ ਨਾਲ ਲੋਕ ਘਰਾਂ ਦੀਆਂ ਵੱਖਰੀਆਂ ਮੰਜ਼ਲਾਂ ਖਰੀਦ ਸਕਣਗੇ, ਕਿਉਂਕਿ ਜ਼ਮੀਨ ਦੀ ਉਪ-ਵੰਡ ਦੀ ਇਸ ਸਮੇਂ ਆਗਿਆ ਨਹੀਂ ਹੈ।

ਸਰਕਾਰ ਨੇ ਸ਼ੁਰੂ ਵਿੱਚ ਸਾਰੇ ਸ਼ਹਿਰੀ ਖੇਤਰਾਂ ਵਿੱਚ ਸਟੀਲਟ-ਪਲੱਸ-ਫੋਰ ਫਲੋਰ ਸਕੀਮ ਦੀ ਆਗਿਆ ਦੇਣ ਦੀ ਯੋਜਨਾ ਬਣਾਈ ਸੀ। ਹਾਲਾਂਕਿ ਹਿੱਸੇਦਾਰਾਂ ਤੋਂ ਫੀਡਬੈਕ ਪ੍ਰਾਪਤ ਕਰਨ ਤੋਂ ਬਾਅਦ ਮੌਜੂਦਾ ਬੁਨਿਆਦੀ ਢਾਂਚੇ ’ਤੇ ਜ਼ਿਆਦਾ ਬੋਝ ਪੈਣ ਤੋਂ ਬਚਣ ਲਈ ਸ਼ਹਿਰੀ ਅਸਟੇਟਾਂ ਵਿੱਚ ਨਵੀਆਂ ਬਣੀਆਂ ਲਾਇਸੰਸਸ਼ੁਦਾ ਕਾਲੋਨੀਆਂ ਅਤੇ ਸੈਕਟਰਾਂ ਤੱਕ ਇਸ ਵਿਵਸਥਾ ਨੂੰ ਸੀਮਤ ਕਰਨ ਦਾ ਫੈਸਲਾ ਕੀਤਾ ਗਿਆ। ਇਸ ਫੈਸਲੇ ਦੇ ਮੁਹਾਲੀ, ਲੁਧਿਆਣਾ, ਜਲੰਧਰ ਅਤੇ ਅੰਮ੍ਰਿਤਸਰ ਵਰਗੇ ਸ਼ਹਿਰਾਂ ਵਿੱਚ ਰਿਹਾਇਸ਼ ’ਤੇ ਅਸਰ ਪੈਣ ਦੀ ਉਮੀਦ ਹੈ। ਪੁਰਾਣੇ ਅਤੇ ਮੌਜੂਦਾ ਸ਼ਹਿਰੀ ਖੇਤਰਾਂ ਵਿੱਚ ਮਾਲਕ ਸਟੀਲਟ-ਪਲੱਸ-ਥਰੀ ਫਲੋਰਾਂ ਦਾ ਨਿਰਮਾਣ ਕਰ ਸਕਦੇ ਹਨ, ਜਿਸ ਵਿੱਚ ਵੱਧ ਤੋਂ ਵੱਧ ਆਗਿਆਯੋਗ ਇਮਾਰਤ ਦੀ ਉਚਾਈ 11 ਮੀਟਰ ਤੋਂ ਵਧਾ ਕੇ 13 ਮੀਟਰ ਕੀਤੀ ਗਈ ਹੈ।

## ਜਾਵੇ ਜਹੰਨਮ ...

ਕੀ ਇਹ ਇਸਲਾਮੀ ਦੇਸ਼ ਹੈ? ਜੇ ਤੁਸੀਂ ਪਾਸਪੋਰਟ ਲੈਣ ਜਾਂਦੇ ਹੋ ਤਾਂ ਚਿਹਰਾ ਨਹੀਂ ਦਿਖਾਉਂਦੇ? ਜਦੋਂ ਤੁਸੀਂ ਏਅਰਪੋਰਟ ’ਤੇ ਜਾਂਦੇ ਹੋ ਤਾਂ ਚਿਹਰਾ ਦਿਖਾਉਂਦੇ ਹੋ ਕਿ ਨਹੀਂ? ਲੋਕ ਪਾਕਿਸਤਾਨ ਤੇ ਇੰਗਲਿਸ਼ਤਾਨ ਦੀ ਗੱਲ ਕਰਦੇ ਹਨ, ਪਰ ਇਹ ਇੰਡੀਆ ਹੈ। ਇੰਡੀਆ ਵਿੱਚ ਕਾਨੂੰਨ ਦਾ ਰਾਜ ਚੱਲੇਗਾ। ਕੁੜੀ ਨੌਕਰੀ ਤੋਂ ਨਾਂਹ ਕਰਦੀ ਹੈ ਜਾਂ ਜਹੰਨਮ ਵਿੱਚ ਜਾਂਦੀ ਹੈ, ਇਹ ਉਸ ਦੀ ਮਰਜ਼ੀ।” ਇਸੇ ਦੌਰਾਨ ਉੱਘੇ ਸ਼ਾਇਰ ਜਾਵੇਦ ਅਖਤਰ ਨੇ ਕਿਹਾ ਹੈ ਕਿ ਹਾਲਾਂਕਿ ਉਹ ਪਰਦੇ ਦੇ ਹੱਕ ਵਿੱਚ ਨਹੀਂ, ਪਰ ਨਿਤੀਸ਼ ਵੱਲੋਂ ਮੁਟਿਆਰ ਦਾ ਹਿਜਾਬ ਹਟਾਉਣ ਦੀ ਉਹ ਕਰੜੀ ਨਿੰਦਾ ਕਰਦੇ ਹਨ। ਨਿਤੀਸ਼ ਨੂੰ ਬਿਨਾਂ ਸ਼ਰਤ ਮੁਆਫੀ ਮੰਗਣੀ ਚਾਹੀਦੀ ਹੈ।

## ਏਟਕ ਵੱਲੋਂ ਬੈਂਕ ਤੇ ਬੀਮਾ...

ਬਾਜ਼ਾਰ ਦੀਆਂ ਮੰਗਾਂ ਅੱਗੇ ਆਰਥਕ ਸਮਰਪਣ ਹੈ। ਇਹ ਕਾਨੂੰਨ ਬੀਮੇ ਦੀ ਸਮਾਜਿਕ ਅਤੇ ਵਿਕਾਸਾਤਮਕ ਭੂਮਿਕਾ ਤੋਂ ਪੂਰੀ ਤਰ੍ਹਾਂ ਹਟ ਕੇ ਉਸ ਨੂੰ ਸਿਰਫ਼ ਵਿਸ਼ਵ ਪੱਧਰੀ ਮੁਨਾਫ਼ਾਖੋਰੀ ਲਈ ਇੱਕ ਬਾਜ਼ਾਰੀ ਵਸਤੂ ਬਣਾਉਂਦਾ ਹੈ।

ਏਟਕ ਨੇ ਚੇਤਾਵਨੀ ਦਿੱਤੀ ਹੈ ਕਿ ਪੂਰੀ ਮੁਨਾਫ਼ਾ ਵਾਪਸੀ (ਪ੍ਰਾਫ਼ਿਟ ਰਿਪੈਟ੍ਰੀਏਸ਼ਨ) ਵਾਲਾ ਐੱਫ ਡੀ ਆਈ ਦੇਸ਼ੀ ਦੌਲਤ ਦੀ ਨਿਕਾਸੀ ਦਾ ਕਾਰਨ ਬਣੇਗਾ। ਬੀਮਾ ਖੇਤਰ ਵਿੱਚ ਪਹਿਲਾਂ ਕੀਤੇ ਗਏ ਐੱਫ ਡੀ ਆਈ ਵਾਧਿਆਂ ਨਾਲ ਕੋਈ ਸਕਾਰਾਤਮਕ ਆਰਥਕ ਨਤੀਜੇ ਨਹੀਂ ਨਿਕਲੇ, ਸਿਵਾਏ ਇਸ ਦੇ ਕਿ ਨਿੱਜੀ ਅਤੇ ਵਿਦੇਸ਼ੀ ਬੀਮਾ ਕੰਪਨੀਆਂ ਨੂੰ ਫ਼ਾਇਦਾ ਹੋਇਆ। ਇਸ ਨਾਲ ਸਰਕਾਰ ਦੇ ਦਾਅਵਿਆਂ ਦਾ ਝੂਠ ਅਤੇ ਖੋਖਲਾਪਣ ਸਪੱਸ਼ਟ ਹੁੰਦਾ ਹੈ। ਏਟਕ ਨੇ ਅੰਤਰਰਾਸ਼ਟਰੀ ਤਜਰਬਿਆਂ ਨੂੰ ਯਾਦ ਕਰਾਇਆ ਹੈ, ਜੋ ਮੁਨਾਫ਼ੇ ਨੂੰ ਸੁਰੱਖਿਆ ਤੋਂ ਉਪਰ ਰੱਖਣ ਵਾਲੇ ਵਿਸ਼ਵ ਬੀਮਾ ਬਾਜ਼ਾਰ ਵਿੱਚ ਪੂਰੀ ਵਿਦੇਸ਼ੀ ਮਲਕੀਅਤ ਦੇ ਖ਼ਿਲਾਫ਼ ਚੇਤਾਵਨੀ ਦਿੰਦੇ ਹਨ।100 ਫੀਸਦੀ ਐੱਫ ਡੀ ਆਈ ਨਾਲ ਬੀਮੇ ਦੀ ਪਹੁੰਚ ਜਾਂ ਕੁਸ਼ਲਤਾ ਵਿੱਚ ਸੁਧਾਰ ਹੋਵੇਗਾ, ਇਹ ਦਾਅਵਾ ਇੱਕ ਖ਼ਤਰਨਾਕ ਭ੍ਰਮ ਹੈ। ਅਸਲ ਵਿੱਚ ਇਹ ਸਰਕਾਰੀ ਖੇਤਰ ਦੀਆਂ ਬੀਮਾ ਸੰਸਥਾਵਾਂ ਰਾਹੀਂ ਦਹਾਕਿਆਂ ਵਿੱਚ ਵਿਵਸਥਿਤ ਤੌਰ ’ਤੇ ਇਕੱਠੀ ਕੀਤੀ ਗਈ ਭਾਰਤੀ ਘਰੇਲੂ ਬਚਤ ਦੀ ਸੰਸਥਾਗਤ ਲੁੱਟ ਨੂੰ ਆਸਾਨ ਬਣਾਏਗਾ। ਏਟਕ ਨੇ ਵਿਸ਼ਵ ਬੀਮਾ ਪੂੰਜੀ ਦੇ ਦਬਾਅ ਅੱਗੇ ਝੁਕਣ ਲਈ ਭਾਜਪਾ ਸਰਕਾਰ ਦੀ ਤਿੱਖੀ ਆਲੋਚਨਾ ਕੀਤੀ ਹੈ। ਇਹ ਵਿਸ਼ਵ ਖ਼ਾਸ ਕਰਕੇ ਅਮਰੀਕੀ ਬੀਮਾ ਦਿੱਗਜ਼ਾਂ ਅੱਗੇ ਰਾਸ਼ਟਰੀ ਹਿੱਤਾਂ ਦੀ ਕੁਰਬਾਨੀ ਹੈ।

ਇਹ ਬਿੱਲ ਮੌਜੂਦਾ ਰਾਸ਼ਟਰੀ ਹਿੱਤ, ਸਰਕਾਰੀ ਸੰਸਥਾਵਾਂ ਅਤੇ ਮਜ਼ਦੂਰਾਂ ਤੋਂ ਉਪਰ ਕਾਰਪੋਰੇਟ ਅਤੇ ਵਿਦੇਸ਼ੀ ਪੂੰਜੀ ਨੂੰ ਤਰਜੀਹ ਦਿੰਦਾ ਹੈ। ਇਹ ਵੱਡੇ ਨਵ-ਉਦਾਰਵਾਦੀ ਏਜੰਡੇ ਦਾ ਹਿੱਸਾ ਹੈ, ਜਿਸ ਦਾ ਮਕਸਦ ਮੁਨਾਫ਼ਿਆਂ ਦਾ ਨਿੱਜੀਕਰਨ, ਖ਼ਤਰਿਆਂ ਦਾ ਸਮਾਜੀਕਰਨ ਅਤੇ ਸੰਗਠਿਤ ਮਜ਼ਦੂਰ ਤਾਕਤ ਨੂੰ ਕਮਜ਼ੋਰ ਕਰਨਾ ਹੈ।ਏਟਕ ਨੇ ਕਿਹਾ ਕਿ ਬੀਮਾ ਕੋਈ ਬਾਜ਼ਾਰੀ ਵਸਤੂ ਨਹੀਂ, ਸਗੋਂ ਇੱਕ ਸਮਾਜਿਕ ਲੋੜ ਹੈ, ਅਤੇ ਲੋਕਾਂ ਦੇ ਹਿੱਤ ਵਿੱਚ ਇਸ ਦੀ ਰੱਖਿਆ ਕਰਨਾ ਰਾਜ ਦੀ ਡਿਊਟੀ ਹੈ। ਇਸ ਖੇਤਰ ਨੂੰ ਵਿਦੇਸ਼ੀ ਪੂੰਜੀ ਦੇ ਹਵਾਲੇ ਕਰਨਾ ਆਰਥਿਕ ਤੌਰ ’ਤੇ ਬੇਪਰਵਾਹੀ ਅਤੇ ਰਾਜਨੀਤਕ ਤੌਰ ’ਤੇ ਅਣਜਾਇਜ਼ ਹੈ।

ਏਟਕ ਨੇ ਇਸ ਬਿੱਲ ਦੀ ਤੁਰੰਤ ਵਾਪਸੀ ਦੀ ਮੰਗ ਕੀਤੀ ਹੈ। ਨਾਲ ਹੀ, ਬੀਮਾ ਖੇਤਰ ਦੀ ਰਣਨੀਤਕ ਅਤੇ ਸਮਾਜਿਕ ਮਹੱਤਤਾ ਨੂੰ ਦੇਖਦੇ ਹੋਏ ਏਟਕ ਨੇ ਦੁਹਰਾਇਆ ਕਿ ਸਰਕਾਰ ਮੌਜੂਦਾ ਬੀਮਾ ਕਾਨੂੰਨਾਂ ਵਿੱਚ ਅਜਿਹੀਆਂ ਸੋਧਾਂ ਕਰੇ, ਜਿਨ੍ਹਾਂ ਨਾਲ ਸਰਕਾਰੀ ਖੇਤਰ ਦੇ ਬੀਮੇ ਨੂੰ ਸੁਰੱਖਿਅਤ ਅਤੇ ਮਜ਼ਬੂਤ ਕੀਤਾ ਜਾ ਸਕੇ।ਏਟਕ ਨੇ ਦੇਸ਼ ਭਰ ਵਿੱਚ ਆਪਣੇ ਸਮੂਹ ਕੇਡਰ ਅਤੇ ਕਾਰਕੁਨਾਂ ਨੂੰ ਅਪੀਲ ਕੀਤੀ ਹੈ ਕਿ ਉਹ ਬੈਂਕ ਅਤੇ ਬੀਮਾ ਖੇਤਰ ਦੀਆਂ ਯੂਨੀਅਨਾਂ ਵੱਲੋਂ ਦਿੱਤੇ ਗਏ ਅੰਦੋਲਨ ਦੇ ਸੱਦੇ ਦਾ ਸਮਰਥਨ ਕਰਨ। ਉਸ ਨੇ ਸਾਰੀਆਂ ਲੋਕਤੰਤਰਿਕ ਤਾਕਤਾਂ ਅਤੇ ਸਮਾਜ ਦੇ ਸਾਰੇ ਦੇਸ਼ ਭਗਤ ਵਰਗਾਂ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਰਾਸ਼ਟਰ ਵਿਰੋਧੀ ਨੀਤੀ ਦੇ ਖ਼ਿਲਾਫ਼ ਏਕਜੁੱਟ ਹੋਣ ਅਤੇ ਬੀਮਾ ਤੇ ਬੈਂਕ ਕਰਮਚਾਰੀਆਂ ਦੇ ਚੱਲ ਰਹੇ ਸੰਘਰਸ਼ਾਂ ਨੂੰ ਪੂਰਾ ਸਮਰਥਨ ਦੇਣ।

ਨਵਾਂ ਜ਼ਮਾਨਾ ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.

ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

19 Dec Page 3.qxd 12/18/2025 10:56 PM Page 1



# ਮੰਗਾਂ ਨੂੰ ਲੈ ਕੇ ਕਿਸਾਨ ਜਥੇਬੰਦੀਆਂ ਨੇ ਡੀਸੀ ਦਫਤਰ ਅੱਗੇ ਲਾਇਆ ਮੋਰਚਾ

**ਤਰਨ ਤਾਰਨ (ਪ੍ਰਿਤਪਾਲ ਸਿੰਘ)**- ਕੇ.ਐੱਮ.ਐੱਮ. ਦੇ ਸੱਦੇ 'ਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਤਰਨ ਤਾਰਨ ਦੇ ਸਕੱਤਰ ਹਰਜਿੰਦਰ ਸਿੰਘ ਸ਼ਕਰੀ ਦੀ ਅਗਵਾਈ ਹੇਠ ਤਰਨ ਤਰਨ ਦੇ ਡੀਸੀ ਦਫਤਰ ਅੱਗੇ ਮੋਰਚਾ ਲਾਇਆ ਗਿਆ। ਮੋਰਚੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਆਗੂ ਫਤਿਹ ਸਿੰਘ ਪਿੱਦੀ, ਬਲਵਿੰਦਰ ਸਿੰਘ ਚੋਹਲਾ ਸਾਹਿਬ ਨੇ ਕਿਹਾ ਕਿ ਸਰਕਾਰ ਸ਼ੰਭੂ ਖਨੌਰੀ ਮੋਰਚੇ ਤੇ ਕੀਤੇ ਨੁਕਸਾਨ ਦੀ ਭਰਭਾਈ ਕਰੇ, ਪੰਜਾਬ 'ਚ ਹੜ੍ਹਾਂ ਨਾਲ ਹੋਏ ਨੁਕਸਾਨਾਂ ਦਾ ਮੁਆਵਜ਼ਾ ਤੁਰੰਤ ਦਿੱਤਾ ਜਾਵੇ, ਅੰਦੋਲਨ ਦੌਰਾਨ ਹੋਏ ਸ਼ਹੀਦਾਂ ਅਤੇ ਜ਼ਖਮੀਆਂ ਦਾ ਮੁਆਵਜ਼ਾ ਦਿੱਤਾ ਜਾਵੇ, ਅੰਦੋਲਨ ਦੌਰਾਨ ਹੋਏ ਪਰਚੇ ਰੱਦ ਕੀਤੇ ਜਾਣ ਅਤੇ ਬਿਜਲੀ ਸੋਧ ਬਿੱਲ 2025 ਰੱਦ ਕੀਤਾ ਜਾਏ।ਉਨ੍ਹਾਂ ਕਿਹਾ ਕਿ ਇਹ ਬਿਜਲੀ ਹੁਣ ਪੂਰੀ ਤਰਾਂ ਬਜ਼ਾਰੂ ਵਸਤ ਬਣਾਉਣ ਵੱਲ ਕੇਂਦਰ ਸਰਕਾਰ ਵੱਧ ਚੁੱਕੀ ਹੈ।ਜੇਕਰ ਕੋਲ ਪੈਸੇ ਹਨ ਤਾਂ ਪ੍ਰੀਪੇਡ ਰੀਚਾਰਜ ਕਰਾਓ ਤੇ ਬਲਬ ਜਗਾਓ, ਜੇਕਰ ਪੈਸੇ ਨਹੀਂ ਤਾਂ ਹਨੇਰੇ 'ਚ ਬੈਠੋ।ਇਸੇ ਕਰਕੇ ਕੁਝ ਮਹੀਨੇ ਪਹਿਲਾਂ ਕੇਂਦਰੀ ਬਿਜਲੀ ਮੰਤਰੀ ਨੇ ਸੂਬਿਆਂ ਦੇ ਬਿਜਲੀ ਮੰਤਰੀਆਂ ਨੂੰ ਦਿੱਲੀ ਬੁਲਾ ਕੇ ਕਿਹਾ ਸੀ ਕੇ ਸਮਾਰਟ ਮੀਟਰ ਜਲਦੀ ਲਗਾਓ ਕਿਉਂਕਿ ਕੇਂਦਰ ਸਰਕਾਰ ਬਿਜਲੀ ਮਹਿਕਮਾ ਮੁਕੰਮਲ ਤੌਰ ਤੇ ਪ੍ਰਾਈਵੇਟ ਕੰਪਨੀਆਂ ਨੂੰ ਦੇਣ ਦੀ ਯੋਜਨਾ ਬਣਾਈ ਬੈਠੀ ਸੀ ਜੋ ਹੁਣ ਬਿਜਲੀ ਬਿੱਲ -2025 ਦੇ ਰੂਪ 'ਚ ਸਾਹਮਣੇ ਆ ਗਈ।ਸਾਲ 1948 ਵਿੱਚ ਜਦੋਂ ਬਿਜਲੀ ਐਕਟ ਬਣਿਆ ਤਾਂ ਬਿਜਲੀ ਵਰਤਣ ਵਾਲਿਆਂ ਦੀਆਂ ਦੋ ਵਨਗੀਆਂ ਬਣਾਈਆਂ ਗਈਆਂ ਸਨ।ਪਹਿਲੀ ਬਿਜਲੀ ਵਰਤਣ ਵਾਲੇ ਲੋਕ ਸਨ ਜਿਹੜੇ ਘਰ ਦਾ ਬਲਬ, ਪੱਖਾ ਅਤੇ ਹੋਰ ਘਰੇਲੂ ਵਰਤੋਂ ਵਾਸਤੇ ਬਿਜਲੀ ਵਰਤਦੇ ਸਨ ਅਤੇ ਇਸ ਬਿਜਲੀ ਵਰਤਣ ਦਾ ਉਦੇਸ਼ ਕਿਸੇ ਵੀ ਤਰ੍ਹਾਂ ਮੁਨਾਫ਼ਾ ਕਮਾਉਣਾ ਨਹੀਂ ਸੀ।ਇਨ੍ਹਾਂ ਲੋਕਾਂ ਤੱਕ ਬਿਜਲੀ ਦੇਣਾ ਸਰਕਾਰ ਨੇ ਆਪਣੀ ਜ਼ਿੰਮੇਵਾਰੀ ਸਮਝੀ ਤਾਂ ਕਿ ਆਮ ਲੋਕ ਜ਼ਿੰਦਗੀ ਗੁਜ਼ਾਰਨ ਲਈ ਬਿਜਲੀ ਵਰਤ ਸਕਣ ਅਤੇ ਜ਼ਰੂਰਤਮੰਦ ਲੋਕਾਂ ਲਈ ਸਬਸਿਡੀ ਦੇ ਰੂਪ ਵਿੱਚ ਸਸਤੀ ਬਿਜਲੀ ਦਿੱਤੀ ਗਈ। ਦੂਸਰੀ ਤਰ੍ਹਾਂ ਦੇ ਲੋਕ ਬਿਜਲੀ ਵਰਤਣ ਵਾਲੇ ਉਹ ਮੰਨੇ ਗਏ ਜੋ ਬਿਜਲੀ ਘਰੇਲੂ ਜ਼ਿੰਦਗੀ ਨਿਰਬਾਹ ਕਰਨ ਦੇ ਲਈ ਨਹੀਂ, ਸਗੋਂ ਮੁਨਾਫ਼ਾ ਕਮਾਉਣ ਲਈ ਵਰਤਦੇ ਹਨ ਜਿਸ ਤਰ੍ਹਾਂ ਉਦਯੋਗਪਤੀ ਅਤੇ ਹੋਰ ਕਾਰੋਬਾਰੀ ਘਰਾਣੇ, ਉਨ੍ਹਾਂ ਤੋਂ ਤਹਿ ਰੇਟ ਤੋਂ ਕੁਝ ਪੈਸੇ ਵੱਧ ਵਸੂਲਦੇ ਸਨ ਜਿਸ ਨੂੰ ਕਰਾਸ ਸਬਸਿਡੀ ਕਿਹਾ ਜਾਂਦਾ ਸੀ ਅਤੇ ਇਹ ਵਾਧੂ ਪੈਸੇ ਵੀ ਆਮ ਲੋਕ ਜਿਨਾਂ ਨੇ ਜ਼ਿੰਦਗੀ ਗੁਜ਼ਾਰਨ ਲਈ ਬਿਜਲੀ ਵਰਤਣੀ ਹੈ ਉਨ੍ਹਾਂ ਨੂੰ ਸਸਤੀ ਬਿਜਲੀ ਦੇਣ ਲਈ ਅਤੇ ਉਨ੍ਹਾਂ ਤੱਕ ਬਿਜਲੀ ਦੀ ਪਹੁੰਚ ਯਕੀਨੀ ਬਣੇ, ਇਸ ਲਈ ਖਰਚੇ ਜਾਂਦੇ ਸਨ।ਪਰ ਜਿਵੇਂ-ਜਿਵੇਂ ਨਿੱਜੀਕਰਨ, ਉਦਾਰੀਕਰਨ, ਸੰਸਾਰੀਕਰਨ ਦੀਆਂ ਨੀਤੀਆਂ ਆਈਆਂ ਤਾਂ ਬਿਜਲੀ ਐਕਟ ਦੇ ਵਿੱਚ ਸਰਕਾਰ ਨੇ ਭੰਨ ਤੋੜ ਕਰਨੀ ਸ਼ੁਰੂ ਕੀਤੀ ਅਤੇ ਪਹਿਲੀ ਵਾਰੀ ਬਿਜਲੀ ਕਾਨੂੰਨ 2003 ਲਿਆਂਦਾ ਜਿਸ ਵਿੱਚ ਹੁਣ ਤੱਕ ਜੋ ਪ੍ਰਾਈਵੇਟ ਅਦਾਰਿਆਂ ਦੀ ਬਿਜਲੀ ਮਹਿਕਮੇ ਵਿੱਚ ਦਾਖਲੇ 'ਤੇ ਪਾਬੰਦੀ ਸੀ।2003 ਦੇ ਬਿਜਲੀ ਐਕਟ ਰਾਹੀਂ ਪ੍ਰਾਈਵੇਟ ਅਦਾਰਿਆਂ ਨੂੰ ਬਿਜਲੀ ਮਹਿਕਮੇ ਦੇ ਵਿੱਚ ਨਿਵੇਸ਼ ਕਰਨ ਦਾ ਮੌਕਾ ਦਿੱਤਾ ਗਿਆ। ਹੁਣ ਤੱਕ ਬਿਜਲੀ ਪੈਦਾ ਕਰਨ ਦੇ ਖੇਤਰ ਦੇ ਵਿੱਚ ਵੱਡੀ ਪੱਧਰ ਤੇ ਪ੍ਰਾਈਵੇਟ ਅਦਾਰੇ ਵੜ ਚੁੱਕੇ ਹਨ ਪਰ ਬਿਜਲੀ ਵੰਡ ਦਾ ਖੇਤਰ ਅਜੇ ਵੀ ਸਰਕਾਰ ਦੇ ਅਧੀਨ ਚੱਲਿਆ ਆਉਂਦਾ ਸੀ। ਬਿਜਲੀ ਵੰਡ ਦੇ ਖੇਤਰ ਨੂੰ ਪ੍ਰਾਈਵੇਟ ਅਦਾਰੇ ਅਜੇ ਲੈਣਾ ਨਹੀਂ ਚਾਹੁੰਦੇ ਸਨ ਕਿਉਂਕਿ ਲੱਗਦਾ ਸੀ ਕਿ ਇਸ ਦੇ ਵਿੱਚ ਕਈ ਤਰ੍ਹਾਂ ਦੇ ਅੜਿੱਕੇ ਹਨ ਇਸ ਨੂੰ ਹਟਾਉਣ ਦੇ ਲਈ ਭਾਰਤ ਸਰਕਾਰ 2019 ਤੋਂ ਯਤਨ ਕਰ ਰਹੀ ਹੈ।ਪਰ 2020 ਦੇ ਇਤਿਹਾਸਿਕ ਕਿਸਾਨ ਅੰਦੋਲਨ ਕਰਕੇ ਉਹਨਾਂ ਨੂੰ ਬਿਜਲੀ ਸੋਧ ਬਿੱਲ 2019 ਵਾਪਸ ਲੈਣਾ ਪਿਆ।ਉਸ ਤੋਂ ਬਾਅਦ 2022 ਦੇ ਵਿੱਚ ਫਿਰ ਬਿਜਲੀ ਸੋਧ ਬਿੱਲ ਲਿਆਂਦਾ ਗਿਆ ਜਿਸ ਵਿੱਚ ਸਬਸਿਡੀਆਂ ਅਤੇ ਕ੍ਰਾਸ ਸਬਸਿਡੀ ਨੂੰ ਖ਼ਤਮ ਕਰਨ ਦੀ ਗੱਲ ਅਤੇ ਵੰਡ ਦਾ ਖੇਤਰ ਪੂਰੀ ਤਰ੍ਹਾਂ ਨਿੱਜੀ ਅਦਾਰਿਆਂ ਨੂੰ ਦੇਣ ਦੀ ਦੇਣ ਦੀਆਂ ਮੱਦਾਂ ਲਿਆਂਦੀਆਂ ਗਈਆਂ ਜਿਸ ਵਿੱਚ ਇਹ ਕਿਹਾ ਗਿਆ ਕਿ 80 ਹਜ਼ਾਰ ਕਰੋੜ ਦੀ ਬਿਜਲੀ ਵੱਖ ਵੱਖ ਸੂਬਿਆਂ ਵਿੱਚ ਖੇਤੀ ਟਿਊਬਵੈਲਾਂ ਨੂੰ ਦਿੱਤੀ ਜਾ ਰਹੀ ਹੈ।ਕਿਸਾਨ ਸੰਘਰਸ਼ ਦੇ ਚਲਦਿਆਂ ਸਰਕਾਰ ਇਸ ਨੂੰ ਵੀ ਲਾਗੂ ਨਹੀਂ ਕਰ ਪਾਈ ਪਰ ਹੁਣ ਸਾਲ 2025 ਦੇ ਵਿੱਚ ਸਰਕਾਰ ਨੇ ਉਹੀ ਆਪਣਾ ਸਮਾਨ ਅਲਮਾਰੀ 'ਚੋਂ ਮੁੜ ਕੱਢ ਲਿਆਂਦਾ ਹੈ। ਇਸ ਮੌਕੇ ਨਿਸ਼ਾਨ ਸਿੰਘ ਕੁਹਾੜਕਾ, ਕੁਲਵੰਤ ਸਿੰਘ ਭੈਲ, ਆਤਮਾ ਸਿੰਘ ਘਰਿਆਲੀ, ਦਿਲਬਾਗ ਸਿੰਘ ਪਹੂਵਿੰਡ, ਮੇਹਰ ਸਿੰਘ ਤਲਵੰਡੀ, ਰੂਪ ਸਿੰਘ ਸੈਦੋ, ਜੁਗਰਾਜ ਸਿੰਘ ਸਭਰਾ, ਕਰਮਜੀਤ ਸਿੰਘ ਕਰਮੂਵਾਲਾ ਆਦਿ ਆਗੂ ਹਾਜ਼ਰ ਸਨ।



# ਲੋਕ ਵਿਰੋਧੀ ਕਾਲੇ ਬਿੱਲਾਂ ਖਿਲਾਫ ਪਿੰਡ ਹਾਸ਼ਮਪੁਰ ਵਿਖੇ ਕੀਤੀ ਜੰਮ ਕੇ ਨਾਅਰੇਬਾਜ਼ੀ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**— ਬੀਜੇਪੀ ਦੀ ਮੋਦੀ ਸਰਕਾਰ ਵੱਲੋਂ ਲਿਆਂਦੇ ਗਏ ਲੋਕ ਵਿਰੋਧੀ ਕਾਲੇ ਬਿੱਲ ਬਿਜਲੀ ਸੋਧ ਬਿੱਲ 2025 ਤੇ ਬੀਜ ਬਿੱਲ 2025 ਵਿਰੁੱਧ ਸਰਹੱਦੀ ਪਿੰਡ ਹਾਸ਼ਮਪੁਰ ਵਿਖੇ ਜੰਮ ਕੇ ਨਾਅਰੇਬਾਜ਼ੀ ਕਰਨ ਉਪਰੰਤ ਨੌਜਵਾਨ ਅਨੂਪ ਸਿੰਘ ਹਾਸ਼ਮਪੁਰਾ ਦੀ ਪ੍ਰਧਾਨਗੀ ਹੇਠ ਉਚੇਚੀ ਮੀਟਿੰਗ ਕੀਤੀ ਗਈ ਜਿਸ ਨੂੰ ਸੰਬੋਧਨ ਕਰਦਿਆਂ ਜਮਹੂਰੀ ਕਿਸਾਨ ਸਭਾ ਦੇ ਸੂਬਾ ਪ੍ਰਧਾਨ ਤੇ ਸੰਯੁਕਤ ਕਿਸਾਨ ਮੋਰਚੇ ਦੇ ਪ੍ਰਮੁੱਖ ਆਗੂ ਡਾ. ਸਤਨਾਮ ਸਿੰਘ ਅਜਨਾਲਾ ਨੇ ਦੱਸਿਆ ਕਿ ਇਹਨਾਂ ਕਾਲੇ ਬਿੱਲਾ ਵਿਰੁੱਧ ਪੰਜਾਬ ਭਰ ਵਿੱਚ ਵਿਆਪਕ ਗੁੱਸਾ ਪਾਇਆ ਜਾ ਰਿਹਾ ਹੈ ਕਿਉਂਕਿ ਜੇਕਰ ਇਹ ਬਿੱਲ ਲਾਗੂ ਹੋ ਜਾਂਦੇ ਹਨ ਤਾਂ ਲੋਕਾਂ ਦੇ ਘਰਾਂ ਵਿੱਚ ਹਨੇਰੇ ਛਾ ਜਾਵੇਗਾ ਅਤੇ ਬਿਜਲੀ ਬਹੁਤ ਮਹਿੰਗੀ ਹੋ ਜਾਵੇਗੀ! ਖੇਤੀ ਮਾਹਿਰ ਡਾ. ਅਜਨਾਲਾ ਨੇ ਅੱਗੇ ਦੱਸਿਆ ਕਿ ਜੇਕਰ ਬੀਜ ਬਿੱਲ ਵੀ ਲਾਗੂ ਹੋ ਜਾਂਦੇ ਹੈ ਤਾਂ ਵਿਦੇਸ਼ੀ ਦਿਓਕਦ ਬਿਅਰ, ਕੋਰਟੀਵਾ, ਸਿੰਜੈਟਾ/ ਚੈਮਚਾਈਨ, ਬ. ਏ. ਐੱਸ. ਐੱਫ. ਵਰਗੀਆਂ ਕੰਪਨੀਆਂ ਸਾਡੇ ਭਾਰਤੀ ਬੀਜਾਂ ਨੂੰ ਖਾ ਜਾਣਗੇ ਅਤੇ ਕਿਸਾਨਾਂ ਨੂੰ ਬਹੁਤ ਮਹਿੰਗੇ ਭਾਅ ਤੇ ਬੀਜ ਮਿਲਣਗੇ ਜਿਸ ਨਾਲ ਸਮੁਚੀ ਖੇਤੀ ਪ੍ਰਭਾਵਿਤ ਹੋਵੇਗੀ ਮੀਟਿੰਗ ਵਿੱਚ ਫੈਸਲਾ ਲਿਆ ਕਿ ਜਿਸ ਦਿਨ ਵੀ ਇਹ ਕਾਲੇ ਬਿੱਲ ਪਾਰਲੀਮੈਂਟ ਵਿੱਚ ਪੇਸ਼ ਕੀਤੇ ਜਾਣਗੇ ਅਗਲੇ ਹੀ ਦਿਨ ਜਲੰਧਰ, ਪਠਾਨਕੋਟ, ਤਰਨਤਾਰਨ ਤੇ ਅਟਾਰੀ ਨੂੰ ਜਾਂਦੀਆਂ ਗੱਡੀਆਂ 12 ਤੋਂ 3 ਵਜੇ ਤੱਕ ਰੇਲਾਂ ਦਾ ਚੱਕਾ ਜਾਮ ਕੀਤਾ ਜਾਵੇਗਾ! ਇਸ ਐਕਸ਼ਨ ਵਿਚ ਸਰਹੱਦੀ ਇਲਾਕੇ ਤੋਂ ਵੱਡੀ ਗਿਣਤੀ 'ਚ ਕਿਸਾਨ, ਮਜ਼ਦੂਰ ਤੇ ਹੋਰ ਪ੍ਰਭਾਵਿਤ ਹੋ ਰਹੇ ਲੋਕ ਵਹੀਰਾਂ ਘੱਤ ਕੇ ਇਸ ਚੱਕਾ ਜਾਮ ਐਕਸ਼ਨ ਵਿਚ ਸ਼ਾਮਿਲ ਹੋਣਗੇ। ਡਾ. ਅਜਨਾਲਾ ਨੇ ਰੇਲ ਯਾਤਰੀਆਂ ਨੂੰ ਅਪੀਲ ਕੀਤੀ ਕਿ ਉਹ ਕਾਲੇ ਬਿੱਲਾਂ ਖਿਲਾਫ ਸਾਡਾ ਸਹਿਯੋਗ ਕਰਨ। ਇਸ ਮੌਕੇ ਜਥੇਦਾਰ ਤਸਬੀਰ ਸਿੰਘ ਹਾਸ਼ਮਪੁਰ, ਬਲਕਾਰ ਸਿੰਘ ਗੁਲਗੜ੍ਹ, ਗਾਇਕ ਗੁਰਪਾਲ ਗਿੱਲ, ਹਰਦੀਪ ਸਿੰਘ ਲੰਬੜਦਾਰ, ਲਖਵਿੰਦਰ ਸਿੰਘ ਹਾਸ਼ਮਪੁਰ, ਰਣਜੀਤ ਸਿੰਘ, ਗੁਰਦੀਪ ਸਿੰਘ, ਕਰਮ ਸਿੰਘ ਸੈਦਪੁਰ, ਸੂਰਤਾ ਸਿੰਘ ਚੱਕ ਔਲ, ਸਰਬਜੀਤ ਸਿੰਘ ਹਾਸ਼ਮਪੁਰ, ਗੁਰਪ੍ਰੀਤ ਸਿੰਘ ਗੁਲਗੜ੍ਹ ਆਦਿ ਨੇ ਵੀ ਮੀਟਿੰਗ ਵਿੱਚ ਵਿਚਾਰ ਰੱਖੇ !



# ਸੋਹੀਆਂ ਕਲਾਂ ਦੀ ਸੀਟ ਕਾਂਗਰਸ ਪਾਰਟੀ ਨੇ ਵੱਡੇ ਫ਼ਰਕ ਨਾਲ ਜਿੱਤੀ : ਸੱਚਰ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੇ ਆਏ ਨਤੀਜਿਆਂ ਨਾਲ ਕੋਈ ਬਹੁਤੀ ਹੈਰਾਨਗੀ ਨਹੀਂ ਹੋਈ ਕਿਉਂਕਿ ਇਸ ਵਾਰ ਹਲਕਾ ਮਜੀਠਾ ਵਿੱਚ ਪੁਲਸ ਤੇ ਪ੍ਰਸ਼ਾਸਨ ਨੇ ਇਹ ਚੋਣਾਂ ਲੜੀਆਂ ਹਨ, ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਮਜੀਠਾ ਦੇ ਕਾਂਗਰਸ ਦੇ ਹਲਕਾ ਇੰਚਾਰਜ ਤੇ ਸੀਨੀਅਰ ਕਾਂਗਰਸੀ ਆਗੂ ਭਗਵੰਤ ਪਾਲ ਸਿੰਘ ਸੱਚਰ ਨੇ ਕੀਤਾ। ਉਨ੍ਹਾਂ ਕਿਹਾ ਕਿ ਪਿੰਡ ਸੋਹੀਆਂ ਕਲਾਂ ਜ਼ੋਨ ਤੋਂ ਕਾਂਗਰਸ ਦੇ ਉਮੀਦਵਾਰ ਬੀਬੀ ਮਨਪ੍ਰੀਤ ਕੌਰ ਨੇ ਵੱਡੀ ਲੀਡ ਨਾਲ ਆਮ ਆਦਮੀ ਪਾਰਟੀ ਦੀ ਉਮੀਦਵਾਰ ਨੂੰ ਹਰਾਇਆ। ਸੱਚਰ ਨੇ ਬਕਿਹਾ ਕਿ ਅਸੀਂ ਪਹਿਲਾਂ ਵੀ ਕਿਹਾ ਸੀ ਕਿ ਸਾਡੀ ਇਹ ਇੱਕ ਸੀਟ ਹੀ ਮਜੀਠੇ ਹਲਕੇ ਦੇ ਲੋਕਾਂ ਦੇ ਮਨਾਂ ਬਾਰੇ ਦੱਸ ਦੇਵੇਗੀ ਕਿ 2027 ਵਿੱਚ ਕਿਸਦਾ ਕਬਜ਼ਾ ਹੋਵੇਗਾ। ਉਨ੍ਹਾਂ ਕਿਹਾ ਕਿ ਕੁਝ ਲੋਕ ਸਾਡੀ ਚੁੱਪ ਤੇ ਸ਼ਰਾਫਤ ਨੂੰ ਕਮਜ਼ੋਰੀ ਸਮਝਦੇ ਹਨ ਪਰ ਮੈਂ ਨਿਮਰਤਾ ਸਹਿਤ ਕਹਿੰਦਾਂ ਕਿ ਜਦ ਬੰਦੇ ਦਾ ਹੰਕਾਰ ਸਿਰ ਚੜ੍ਹ ਕੇ ਬੋਲਦਾ ਹੈ ਤਾ ਨਤੀਜੇ ਇਹੋ ਜਿਹੇ ਆਉਂਦੇ ਹਨ। ਸੱਚਰ ਨੇ ਇਸ ਜ਼ੋਨ ਦੇ ਸਾਰੇ ਆਗੂਆਂ, ਵਰਕਰਾਂ ਤੇ ਵੋਟਰਾਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਮੈਂ ਸਦਾ ਹੀ ਤੁਹਾਡਾ ਰਿਣੀ ਰਹਾਂਗਾ ਕਿਉਂਕਿ ਤੁਸੀਂ ਇਸ ਜਿੱਤ ਨਾਲ ਕਈਆਂ ਨੂੰ ਜਵਾਬ ਦਿੱਤਾ ਹੈ। ਇਸ ਮੌਕੇ ਬੀਬੀ ਮਨਪ੍ਰੀਤ ਕੌਰ, ਜੱਜਬੀਰ ਸਿੰਘ, ਗੁਰਪ੍ਰੀਤ ਸਿੰਘ ਗੋਪੀ, ਨਵਤੇਜ ਪਾਲ ਸਿੰਘ ਸੋਹੀਆਂ, ਬਲਜੀਤ ਸਿੰਘ ਵਿਰਕ, ਚਰਨਜੀਤ ਸਿੰਘ, ਪਾਲ ਸਿੰਘ, ਬਲਰਾਜ ਸਿੰਘ ਦਬੁਰਜੀ, ਮਨਪ੍ਰੀਤ ਸਿੰਘ, ਪ੍ਰਗਟ ਸਿੰਘ, ਹਰਜੀਤ ਸਿੰਘ, ਗੁਰਬੀਰ ਸਿੰਘ, ਨਵਪ੍ਰੀਤ ਸਿੰਘ ਤੇ ਹੋਰ ਵੀ ਆਗੂ ਨਾਲ ਸਨ।



# ਬਲਾਕ ਸੰਮਤੀ ਰਈਆ ਦੇ 25 ਜ਼ੋਨਾਂ 'ਚ 13 'ਤੇ ਆਪ, 6 'ਤੇ ਸ਼੍ਰੋਮਣੀ ਅਕਾਲੀ ਦਲ ਅਤੇ 6 'ਤੇ ਕਾਂਗਰਸ ਕਾਬਜ਼

**ਬਿਆਸ (ਪਰਮਜੀਤ ਸਿੰਘ ਰੱਖੜਾ)**- ਬਲਾਕ ਸੰਮਤੀ ਰਈਆ ਨਾਲ ਸਬੰਧਿਤ ਹੋਈਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੇ 8, ਸ਼੍ਰੋਮਣੀ ਅਕਾਲੀ ਦਲ ਦੇ 6 ਅਤੇ ਕਾਂਗਰਸ ਪਾਰਟੀ ਦੇ 5 ਉਮੀਦਵਾਰ ਜੇਤੂ ਰਹੇ ਹਨ। ਜੇਤੂ ਉਮੀਦਵਾਰਾਂ ਵਿੱਚ ਜ਼ੋਨ ਕਾਲੇਕੇ ਵੱਲੋਂ ਆਪ ਉਮੀਦਵਾਰ ਮਨਦੀਪ ਕੌਰ ਕਾਲੇਕੇ 422 ਵੋਟਾਂ ਨਾਲ, ਜ਼ੋਨ ਭਲਾਈਪੁਰ ਪੂਰਬਾਂ ਤੋਂ ਦਲਜੀਤ ਸਿੰਘ ਭੱਪੀ 270 ਵੋਟਾਂ ਨਾਲ, ਜ਼ੋਨ ਸਠਿਆਲਾ ਤੋਂ ਅਕਾਲੀ ਦਲ ਦੀ ਬੀਬੀ ਰਣਜੀਤ ਕੌਰ 823 ਵੋਟਾਂ ਨਾਲ, ਜ਼ੋਨ ਸੱਤੋਵਾਲ ਵੱਲੋਂ ਕਾਂਗਰਸ ਦੇ ਇਕਬਾਲ ਸਿੰਘ ਬੱਲ 310 ਵੋਟਾਂ ਨਾਲ, ਜ਼ੋਨ ਬੁਤਾਲਾ ਤੋਂ ਅਕਾਲੀ ਦਲ ਦੀ ਬੀਬੀ ਹਰਮੀਤ ਕੌਰ 314 ਵੋਟਾਂ ਨਾਲ, ਜ਼ੋਨ ਭੈਣੀ ਰਾਮ ਦਿਆਲ ਵੱਲੋਂ ਆਮ ਆਦਮੀ ਪਾਰਟੀ ਦੇ ਸਤਨਾਮ ਸਿੰਘ 394 ਵੋਟਾਂ ਨਾਲ, ਖਾਨਪੁਰ ਤੋਂ ਆਮ ਆਦਮੀ ਪਾਰਟੀ ਦੀ ਬੀਬੀ ਗੁਰਜੀਤ ਕੌਰ 248 ਵੋਟਾਂ ਨਾਲ, ਜ਼ੋਨ ਬੱਲ ਸਰਾਏ ਤੋਂ ਕਾਂਗਰਸ ਦੀ ਬੀਬੀ ਅਮਨਦੀਪ ਕੌਰ 1275 ਵੋਟਾਂ ਨਾਲ, ਜ਼ੋਨ ਦੋਲੋ ਨੰਗਲ ਤੋਂ ਅਕਾਲੀ ਦਲ ਦੀ ਬੀਬੀ ਅਮਨਦੀਪ ਕੌਰ 96 ਵੋਟਾਂ ਨਾਲ, ਜ਼ੋਨ ਬਿਆਸ ਤੋਂ ਕਾਂਗਰਸ ਦੇ ਅੰਮ੍ਰਿਤਪਾਲ ਸਿੰਘ 167 ਵੋਟਾਂ ਨਾਲ, ਜ਼ੋਨ ਤਿੰਮੋਵਾਲ ਤੋਂ ਆਮ ਆਦਮੀ ਪਾਰਟੀ ਦੇ ਹਰਭਜਨ ਸਿੰਘ 469 ਵੋਟਾਂ ਨਾਲ, ਜ਼ੋਨ ਭੋਰਸ਼ੀ ਰਾਜਪੂਤਾਂ ਵੱਲੋਂ ਆਮ ਆਦਮੀ ਪਾਰਟੀ ਦੀ ਬੀਬੀ ਸੁਖਵਿੰਦਰ ਕੌਰ 467, ਜ਼ੋਨ ਬੁੱਢਾ ਥੇਹ ਤੋਂ ਆਪ ਦੇ ਗੁਰਪਾਲ ਸਿੰਘ, ਜ਼ੋਨ ਛੱਜਲਵੱਡੀ ਤੋਂ ਕਾਂਗਰਸ ਦੀ ਬਲਜੀਤ ਕੌਰ, ਜ਼ੋਨ ਚੀਮਾਬਾਠ ਤੋਂ ਆਪ ਪਾਰਟੀ ਦੇ ਬੀਬੀ ਬਲਵਿੰਦਰ ਕੌਰ 73 ਵੋਟਾਂ ਨਾਲ, ਜ਼ੋਨ ਧੂਲਕਾ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਜਗਰੂਪ ਸਿੰਘ, ਜ਼ੋਨ ਖਲਚੀਆਂ ਤੋਂ ਅਕਾਲੀ ਦਲ ਦੇ ਬੀਬੀ ਕੁਲਜੀਤ ਕੌਰ ਬੁਟਾਰੀ, ਜ਼ੋਨ ਫੇਰੂਮਾਨ ਤੋਂ ਅਕਾਲੀ ਦਲ ਦੇ ਬੁੱਧ ਸਿੰਘ 80 ਵੋਟਾਂ ਨਾਲ ਅਤੇ ਜ਼ੋਨ ਕੋਟ ਮਹਿਤਾਬ ਤੋਂ ਆਪ ਦੇ ਸ਼ਰਨਜੀਤ ਸਿੰਘ ਜੇਤੂ ਰਹੇ ਹਨ।



# ਜ਼ਿਲ੍ਹਾ ਪ੍ਰੀਸ਼ਦ ਦੇ 18 ਜ਼ੋਨਾਂ 'ਚ ਆਮ ਆਦਮੀ ਪਾਰਟੀ ਦੇ ਉਮੀਦਵਾਰ ਜੇਤੂ ਰਹੇ

**ਤਾਰਨ ਤਾਰਨ (ਪ੍ਰਿਤਪਾਲ ਸਿੰਘ)**- ਜ਼ਿਲ੍ਹਾ ਪ੍ਰੀਸ਼ਦ ਤਰਨ ਤਾਰਨ ਅਤੇ ਜ਼ਿਲ੍ਹੇ ਦੀਆਂ 9 ਵੱਖ-ਵੱਖ ਪੰਚਾਇਤ ਸੰਮਤੀਆਂ ਦੇ ਨਤੀਜਿਆਂ ਦਾ ਐਲਾਨ ਕਰ ਦਿੱਤਾ ਗਿਆ ਹੈ।ਜ਼ਿਲ੍ਹਾ ਪ੍ਰੀਸ਼ਦ ਦੇ 18 ਜ਼ੋਨਾਂ ਉਪਰ ਆਮ ਆਦਮੀ ਪਾਰਟੀ ਦੇ ਉਮੀਦਵਾਰ ਜੇਤੂ ਰਹੇ ਹਨ ਜਦਕਿ 1 ਸੀਟ ਤੇ ਅਕਾਲੀ ਦਲ ਦੇ ਉਮੀਦਵਾਰ ਨੇ ਜਿੱਤ ਹਾਸਲ ਕੀਤੀ ਹੈ।ਚੋਣ ਨਤੀਜਿਆਂ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਧਿਕਾਰੀ ਕਮ ਡਿਪਟੀ ਕਮਿਸ਼ਨਰ ਰਾਹੁਲ ਨੇ ਦੱਸਿਆ ਕਿ ਜ਼ਿਲ੍ਹਾ ਪ੍ਰੀਸ਼ਦ ਦੇ 12 ਜ਼ੋਨਾਂ ਵਿੱਚੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਬਿਨਾਂ ਮੁਕਾਬਲਾ ਜੇਤੂ ਰਹੇ ਹਨ ਜਦਕਿ ਜਿਨ੍ਹਾਂ 7 ਜ਼ੋਨਾਂ ਵਿੱਚ ਚੋਣ ਹੋਈ ਸੀ, ਉਨ੍ਹਾਂ ਵਿੱਚੋਂ ਆਮ ਆਦਮੀ ਪਾਰਟੀ ਦੇ 6 ਉਮੀਦਵਾਰ ਅਤੇ 1 ਜ਼ੋਨ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਜੇਤੂ ਰਹੀ ਹੈ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰੀਸ਼ਦ ਦੇ ਕੁੱਲ 20 ਜ਼ੋਨਾਂ ਵਿੱਚੋਂ 18 ਉੱਪਰ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਿੱਤੇ ਹਨ ਜਦਕਿ ਇਕ ਜ਼ੋਨ ਉਪਰ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਜੇਤੂ ਰਹੀ ਹੈ।ਇਸ ਤੋਂ ਇਲਾਵਾ ਇਕ ਜ਼ੋਨ ਖਡੂਰ ਸਾਹਿਬ ਵਿਖੇ ਚੋਣ ਨਹੀਂ ਹੋ ਸਕੀ।ਬਲਾਕ ਸੰਮਤੀਆਂ ਦੇ ਨਤੀਜਿਆਂ ਬਾਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਧਿਕਾਰੀ ਰਾਹੁਲ ਨੇ ਦੱਸਿਆ ਕਿ ਪੰਚਾਇਤ ਸੰਮਤੀ ਤਰਨ ਤਾਰਨ ਦੇ 17 ਜ਼ੋਨਾਂ ਵਿਚੋਂ 16 ਉਪਰ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਿੱਤੇ ਹਨ, ਜਦਕਿ ਇੱਕ ਜ਼ੋਨ ਉਪਰ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਜੇਤੂ ਰਹੀ ਹੈ।ਬਲਾਕ ਸੰਮਤੀ ਗੰਡੀਵਿੰਡ ਦੇ ਸਾਰੇ 15 ਜ਼ੋਨਾਂ ਵਿੱਚੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਬਿਨਾਂ ਮੁਕਾਬਲਾ ਜੇਤੂ ਰਹੇ ਹਨ। ਬਲਾਕ ਸੰਮਤੀ ਖਡੂਰ ਸਾਹਿਬ ਦੇ ਕੁਲ 25 ਜ਼ੋਨਾਂ ਵਿੱਚੋਂ ਆਮ ਆਦਮੀ ਪਾਰਟੀ ਦੇ 6 ਉਮੀਦਵਾਰ, ਸ਼੍ਰੋਮਣੀ ਅਕਾਲੀ ਦਲ ਦੇ 8, ਕਾਂਗਰਸ ਪਾਰਟੀ ਦੇ 10 ਅਤੇ 1 ਜ਼ੋਨ ਤੋਂ ਆਜ਼ਾਦ ਉਮੀਦਵਾਰ ਜੇਤੂ ਰਿਹਾ ਹੈ।ਬਲਾਕ ਸੰਮਤੀ ਚੋਹਲਾ ਸਾਹਿਬ ਦੇ 16 ਜ਼ੋਨਾਂ ਵਿੱਚੋਂ 3 ਜ਼ੋਨਾਂ 'ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ, 5 ਜ਼ੋਨਾਂ ਤੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਅਤੇ 7 'ਤੇ ਕਾਂਗਰਸ ਪਾਰਟੀ ਦੇ ਉਮੀਦਵਾਰ ਜੇਤੂ ਰਹੇ ਹਨ।ਇੱਕ ਜ਼ੋਨ ਤੇ ਭਾਰਤੀ ਜਨਤਾ ਪਾਰਟੀ ਦਾ ਉਮੀਦਵਾਰ ਜੇਤੂ ਰਿਹਾ ਹੈ।ਬਲਾਕ ਸੰਮਤੀ ਨਾਗੋਕੇ ਦੇ 15 ਜ਼ੋਨਾਂ ਵਿੱਚੋਂ 5 ਜ਼ੋਨਾਂ 'ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ, 1 ਜ਼ੋਨ 'ਤੇ ਸ਼੍ਰੋਮਣੀ ਅਕਾਲੀ ਦਲ ਦਾ ਉਮੀਦਵਾਰ ਅਤੇ 8 ਜ਼ੋਨਾਂ 'ਤੇ ਕਾਂਗਰਸ ਪਾਰਟੀ ਦੇ ਉਮੀਦਵਾਰ ਜੇਤੂ ਰਹੇ ਹਨ।1 ਜ਼ੋਨ ਉਪਰ ਆਜ਼ਾਦ ਉਮੀਦਵਾਰ ਜੇਤੂ ਰਿਹਾ।



# ਆਜ਼ਾਦੀ ਘੁਲਾਟੀਏ ਵੇਦ ਪ੍ਰਕਾਸ਼ ਹਕੀਮ ਦੀ ਸਾਲਾਨਾ ਬਰਸੀ ਮਨਾਈ

**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**- ਉੱਘੇ ਆਜ਼ਾਦੀ ਘੁਲਾਟੀਏ ਵੇਦ ਪ੍ਰਕਾਸ਼ ਹਕੀਮ ਦੀ ਸਾਲਾਨਾ ਬਰਸੀ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਉਨ੍ਹਾਂ ਦੇ ਪਿੰਡ ਸਹਿਣੇਵਾਲੀ ਵਿੱਚ ਮਨਾਈ ਗਈ ਜਿਸ ਵਿੱਚ ਵੱਖ-ਵੱਖ ਆਜ਼ਾਦੀ ਘੁਲਾਟੀਆਂ ਨੇ ਹਿੱਸਾ ਲਿਆ।ਇਸ ਮੌਕੇ ਸਰਬੱਤ ਦੇ ਭਲੇ ਲਈ ਗੁਰਦੁਆਰਾ ਸਾਹਿਬ ਵਿਖੇ ਪਾਏ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਤੋਂ ਬਾਅਦ ਸ਼ਰਧਾਂਜਲੀਆਂ ਦੇਣ ਸਮੇਂ ਲਿਬਰੇਸ਼ਨ ਆਗੂ ਕਾਮਰੇਡ ਬਲਬੀਰ ਸਿੰਘ ਮੂਧਲ, ਭੁਪਿੰਦਰ ਸਿੰਘ ਸੰਧੂ ਪ੍ਰਧਾਨ ਆਲਮੀ ਪੰਜਾਬੀ ਵਿਰਾਸਤ ਫਾਊਂਡੇਸ਼ਨ, ਕਾਮਰੇਡ ਬਲਕਾਰ ਸਿੰਘ ਦੁਧਾਲਾ ਸੀਪੀਆਈ ਆਗੂ, ਸਾਬਕਾ ਕੌਂਸਲਰ ਬਲਦੇਵ ਸਿੰਘ ਵੇਰਕਾ, ਸ਼ਹਿਰੀ ਆਗੂ ਸੀਪੀਆਈ ਕਾਮਰੇਡ ਰਾਕੇਸ਼ ਹਾਂਡਾ, ਕਾਮਰੇਡ ਜੋਗਿੰਦਰ ਲਾਲ, ਹਕੀਮ ਜੀ ਦੇ ਪੁੱਤਰ ਕਿਸਾਨ ਆਗੂ ਨਰੇਸ਼ ਕੁਮਾਰ, ਅਸ਼ੋਕ ਕੁਮਾਰ, ਬਲਵਿੰਦਰ ਕੁਮਾਰ, ਭੀਸ਼ਮ ਕੁਮਾਰ ਤੋਂ ਇਲਾਵਾ ਹੋਰ ਸਿਆਸੀ ਆਗੂ ਹਾਜ਼ਰ ਸਨ। ਸਟੇਜ ਦੀ ਕਾਰਵਾਈ ਅਕਾਲੀ ਆਗੂ ਜਥੇਦਾਰ ਗੁਰਮੀਤ ਸਿੰਘ ਨੇ ਨਿਭਾਈ।



# 4.5 ਕਿਲੋ ਹੈਰੋਇਨ ਤੇ ਇੱਕ ਪਿਸਤੌਲ ਸਮੇਤ 3 ਗ੍ਰਿਫ਼ਤਾਰ

**ਛੇਹਰਟਾ, ਅੰਮ੍ਰਿਤਸਰ (ਮਨੋਜ ਕੁਮਾਰ, ਜਸਬੀਰ ਸਿੰਘ ਪੱਟੀ)** : ਅੰਮ੍ਰਿਤਸਰ ਕਮਿਸ਼ਨਰੇਟ ਪੁਲਸ ਨੇ ਹੈਰੋਇਨ ਤੇ ਗੈਰ-ਕਾਨੂੰਨੀ ਹਥਿਆਰ ਤਸਕਰੀ ਵਿਚ ਸ਼ਾਮਲ ਤਿੰਨ ਨਸ਼ਾ ਤਸਕਰਾਂ ਨੂੰ 4.5 ਕਿਲੋ ਹੈਰੋਇਨ ਅਤੇ ਇਕ.30 ਬੋਰ ਪਿਸਤੌਲ ਸਮੇਤ ਗ੍ਰਿਫ਼ਤਾਰ ਕਰਕੇ ਸਰਹੱਦ ਪਾਰੋਂ ਚੱਲ ਰਹੇ ਨਸ਼ਾ ਤਸਕਰੀ ਕਾਰਟੇਲ ਦਾ ਪਰਦਾਫਾਸ਼ ਕੀਤਾ ਹੈ। ਇਹ ਜਾਣਕਾਰੀ ਦਿੰਦੇ ਹੋਏ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਗੁਰਵਿੰਦਰ ਸਿੰਘ ਉਰਫ਼ ਗੋਪੀ (23) ਵਾਸੀ ਪਿੰਡ ਸ਼ਾਹਵਾਲਾ (ਫਿਰੋਜ਼ਪੁਰ), ਤਿਲਕ ਉਰਫ਼ ਸ਼ਿਬੂ (18) ਜੋ ਕਿ ਰਾਜੀਵ ਗਾਂਧੀ ਵਿਹਾਰ, ਜਲੰਧਰ ਦਾ ਵਸਨੀਕ ਹੈ ਪਰ ਮੌਜੂਦਾ ਸਮੇਂ ਦੌਰਾਨ ਅੰਮ੍ਰਿਤਸਰ ਦੇ ਮੁਸਤਫਾਬਾਦ ਵਿਚ ਰਹਿੰਦਾ ਹੈ ਅਤੇ ਦਲਜੀਤ ਸਿੰਘ ਉਰਫ਼ ਲਾਲਾ (20), ਜੋ ਕਿ ਪਿੰਡ ਨੌਸ਼ਹਿਰਾ ਢਾਲਾ ਦਾ ਰਹਿਣ ਵਾਲਾ ਹੈ ਤੇ ਮੌਜੂਦਾ ਸਮੇਂ ਦੌਰਾਨ ਅੰਮ੍ਰਿਤਸਰ ਦੇ ਪਿੰਡ ਮੁਸਤਫਾਬਾਦ ਵਿਚ ਰਹਿੰਦਾ ਹੈ, ਵਜੋਂ ਹੋਈ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਸ਼ੋਸ਼ਲ ਮੀਡੀਆ ਪਲੇਟਫਾਰਮਾਂ ਰਾਹੀਂ ਇਕ ਵਿਦੇਸ਼ੀ ਹੈਂਡਲਰ ਦੇ ਸੰਪਰਕ ਵਿਚ ਸਨ ਅਤੇ ਉਸਦੇ ਨਿਰਦੇਸ਼ਾਂ 'ਤੇ ਵੱਖ-ਵੱਖ ਥਾਵਾਂ 'ਤੇ ਹੈਰੋਇਨ ਤੇ ਗੈਰ-ਕਾਨੂੰਨੀ ਹਥਿਆਰਾਂ ਦੀ ਖੇਪਾਂ ਲਿਆਉਣ-ਲਿਜਾਣ ਤੋਂ ਇਲਾਵਾ ਅੱਗੇ ਵੀ ਸਪਲਾਈ ਕਰ ਰਹੇ ਸਨ। ਆਪ੍ਰੇਸ਼ਨ ਸਬੰਧੀ ਵੇਰਵੇ ਸਾਂਝੇ ਕਰਦੇ ਹੋਏ ਪੁਲਸ ਕਮਿਸ਼ਨਰ (ਸੀ.ਪੀ.) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੇ ਕਿਹਾ ਕਿ ਮੁਲਜ਼ਮ ਗੁਰਵਿੰਦਰ ਸਿੰਘ ਉਰਫ਼ ਗੋਪੀ ਨੂੰ 1.5 ਕਿਲੋ ਹੈਰੋਇਨ ਤੇ ਇਕ .30 ਬੋਰ ਪਿਸਤੌਲ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਪੁੱਛਗਿੱਛ ਦੌਰਾਨ ਮੁਲਜ਼ਮ ਨੇ ਆਪਣੇ ਦੋ ਹੋਰ ਸਾਥੀਆਂ ਦੀ ਸ਼ਮੂਲੀਅਤ ਦਾ ਖੁਲਾਸਾ ਕੀਤਾ, ਜਿਸ ਨਾਲ ਹੋਰ ਬਰਾਮਦਗੀਆਂ ਹੋਈਆਂ। ਭੁੱਲਰ ਨੇ ਦੱਸਿਆ ਕਿ ਉਕਤ ਦੇ ਖੁਲਾਸੇ ਦੇ ਆਧਾਰ 'ਤੇ ਪੁਲਸ ਨੇ ਦੋ ਹੋਰ ਮੁਲਜ਼ਮਾਂ ਜਿਨ੍ਹਾਂ ਦੀ ਪਛਾਣ ਤਿਲਕ ਉਰਫ਼ ਸ਼ਿਬੂ ਤੇ ਦਲਜੀਤ ਸਿੰਘ ਉਰਫ਼ ਲਾਲਾ ਵਜੋਂ ਹੋਈ ਹੈ, ਨੂੰ ਨਾਮਜ਼ਦ ਕਰਕੇ ਗ੍ਰਿਫ਼ਤਾਰ ਕਰ ਲਿਆ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ 3 ਕਿਲੋ ਹੋਰ ਹੈਰੋਇਨ ਬਰਾਮਦ ਕੀਤੀ। ਸੀ. ਪੀ. ਨੇ ਦੱਸਿਆ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਫਿਰੋਜ਼ਪੁਰ ਵਿਚ ਸਰਹੱਦੀ ਖੇਤਰ ਦੇ ਨੇੜੇ ਰਿਹਾਇਸ਼ ਹੋਣ ਕਾਰਨ ਮੁਲਜ਼ਮ ਗੁਰਵਿੰਦਰ ਸਿੰਘ ਉਰਫ਼ ਗੋਪੀ, ਫਿਰੋਜ਼ਪੁਰ ਖੇਤਰ ਵਿਚ ਡਰੋਨ ਡਰੌਪ ਰਾਹੀਂ ਨਸ਼ੀਲੇ ਪਦਾਰਥਾਂ ਦੀ ਖੇਪ ਤੇ ਹੋਰ ਗੈਰ-ਕਾਨੂੰਨੀ ਖੇਪਾਂ ਪ੍ਰਾਪਤ ਕਰਨ ਵਿਚ ਸਰਗਰਮ ਸੀ। ਉਨ੍ਹਾਂ ਦੱਸਿਆ ਕਿ ਇਹ ਵੀ ਪਤਾ ਲੱਗਿਆ ਹੈ ਕਿ ਮੁਲਜ਼ਮ ਗੁਰਵਿੰਦਰ ਸਿੰਘ ਉਰਫ਼ ਗੋਪੀ ਖੇਪਾਂ ਪ੍ਰਾਪਤ ਕਰਨ ਲਈ ਇਕ ਵਿਦੇਸ਼ੀ ਤਸਕਰ ਨਾਲ ਸਿੱਧੇ ਤੌਰ 'ਤੇ ਸੰਪਰਕ ਵਿਚ ਸੀ। ਇਸ ਸਬੰਧ ਵਿਚ ਅੰਮ੍ਰਿਤਸਰ ਦੇ ਪੁਲਸ ਸਟੇਸ਼ਨ ਗੇਟ ਹਕੀਮਾਂ ਵਿਚ ਕੇਸ ਦਰਜ ਕਰ ਲਿਆ ਹੈ।



# ਬੀਬੀ ਕੌਲਾਂ ਜੀ ਹਸਪਤਾਲ ਫਤਿਹਗੜ੍ਹ ਚੂੜੀਆਂ ਵਿਖੇ ਗੁਰਦੇ ਦੇ ਰੋਗਾਂ ਦੀ ਓ ਪੀ ਡੀ ਸ਼ੁਰੂ

**ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)**- ਫਤਿਹਗੜ੍ਹ ਚੂੜੀਆਂ ਅਜਨਾਲਾ ਰੋਡ ਵਿਖੇ ਸਥਿਤ ਬੀਬੀ ਕੌਲਾਂ ਜੀ ਹਸਪਤਾਲ ਜੋ ਕਿ ਲੰਬੇ ਸਮੇਂ ਤੋਂ ਇਲਾਕੇ ਵਿੱਚ ਆਪਣੀਆਂ ਪਹਿਲਾਂ ਹੀ ਸੇਵਾਵਾਂ ਨਿਭਾ ਰਿਹਾ ਹੈ, ਵਿੱਚ ਵਾਧਾ ਕਰਦੇ ਹੋਏ ਗੁਰਦੇ ਦੇ ਰੋਗਾਂ ਦੇ ਮਰੀਜ਼ਾਂ ਲਈ ਓਪੀਡੀ ਸ਼ੁਰੂ ਕੀਤੀ ਗਈ ਹੈ। ਗੱਲਬਾਤ ਦੌਰਾਨ ਡਾਕਟਰ ਅਮਨਪ੍ਰੀਤ ਸਿੰਘ ਵੱਲੋਂ ਦੱਸਿਆ ਗਿਆ ਕਿ ਇਲਾਕੇ ਦੀ ਮੁੱਖ ਮੰਗ ਨੂੰ ਵੇਖਦੇ ਹੋਏ ਗੁਰਦਿਆਂ ਦੇ ਰੋਗਾਂ ਦੇ ਮਰੀਜ਼ਾਂ ਦੇ ਇਲਾਜ ਲਈ ਪੰਜਾਬ ਦੇ ਮਾਹਿਰ ਡਾਕਟਰ ਰਾਧਿਕਾ ਗਰਗ ਡੀਆਰਐੱਨਬੀ, ਨੈਫਰੋਲੋਜੀ ਅਤੇ ਕਿਡਨੀ ਟਰਾਂਸਪਲਾਂਟ ਫਿਜ਼ੀਸ਼ੀਅਨ ਸੇਵਾਵਾਂ ਨਿਭਾਉਣਗੇ।ਉਨ੍ਹਾਂ ਇਹ ਵੀ ਦੱਸਿਆ ਕਿ ਪਿਛਲੇ ਕਈ ਸਾਲਾਂ ਤੋਂ ਖਾਲਸਾ ਏਡ ਇੰਟਰਨੈਸ਼ਨਲ ਵੱਲੋਂ ਡਾਇਲਸਿਸ ਸੁਵਿਧਾਵਾਂ ਬੀਬੀ ਕੌਲਾਂ ਜੀ ਹਸਪਤਾਲ ਵਿਖੇ ਚੱਲ ਰਹੀਆਂ ਹਨ।ਇਲਾਕੇ ਦੀ ਮੁੱਖ ਮੰਗ ਨੂੰ ਦੇਖਦੇ ਹੋਏ ਲਿਵਾਸਾ ਹਸਪਤਾਲ ਗਰੁੱਪ ਅੰਮ੍ਰਿਤਸਰ ਵੱਲੋਂ ਅਤੇ ਬੀਬੀ ਕੌਲਾਂ ਜੀ ਹਸਪਤਾਲ ਨਾਲ ਮਿਲ ਕੇ ਓਪੀਡੀ ਸ਼ੁਰੂ ਕਰਨ ਦਾ ਬੀੜਾ ਚੁੱਕਿਆ।ਲਿਵਾਸਾ ਹਸਪਤਾਲ ਅੰਮ੍ਰਿਤਸਰ ਤੋਂ ਡਾਕਟਰ ਰਾਧਿਕਾ ਗਰਗ, ਅਤੇ ਦਿਵਿਆ ਪ੍ਰਸ਼ਾਂਤ ਬਜਾਜ ਵੀ. ਪੀ. ਲਿਵਾਸਾ ਹਸਪਤਾਲ ਦਾ ਬੀਬੀ ਕੌਲਾਂ ਜੀ ਹਸਪਤਾਲ ਫਤਿਹਗੜ੍ਹ ਚੂੜੀਆਂ ਵਿਖੇ ਪਹੁੰਚਣ ਤੇ ਡਾਕਟਰ ਅਮਨਪ੍ਰੀਤ ਸਿੰਘ, ਡਾਕਟਰ ਗਗਨਦੀਪ ਕੌਰ ਵੱਲੋਂ ਉਨ੍ਹਾਂ ਦਾ ਤਹਿ ਦਿਲ ਤੋਂ ਸਵਾਗਤ ਕੀਤਾ।ਉਪਰੰਤ ਰਾਧਿਕਾ ਗਰਗ ਅਤੇ ਦਿਵਿਆ ਪ੍ਰਸ਼ਾਂਤ ਬਜਾਜ ਨੇ ਸਭ ਤੋਂ ਪਹਿਲਾਂ ਰੀਬਨ ਕੱਟ ਕੇ ਆਪਣੀ ਓਪੀਡੀ ਦੀ ਸ਼ੁਰੂਆਤ ਕੀਤੀ।ਡਾਕਟਰ ਅਮਨਪ੍ਰੀਤ ਸਿੰਘ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਬੀਬੀ ਕੌਲਾਂ ਜੀ ਹਸਪਤਾਲ ਫਤਿਹਗੜ੍ਹ ਚੂੜੀਆਂ ਵੱਲੋਂ ਪਿਛਲੇ ਤਿੰਨ ਸਾਲ ਤੋਂ ਗੁਰਦਿਆਂ ਨਾਲ ਸੰਬੰਧਿਤ ਡਾਇਲਿਸਿਸ ਆਦਿ ਦੀ ਸੇਵਾ ਨਿਭਾਈ ਜਾ ਰਹੀ ਹੈ।ਇੱਕ ਹੋਰ ਵਾਧਾ ਕਰਦੇ ਹੋਏ ਲਿਵਾਸਾ ਗਰੁੱਪ ਅੰਮ੍ਰਿਤਸਰ ਅਤੇ ਬੀਬੀ ਕੌਲਾਂ ਜੀ ਹਸਪਤਾਲ ਦੇ ਸਹਿਯੋਗ ਨਾਲ ਜਿਹੜੇ ਮਰੀਜ਼ ਪ੍ਰਾਈਵੇਟ ਹਸਪਤਾਲਾਂ ਦੇ ਮਹਿੰਗੇ ਖਰਚੇ ਨਹੀਂ ਉਠਾ ਸਕਦੇ ਉਨ੍ਹਾਂ ਦੀ ਸਹੂਲਤ ਲਈ ਇਕ ਨਾਮਾਤਰ ਚਾਰਜ ਉਤੇ ਹੀ ਆਪਣਾ ਇਲਾਜ (ਡਾਇਲਿਸਿਸ ਅਤੇ ਹੋਰ ਸੰਬੰਧਿਤ ਪ੍ਰਕਿਰਿਆਵਾਂ) ਕਰਵਾ ਸਕਣਗੇ।ਇਸ ਮੌਕੇ ਡਾਕਟਰ ਅਮਨਪ੍ਰੀਤ ਸਿੰਘ, ਡਾਕਟਰ ਗਗਨਦੀਪ ਕੌਰ, ਡਾਕਟਰ ਅਨਮੋਲਜੀਤ ਕੌਰ, ਡਾਕਟਰ ਕਸ਼ਿਸ਼ ਗੁਪਤਾ, ਡਾਕਟਰ ਅਮਨਿੰਦਰ ਸਿੰਘ, ਰਾਜਨ ਸ਼ਰਮਾ, ਜਤਿੰਦਰ ਰਾਣਾ ਲਿਵਾਸਾ ਹਸਪਤਾਲ ਅੰਮ੍ਰਿਤਸਰ ਤੋਂ ਇਲਾਵਾ ਬੀਬੀ ਕੌਲਾਂ ਜੀ ਹਸਪਤਾਲ ਦਾ ਸਮੂਹ ਸਟਾਫ ਹਾਜ਼ਰ ਸੀ।



# 'ਯੂਥ ਅਗੇਂਸਟ ਡਰੱਗਜ਼' ਜਾਗਰੂਕਤਾ ਮੁਹਿੰਮ ਸ਼ੁਰੂ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਮਾਨਯੋਗ ਜਸਟਿਸ ਅਸ਼ਵਨੀ ਕੁਮਾਰ ਮਿਸ਼ਰਾ ਜੱਜ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਐਗਜ਼ੀਕਿਊਟਿਵ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ.ਏ.ਐੱਸ. ਨਗਰ (ਮੋਹਾਲੀ) ਦੀ ਅਗਵਾਈ ਹੇਠ ਅਤੇ ਮਾਨਯੋਗ ਮੈਂਬਰ ਸਕੱਤਰ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ.ਏ.ਐੱਸ. ਨਗਰ ਤੋਂ ਇਲਾਵਾ ਸ਼੍ਰੀਮਤੀ ਜਤਿੰਦਰ ਕੌਰ ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੇ ਮਾਰਗਦਰਸ਼ਨ ਹੇਠ, ਜ਼ਿਲ੍ਹਾ ਲੀਗਲ ਸਰਵਿਸਿਜ਼ ਅਥਾਰਟੀ ਅੰਮ੍ਰਿਤਸਰ ਨੇ ਯੂਥ ਅਗੇਂਸਟ ਡਰੱਗਜ਼ ਜਾਗਰੂਕਤਾ ਮੁਹਿੰਮ ਦੀ ਸ਼ੁਰੂਆਤ ਕੀਤੀ। ਇਸ ਮੁਹਿੰਮ ਦਾ ਉਦੇਸ਼ ਨੌਜਵਾਨਾਂ ਅਤੇ ਵਿਆਪਕ ਸਮਾਜ ਨੂੰ ਨਸ਼ਿਆਂ ਦੇ ਖਤਰੇ ਬਾਰੇ ਜਾਗਰੂਕ ਕਰਨਾ ਅਤੇ ਇੱਕ ਸਿਹਤਮੰਦ, ਨਸ਼ਾ-ਮੁਕਤ ਸਮਾਜ ਦੀ ਨਿਰਮਾਣ ਮਹੱਤਤਾ ਉਤੇ ਜ਼ੋਰ ਦੇਣਾ ਹੈ।ਮੁਹਿੰਮ ਦੇ ਤਹਿਤ ਅਮਰਦੀਪ ਸਿੰਘ ਬੈਂਸ ਸਕੱਤਰ ਜ਼ਿਲ੍ਹਾ ਕਾਨੂੰਨੀ ਸੇਵਾਵਾ ਅਥਾਰਟੀ ਅੰਮ੍ਰਿਤਸਰ ਨੇ ਮਿਲੇਨੀਅਮ ਸਕੂਲ, ਮਜੀਠਾ ਰੋਡ ਅੰਮ੍ਰਿਤਸਰ ਵਿੱਚ ਜਾਗਰੂਕਤਾ ਸੈਮੀਨਾਰ ਕਰਵਾਇਆ ਅਤੇ ਪੋਸਟਰ ਤੇ ਨਾਅਰੇਬਾਜ਼ੀ ਮੁਕਾਬਲੇ ਆਯੋਜਿਤ ਕੀਤੇ। ਇਸ ਤੋਂ ਇਲਾਵਾ ਪੈਰਾ ਲੀਗਲ ਵਲੰਟੀਅਰਜ਼ ਅਤੇ ਵਕੀਲ ਸਹਿਬਾਨ ਵੱਲੋਂ ਅੰਮ੍ਰਿਤਸਰ ਦੇ ਵੱਖ-ਵੱਖ ਸਥਾਨਾਂ ਤੇ ਕਈ ਗਤੀਵਿਧੀਆਂ ਅਤੇ ਜਾਗਰੂਕਤਾ ਸੈਮੀਨਾਰ ਕਰਵਾਏ ਗਏ ਤਾਂ ਜੋ ਨਸ਼ਾ-ਵਿਰੋਧੀ ਸੁਨੇਹਾ ਫੈਲਾਇਆ ਜਾ ਸਕੇ ਅਤੇ ਨਸ਼ਾ-ਮੁਕਤ ਭਵਿੱਖ ਵੱਲ ਸਾਂਝੀ ਕੋਸ਼ਿਸ਼ਾਂ ਨੂੰ ਉਤਸ਼ਾਹਿਤ ਕੀਤਾ ਜਾ ਸਕੇ।

# 3 ਰੋਜ਼ਾ ਇਨੋਵੇਸ਼ਨ, ਡਿਜ਼ਾਇਨ ਅਤੇ ਉੱਦਮਤਾ ਬੂਟਕੈਂਪ ਦਾ ਸ਼ਾਨਦਾਰ ਆਗਾਜ਼

**ਅੰਮ੍ਰਿਤਸਰ, (ਨਰਿੰਦਰਜਤ ਸਿੰਘ)**— ਖ਼ਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ, ਰਣਜੀਤ ਐਵੀਨਿਊ ਵਿਖੇ ਸਕੂਲ ਸਿੱਖਿਆ ਅਤੇ ਸਾਖਰਤਾ ਵਿਭਾਗ, ਆਲ ਇੰਡੀਆ ਕੌਂਸਲ ਫਾਰ ਟੈਕਨੀਕਲ ਐਜੂਕੇਸ਼ਨ (ਏ. ਆਈ. ਸੀ. ਟੀ. ਈ.) ਅਤੇ ਸਿੱਖਿਆ ਮੰਤਰਾਲੇ ਦੇ ਇਨੋਵੇਸ਼ਨ ਸੈੱਲ (ਐੱਮ. ਆਈ. ਸੀ.) ਦੀ ਅਗਵਾਈ ਹੇਠ ਪੀ. ਐੱਮ. ਸ੍ਰੀ ਸਕੂਲ ਦੇ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਲਈ ਫੇਜ਼-1 ਇਨੋਵੇਸ਼ਨ, ਡਿਜ਼ਾਈਨ ਅਤੇ ਉਦਮਤਾ (ਆਈ. ਡੀ. ਈ.) ਬੂਟਕੈਂਪ ਦਾ ਸ਼ਾਨਦਾਰ ਆਗਾਜ਼ ਹੋਇਆ।ਇਸ ਮੌਕੇ ਕਾਲਜ ਵਿਦਿਆਰਥੀਆਂ ਦੁਆਰਾ ਸ਼ਬਦ ਗਾਇਨ ਕਰਨ ਉਪਰੰਤ ਮੁੱਖ ਮਹਿਮਾਨ ਵਜੋਂ ਪੁੱਜੇ ਖ਼ਾਲਸਾ ਯੂਨੀਵਰਸਿਟੀ ਦੇ ਪ੍ਰੋ-ਚਾਂਸਲਰ ਅਤੇ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਆਨਰੇਰੀ ਸਕੱਤਰ ਸ: ਰਜਿੰਦਰ ਮੋਹਨ ਸਿੰਘ ਛੀਨਾ ਨੇ ਵਧਾਵਾਨੀ ਫਾਊਂਡੇਸ਼ਨ ਦੇ ਸਹਿਯੋਗ ਨਾਲ 19 ਦਸੰਬਰ ਤੱਕ ਚੱਲਣ ਵਾਲੇ ਉਕਤ ਪ੍ਰੋਗਰਾਮ ਦਾ ਅਗਾਜ਼ ਕਾਲਜ ਡਾਇਰੈਕਟਰ ਡਾ. ਮੰਜੂ ਬਾਲਾ, ਯੋਗੇਸ਼ ਵਧਾਵਨ ਅਤੇ ਵਿਕਾਸ ਵਰਮਾ (ਏਆਈਸੀਟੀਈ-ਐਮਆਈਸੀ ਮਾਹਿਰ), ਰਮਨ ਕੁਮਾਰ (ਸਟੇਟ ਰਿਸੋਰਸਪਰਸਨ (ਅਕਾਦਮਿਕ ਅਤੇ ਹਿਊਮੈਨਟੀਜ਼), ਐੱਸਸੀਈਆਰਟੀ), ਵਾਣੀ ਗੰਢਾ ਅਤੇ ਗੌਰੀ ਮਦਾਨ (ਵਾਧਵਾਨੀ ਫਾਊਂਡੇਸ਼ਨ ਦੇ ਮਾਹਿਰ) ਨਾਲ ਮਿਲ ਕੇ ਸ਼ਮ੍ਹਾ ਰੌਸ਼ਨ ਕਰਕੇ ਕੀਤਾ।ਇਸ ਮੌਕੇ ਸ: ਛੀਨਾ ਨੇ ਵਿਦਿਆਰਥੀਆਂ 'ਚ ਨਿਪੁੰਨਤਾ ਨੂੰ ਢਾਲਣ ਲਈ ਸਿੱਖਿਅਕਾਂ ਦੀ ਮਹੱਤਵਪੂਰਨ ਭੂਮਿਕਾ 'ਤੇ ਜ਼ੋਰ ਦਿੰਦਿਆਂ ਅਧਿਆਪਕਾਂ ਨੂੰ ਵਿਦਿਆਰਥੀਆਂ 'ਚ ਉਤਸੁਕਤਾ, ਰਚਨਾਤਮਕਤਾ ਅਤੇ ਨਵੀਨਤਾ ਨੂੰ ਉਤਸ਼ਾਹਿਤ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੇਸ਼ ਭਰ 'ਚ ਨਵੀਨਤਾ ਵਾਤਾਵਰਣ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਇਸਦੀਆਂ ਦੂਰਦਰਸ਼ੀ ਪਹਿਲਕਦਮੀਆਂ ਲਈ ਏ. ਆਈ. ਸੀ. ਟੀ. ਈ.-ਐੱਮ. ਆਈ. ਸੀ. ਦੀ ਸ਼ਲਾਘਾ ਕੀਤੀ। ਇਸ ਮੌਕੇ ਵਾਣੀ ਗੰਢਾ ਅਤੇ ਗੌਰੀ ਮਦਾਨ ਬੂਟਕੈਂਪ ਦੌਰਾਨ ਇੰਟਰਐਕਟਿਵ ਸੈਸ਼ਨਾਂ, ਸਮੂਹ ਗਤੀਵਿਧੀਆਂ ਅਤੇ ਵਿਹਾਰਕ ਵਰਕਸ਼ਾਪਾਂ ਰਾਹੀਂ ਭਾਗੀਦਾਰਾਂ ਨਾਲ ਵਿਚਾਰ ਸਾਂਝੇ ਕਰਨਗੇ।ਇਸ ਤੋਂ ਪਹਿਲਾਂ ਡਾ. ਮੰਜੂ ਬਾਲਾ ਨੇ ਸਮੂਹ ਮਹਿਮਾਨਾਂ ਦਾ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਸਵਾਗਤ ਕਰਨ ਉਪਰੰਤ ਉਦਘਾਟਨੀ ਭਾਸ਼ਣ 'ਚ ਸਕੂਲ ਪੱਧਰ 'ਤੇ ਨਵੀਨਤਾ, ਰਚਨਾਤਮਕਤਾ ਅਤੇ ਡਿਜ਼ਾਈਨ ਸੋਚ ਨੂੰ ਪੋਸ਼ਣ ਦੇਣ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਆਤਮਨਿਰਭਰ ਭਾਰਤ ਦੇ ਦ੍ਰਿਸ਼ਟੀਕੋਣ ਨਾਲ ਜੁੜੇ ਭਵਿੱਖ ਲਈ ਤਿਆਰ ਪੀੜ੍ਹੀ ਦੇ ਨਿਰਮਾਣ ਲਈ ਅਧਿਆਪਕਾਂ ਨੂੰ ਉੱਦਮੀ ਅਤੇ ਸਮੱਸਿਆ-ਹੱਲ ਕਰਨ ਵਾਲੇ ਪਹੁੰਚਾਂ ਨਾਲ ਸਸ਼ਕਤ ਬਣਾਉਣਾ ਜ਼ਰੂਰੀ ਹੈ।ਉਨ੍ਹਾਂ ਕਿਹਾ ਕਿ ਇਸ ਪ੍ਰੋਗਰਾਮ 'ਚ ਜੰਡਿਆਲਾ ਗੁਰੂ, ਬਿਆਸ, ਨਾਗ ਕਲਾਂ, ਮਜੀਠਾ, ਕੱਥੂਨੰਗਲ, ਗੱਗੋਮਾਹਲ, ਅਜਨਾਲਾ, ਫਾਜ਼ਿਲਕਾ ਅਤੇ ਨੇੜਲੇ ਖੇਤਰਾਂ ਤੋਂ ਇਲਾਵਾ ਪੰਜਾਬ ਭਰ ਦੇ ਪੀ. ਐੱਮ. ਸ੍ਰੀ ਸਕੂਲਾਂ ਦੇ 190 ਤੋਂ ਵਧੇਰੇ ਪ੍ਰਿੰਸੀਪਲ ਅਤੇ ਅਧਿਆਪਕ ਹਿੱਸਾ ਲੈ ਰਹੇ ਹਨ।ਇਸ ਮੌਕੇ ਵਧਾਵਨ ਅਤੇ ਵਰਮਾ ਨੇ ਸਾਂਝੇ ਤੌਰ 'ਤੇ ਸਕੂਲ ਸਿੱਖਿਆ 'ਚ ਨਵੀਨਤਾ, ਡਿਜ਼ਾਈਨ ਸੋਚ ਅਤੇ ਉੱਦਮਤਾ ਸਬੰਧੀ ਵਿਚਾਰਾਂ ਸਾਂਝੀਆਂ ਕੀਤੀਆਂ।ਉਨ੍ਹਾਂ ਨੇ ਪ੍ਰਿੰਸੀਪਲਾਂ ਅਤੇ ਅਧਿਆਪਕਾਂ ਨੂੰ ਬੂਟਕੈਂਪ ਤੋਂ ਪ੍ਰਾਪਤ ਸਿੱਖਿਆਵਾਂ ਨੂੰ ਆਪਣੇ-ਆਪਣੇ ਅਦਾਰਿਆਂ 'ਚ ਸਰਗਰਮੀ ਨਾਲ ਲਾਗੂ ਕਰਨ ਲਈ ਪ੍ਰੇਰਿਤ ਕੀਤਾ।



# ਹੈਰੀ ਸਰਕਾਰੀਆ ਨੇ ਆਪਣੀ ਜਿੱਤ ਲਈ ਵਿਧਾਇਕ ਬਾਜਵਾ ਸਮੇਤ ਵੋਟਰਾਂ ਦਾ ਕੀਤਾ ਧੰਨਵਾਦ

**ਫ਼ਤਿਹਗੜ੍ਹ ਚੂੜੀਆਂ, (ਜਸਦੇਵ ਸਿੰਘ ਮਾਨ)**- ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਦੀ ਸ਼ਾਨਦਾਰ ਜਿੱਤ ਹੋਈ ਹੈ, ਜਿਸਦੇ ਤਹਿਤ ਜ਼ੋਨ ਨੰਬਰ 5 ਠੱਠਾ ਤੋਂ ਕਾਂਗਰਸ ਦੇ ਜੇਤੂ ਉਮੀਦਵਾਰ ਯਸ਼ਮਿੰਦਰ ਸਿੰਘ ਹੈਰੀ ਸਰਕਾਰੀਆ ਨੇ ਆਪਣੀ ਜਿੱਤ ਲਈ ਹਲਕਾ ਵਿਧਾਇਕ ਤ੍ਰਿਪਰਜਿੰਦਰ ਸਿੰਘ ਬਾਜਵਾ, ਸਾਬਕਾ ਚੇਅਰਮੈਨ ਜ਼ਿਲ੍ਹਾ ਪ੍ਰੀਸ਼ਦ ਰਵੀਨੰਦਨ ਸਿੰਘ ਬਾਜਵਾ, ਪਾਰਟੀ ਆਗੂਆਂ ਸਮੇਤ ਵੋਟਰਾਂ ਦਾ ਧੰਨਵਾਦ ਕੀਤਾ ਹੈ।ਰਿਟਰਨਿੰਗ ਅਫ਼ਸਰ ਪਾਸੋਂ ਜੇਤੂ ਸਰਟੀਫਿਕੇਟ ਪ੍ਰਾਪਤ ਕਰਨ ਮਗਰੋਂ ਹੈਰੀ ਸਰਕਾਰੀਆ ਨੇ ਗੱਲਬਾਤ ਕਰਦਿਆਂ ਕਿਹਾ ਕਿ ਉਹ ਆਪਣੇ ਠੱਠਾ ਜ਼ੋਨ ਦੇ ਸਮੂਹ ਵੋਟਰਾਂ ਦਾ ਧੰਨਵਾਦ ਕਰਦੇ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਮਾਣ ਬਖ਼ਸ਼ਿਆ ਹੈ ਅਤੇ ਉਹ ਆਪਣੇ ਵਰਕਰਾਂ ਦੀ 24 ਘੰਟੇ ਸੇਵਾ ਵਿੱਚ ਹਾਜ਼ਿਰ ਰਹਿਣਗੇ।ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦੀ ਹੱਲਾਸ਼ੇਰੀ ਸਦਕਾ ਉਨ੍ਹਾਂ ਨੇ ਬਲਾਕ ਸੰਮਤੀ ਚੋਣਾਂ ਵਿੱਚ ਆਪਣੀ ਜਿੱਤ ਦਾ ਝੰਡਾ ਬੁਲੰਦ ਕੀਤਾ ਹੈ। ਸਰਕਾਰੀਆ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਹਮੇਸ਼ਾਂ ਉਨ੍ਹਾਂ ਨੂੰ ਮਾਣ ਸਤਿਕਾਰ ਬਖ਼ਸ਼ਿਆ ਹੈ, ਜਿਸ ਲਈ ਉਹ ਸਦਾ ਰਿਣੀ ਰਹਿਣਗੇ।ਉਨ੍ਹਾਂ ਕਿਹਾ ਕਿ ਕਾਂਗਰਸ ਨੇ ਹਲਕਾ ਫ਼ਤਿਹਗੜ੍ਹ ਚੂੜੀਆਂ ਵਿੱਚ 12 ਬਲਾਕ ਸੰਮਤੀ ਜ਼ੋਨਾਂ ਅਤੇ 2 ਜ਼ਿਲ੍ਹਾ ਪ੍ਰੀਸ਼ਦ ਜ਼ੋਨਾਂ ਵਿੱਚ ਜਿੱਤ ਪ੍ਰਾਪਤ ਕਰਕੇ 2027 ਦੀਆਂ ਵਿਧਾਨ ਸਭਾ ਚੋਣਾਂ ਦਾ ਮੁੱਢ ਬੰਨ੍ਹ ਦਿੱਤਾ ਹੈ, ਜਿਸ ਤੋਂ ਸਾਫ਼ ਸਿੱਧ ਹੁੰਦਾ ਹੈ ਕਿ ਲੋਕ 2027 ਵਿੱਚ ਮੌਜੂਦਾ ਸਰਕਾਰ ਨੂੰ ਦਰਕਿਨਾਰ ਕਰਕੇ ਕਾਂਗਰਸ ਦੇ ਹੱਕ ਵਿੱਚ ਫਤਵਾ ਦੇਣਗੇ।ਇਸ ਮੌਕੇ ਹੈਰੀ ਸਰਕਾਰੀਆ ਨਾਲ ਕੌਂਸਲਰ ਦਵਿੰਦਰਪਾਲ ਸਿੰਘ ਮੱਘਾ ਅਤੇ ਕੌਂਸਲਰ ਰਣਯੋਧ ਸਿੰਘ ਦਿਓ ਮੌਜੂਦ ਸਨ।



# ਜਿੱਤਣ ਦੀ ਖੁਸ਼ੀ 'ਚ ਆਪ ਆਗੂਆਂ ਨੇ 51 ਕਿੱਲੋ ਲੱਡੂ ਵੰਡੇ

**ਚਵਿੰਡਾ ਦੇਵੀ (ਖੁਸ਼ਹਾਲ ਸੁੰਦਰ)**- ਪੰਜਾਬ ਦੇ ਵੱਖ-ਵੱਖ ਜ਼ਿਲਿਆ ਵਿੱਚ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੇ ਦੰਗਲ ਵਿੱਚ ਸਭ ਤੋਂ ਜ਼ਿਆਦਾ ਅਹਿਮੀਅਤ ਵਿਧਾਨ ਸਭਾ ਹਲਕਾ ਮਜੀਠਾ ਨੂੰ ਦਿੱਤੀ ਗਈ ਜਿਸਦੀ ਮੁੱਖ ਵਜ੍ਹਾ ਪਿਛਲੇ ਕਈ ਦਹਾਕਿਆਂ ਤੋਂ ਅਕਾਲੀ ਦਲ ਬਾਦਲ ਦਾ ਇਸ ਸੀਟ 'ਤੇ ਕਬਜ਼ਾ ਹੋਣਾ ਹੈ।ਜ਼ਿਕਰਯੋਗ ਹੈ ਕਿ ਇਸ ਸੀਟ 'ਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਦਾ ਦਬਦਬਾ ਬਣਿਆ ਹੋਇਆ ਹੈ ਪਰ ਇਸ ਜਿੱਤ ਨਾਲ ਇਹ ਦਬਦਬਾ ਖਤਮ ਹੋਣ ਦੇ ਅਸਾਰ ਦਿਖਾਈ ਦੇ ਰਹੇ ਹਨ ਅਤੇ ਇਹ ਸੀਟ ਆਪ ਦੀ ਝੋਲੀ ਜਾਂਦੀ ਦਿਖਾਈ ਦੇ ਰਹੀ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਮਜੀਠਾ ਦੇ ਸੀਨੀਅਰ ਆਪ ਆਗੂ ਸਵਰਨ ਸਿੰਘ, ਐੱਸ. ਐੱਸ. ਵਾਲੀਆ, ਭਰਤ ਸੁੰਦਰ ਨੇ ਕੀਤਾ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਜਿੱਤ ਨੇ ਹਲਕਾ ਇੰਨਚਾਰਜ ਤਲਬੀਰ ਸਿੰਘ ਗਿੱਲ ਦਾ ਸਿਆਸੀ ਕੱਦ ਹੋਰ ਉਚਾ ਕਰ ਦਿੱਤਾ ਹੈ ਅਤੇ ਇਹ ਸੀਟ ਆਉਣ ਵਾਲੀਆ ਵਿਧਾਨ ਸਭਾ ਚੋਣਾਂ ਵਿੱਚ ਆਪ ਦੀ ਝੋਲੀ ਪਵੇਗੀ।ਇਸ ਮੌਕੇ ਆਪ ਆਗੂਆ ਵੱਲੋਂ 51 ਕਿਲੋ ਲੱਡੂ ਵੰਡ ਕੇ ਜਿੱਤ ਦੀ ਖੁਸ਼ੀ ਮਨਾਈ।

# ਸ੍ਰੀ ਗੁਰੂ ਤੇਗ ਬਹਾਦਰ ਮਹਾਨ ਗੁਰੂ, ਕਵੀ, ਭਗਤ ਤੇ ਸੂਰਬੀਰ ਸਨ : ਪ੍ਰਿੰ: ਨਾਗਪਾਲ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਖਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਖਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਉਨ੍ਹਾਂ ਦੇ ਅਨਿਨ ਸੇਵਕ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਦੇ ਸਬੰਧ 'ਚ ਕਾਲਜ ਕੈਂਪਸ ਸਥਿਤ ਗੁਰਦੁਆਰਾ ਸਾਹਿਬ ਵਿਖੇ ਧਾਰਮਿਕ ਸਮਾਗਮ ਕਰਵਾਇਆ ਗਿਆ। ਸਕੂਲ ਪ੍ਰਿੰਸੀਪਲ ਪੁਨੀਤ ਕੌਰ ਨਾਗਪਾਲ ਦੇ ਸਹਿਯੋਗ ਨਾਲ ਕਰਵਾਏ ਗਏ ਉਕਤ ਸਮਾਗਮ ਮੌਕੇ ਸਟਾਫ ਤੇ ਵਿਦਿਆਰਥੀਆਂ ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਉਪਰੰਤ ਗੁਰ ਜੱਸ ਗਾਇਨ ਕਰਕੇ ਹਾਜ਼ਰ ਸੰਗਤ ਨੂੰ ਨਿਹਾਲ ਕੀਤਾ।ਇਸ ਮੌਕੇ ਪ੍ਰਿੰ: ਨਾਗਪਾਲ ਨੇ ਵਿਦਿਆਰਥਣਾਂ ਨੂੰ ਗੁਰੂ ਸਾਹਿਬ ਦੇ ਜੀਵਨ ਫਲਸਫੇ ਸਬੰਧੀ ਚਾਨਣਾ ਪਾਉਂਦਿਆਂ ਕਿਹਾ ਕਿ ਸ੍ਰੀ ਗੁਰੂ ਤੇਗ਼ ਬਹਾਦਰ ਜੀ ਇਕ ਮਹਾਨ ਗੁਰੂ, ਕਵੀ, ਭਗਤ ਤੇ ਸੂਰਬੀਰ ਸਨ, ਜਿਨ੍ਹਾਂ ਨੇ ਔਰੰਗਜ਼ੇਬ ਨੂੰ ਹਿੰਦੂਆਂ ਨੂੰ ਜ਼ਬਰਦਸਤੀ ਮੁਸਲਮਾਨ ਬਣਾਉਣ ਤੋਂ ਰੋਕਦਿਆਂ ਮਹਾਨ ਸ਼ਹਾਦਤ ਦਿੱਤੀ।ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਜੀ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਗਏ ਮਹਾਨ ਬਲਿਦਾਨ ਕਾਰਨ 'ਹਿੰਦ ਦੀ ਚਾਦਰ' ਦਾ ਮਹਾਨ ਰੁਤਬਾ ਪ੍ਰਾਪਤ ਹੋਇਆ ਕਿਉਂਕਿ ਆਪ ਜੀ ਦੇ ਮਹਾਨ ਬਲਿਦਾਨ ਸਦਕਾ ਹੀ ਜਾਲਮ ਹਾਕਮਾਂ ਦੇ ਜਬਰ ਦਾ ਸ਼ਿਕਾਰ ਹੋ ਰਹੇ ਲੋਕ ਆਪਣੇ ਹੱਕਾਂ ਦੀ ਰਾਖੀ ਲਈ ਕੁਰਬਾਨੀਆਂ ਦੇਣ ਲਈ ਤਿਆਰ ਹੋ ਗਏ।ਇਸ ਮੌਕੇ ਪ੍ਰਿੰ: ਨਾਗਪਾਲ ਨੇ ਕਿਹਾ ਕਿ ਗੁਰੂ ਸਾਹਿਬ ਜੀ ਦੀਆਂ ਰਚਨਾਵਾਂ 'ਚ ਕਾਦਰ, ਕੁਦਰਤ, ਮਨੁੱਖੀ ਸਬੰਧ ਤੇ ਵਿਰਾਗ ਦਾ ਅਤਿ ਖ਼ੂਬਸੂਰਤ ਢੰਗ ਨਾਲ ਜ਼ਿਕਰ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਜੀ ਦੀ ਬਾਣੀ ਸਮੂਹ ਮਨੁੱਖਤਾ ਨੂੰ ਮਾਨਵਵਾਦੀ ਕਦਰਾਂ-ਕੀਮਤਾਂ ਨੂੰ ਸਥਾਪਿਤ ਕਰਨ ਸਬੰਧੀ ਪ੍ਰੇਰਿਤ ਕਰਦੀ ਹੈ।ਇਸ ਮੌਕੇ ਉਨ੍ਹਾਂ ਵਿਦਿਆਰਥਣਾਂ ਨੂੰ ਗੁਰੂ ਸਾਹਿਬ ਜੀ ਦੇ ਉਪਦੇਸ਼ਾਂ ਨੂੰ ਜੀਵਨ 'ਚ ਅਪਨਾਉਂਦਿਆਂ ਹੋਇਆ ਮਿਹਨਤ, ਇਮਾਨਦਾਰੀ, ਲਗਨ ਅਤੇ ਮਜ਼ਲੂਮਾਂ ਦੀ ਸਹਾਇਤਾ ਕਰਨ ਲਈ ਉਤਸ਼ਾਹਿਤ ਕਰਦਿਆਂ ਮਿੱਥੇ ਟੀਚੇ ਨੂੰ ਪ੍ਰਾਪਤ ਪ੍ਰੇਰਿਆ।ਇਸ ਮੌਕੇ ਵਿਦਿਆਰਥਣਾਂ ਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਜੀਵਨ ਨੂੰ ਦਰਸਾਉਂਦੀ ਮਹੱਤਵਪੂਰਨ ਪਹਿਲੂਆਂ ਸਬੰਧੀ ਤਿਆਰ ਕੀਤੇ ਗਏ ਚਿੱਤਰਾਂ ਦੀ ਪ੍ਰਦਰਸ਼ਨੀ ਵੀ ਲਗਾਈ ਗਈ।ਇਸ ਮੌਕੇ ਸਮੂਹ ਸਕੂਲ ਸਟਾਫ ਤੇ ਵਿਦਿਆਰਥਣਾਂ ਹਾਜ਼ਰ ਸਨ।



# ਸੇਵਾ ਦੇਵੀ ਐੱਸਡੀ ਕਾਲਜ ਤਰਨ ਤਾਰਨ ਵਿਖੇ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ

**ਤਰਨ ਤਾਰਨ, (ਪ੍ਰਿਤਪਾਲ ਸਿੰਘ)**- ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸ਼ੁਰੂ ਕੀਤੀ ਗਈ ਯੂਥ ਅਗੇਂਸਟ ਡਰੱਗ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਤਹਿਤ ਸ਼੍ਰੀ ਕੰਵਲਜੀਤ ਸਿੰਘ ਬਾਜਵਾ ਮਾਨਯੋਗ ਪ੍ਰਿੰਸੀਪਲ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਤਰਨ ਤਾਰਨ ਦੀ ਅਗਵਾਈ ਹੇਠ ਸੇਵਾ ਦੇਵੀ ਐੱਸ. ਡੀ. ਕਾਲਜ ਤਰਨ ਤਾਰਨ

**● ਕੰਵਲਜੀਤ ਸਿੰਘ ਬਾਜਵਾ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ**

ਵਿਖੇ ਇੱਕ ਜਾਗਰੂਕਤਾ ਪ੍ਰੋਗਰਾਮ ਕਰਵਾਇਆ ਗਿਆ।ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮ ਦੀ ਪ੍ਰਧਾਨਗੀ ਪ੍ਰਿੰਸੀਪਲ ਜ਼ਿਲ੍ਹਾ ਤੇ ਸੈਸ਼ਨ ਜੱਜ ਕੰਵਲਜੀਤ ਸਿੰਘ ਬਾਜਵਾ ਵੱਲੋਂ ਕੀਤੀ ਗਈ।ਪ੍ਰੋਗਰਾਮ ਦੌਰਾਨ ਵਿਦਿਆਰਥੀਆਂ ਵੱਲੋਂ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਲਈ ਇੱਕ ਨੁੱਕੜ ਨਾਟਕ ਪੇਸ਼ ਕੀਤਾ ਗਿਆ।ਇਸ ਨਾਟਕ ਦੌਰਾਨ ਵਿਦਿਆਰਥੀਆਂ ਨੇ ਨਸ਼ਿਆਂ ਦੀ ਤਰਾਸਦੀ ਨੂੰ ਬੜੇ ਹੀ ਭਾਵਨਾਤਮਕ ਢੰਗ ਨਾਲ ਪੇਸ਼ ਕਰਕੇ ਹਾਜ਼ਰੀਨ ਨੂੰ ਨਸ਼ਿਆਂ ਤੋਂ ਬਚਣ ਦਾ ਸੁਨੇਹਾ ਦਿੱਤਾ।ਸੇਵਾ ਦੇਵੀ ਐੱਸ. ਡੀ. ਕਾਲਜ ਆਫ਼ ਐਜੂਕੇਸ਼ਨ, ਤਰਨ ਤਾਰਨ ਦੇ ਬੱਚਿਆਂ ਵੱਲੋ ਨਸ਼ਿਆਂ ਵਿਰੁੱਧ ਡਰਾਇੰਗ ਵੀ ਬਣਾਈਆਂ ਗਈਆ। ਇਸ ਤੋਂ ਇਲਾਵਾ ਨਸ਼ਿਆਂ ਵਿਰੁੱਧ ਸਹੁੰ ਵੀ ਚੁਕਾਈ ਗਈ। ਸੇਵਾ ਦੇਵੀ ਐੱਸਡੀ. ਕਾਲਜ ਆਫ਼ ਐਜੂਕੇਸ਼ਨ, ਤਰਨ ਤਾਰਨ ਵਿਖੇ ਮੈਡੀਕਲ ਕੈਂਪ ਅਤੇ ਬਲੱਡ ਡੋਨੇਸ਼ਨ ਕੈਂਪ ਦਾ ਵੀ ਆਯੋਜਨ ਕੀਤਾ ਗਿਆ।ਇਸ ਮੌਕੇ ਪ੍ਰਿੰਸੀਪਲ ਜ਼ਿਲ੍ਹਾ ਤੇ ਸੈਸ਼ਨ ਜੱਜ ਤਰਨ ਤਾਰਨ ਕੰਵਲਜੀਤ ਸਿੰਘ ਬਾਜਵਾ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਨਸ਼ਿਆਂ ਖਿਲਾਫ਼ ਚਲਾਏ ਜਾ ਰਹੇ ਅਭਿਆਨ ਦਾ ਹਿੱਸਾ ਬਣਨ ਅਤੇ ਜਿੱਥੇ ਖੁਦ ਨਸ਼ਿਆਂ ਤੋਂ ਬਚਣ ਉਥੇ ਹੋਰ ਨੌਜਵਾਨਾਂ ਨੂੰ ਵੀ ਨਸ਼ਿਆਂ ਤੋਂ ਬਚਣ ਲਈ ਪ੍ਰੇਰਿਤ ਕਰਨ।ਉਨ੍ਹਾਂ ਕਿਹਾ ਕਿ ਨਸ਼ਾ ਕਰਨ ਵਾਲੇ ਵਿਅਕਤੀ ਦਾ ਜਿੱਥੇ ਸਰੀਰਕ ਨੁਕਸਾਨ ਹੁੰਦਾ ਹੈ ਉਥੇ ਇਸ ਨਾਲ ਆਰਥਿਕ ਨੁਕਸਾਨ ਹੁੰਦਾ ਹੈ ਅਤੇ ਪਰਿਵਾਰਕ ਰਿਸ਼ਤਿਆਂ ਵਿੱਚ ਵੀ ਵਿਗਾੜ ਆਉਂਦਾ ਹੈ। ਉਨ੍ਹਾਂ ਕਿਹਾ ਕਿ ਨਸ਼ੇੜੀ ਵਿਅਕਤੀ ਦਾ ਸਮਾਜਿਕ ਜੀਵਨ ਵੀ ਪੂਰੀ ਤਰ੍ਹਾਂ ਤਬਾਹ ਹੋ ਜਾਂਦਾ ਹੈ।ਇਸ ਮੌਕੇ ਮਿਸ ਸ਼ਿਲਪਾ, ਚੀਫ਼ ਜੁਡੀਸ਼ੀਅਲ ਮੈਜੀਸਟਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਤਰਨ ਤਾਰਨ, ਮਿਸ ਅਮਨਦੀਪ ਕੌਰ, ਡਿਪਟੀ, ਲੀਗਲ ਏਡ ਡੀਫੈਂਸ ਕੌਂਸਲ, ਤਰਨ ਤਾਰਨ, ਮਿਸ ਮਨਪ੍ਰੀਤ ਕੌਰ, ਅਸਿਸਟੈਂਟ, ਲੀਗਲ ਏਡ ਡਿਫੈਂਸ ਕੌਂਸਲ, ਤਰਨ ਤਾਰਨ, ਗੁਰਕੀਰਤ ਸਿੰਘ ਅਸਿਸਟੈਂਟ, ਲੀਗਲ ਏਡ ਡਿਫੈਂਸ ਕੌਂਸਲ ਤਰਨਤਾਰਨ, ਰਨਕਰਨਬੀਰ ਸਿੰਘ ਅਸਿਸਟੈਂਟ ਲੀਗਲ ਏਡ ਡਿਫੈਂਸ ਕੌਂਸਲ ਤਰਨ ਤਾਰਨ, ਵਿਨੋਦ ਕੁਮਾਰ ਖੰਨਾ ਪ੍ਰਧਾਨ ਸੇਵਾ ਦੇਵੀ ਐੱਸ. ਡੀ. ਕਾਲਜ ਆਫ਼ ਐਜੂਕੇਸ਼ਨ ਤਰਨ ਤਾਰਨ, ਜਤਿੰਦਰ ਕੁਮਾਰ ਸੂਦ ਜਨਰਲ ਸਕੱਤਰ ਸੇਵਾ ਦੇਵੀ ਐੱਸ. ਡੀ. ਕਾਲਜ ਆਫ਼ ਐਜੂਕੇਸ਼ਨ ਤਰਨ ਤਾਰਨ, ਅਨਿਲ ਕਪੂਰ ਮੈਨੇਜਰ ਡਾਇਰੈਕਟਰ, ਡਾਕਟਰ ਨੀਤੂ ਮੱਕੜ ਪ੍ਰਿੰਸੀਪਲ ਸੇਵਾ ਦੇਵੀ ਐੱਸ. ਡੀ. ਕਾਲਜ ਆਫ਼ ਐਜੂਕੇਸ਼ਨ ਤਰਨ ਤਾਰਨ, ਸੁਖਬੀਰ ਕੌਰ ਅਡੀਸ਼ਨਲ ਸਿਵਲ ਸਰਜਨ, ਸੁਰਿੰਦਰ ਕੁਮਾਰ ਸੀਨੀਅਰ ਮੈਡੀਕਲ ਅਫ਼ਸਰ, ਜਪਜੀਤ ਸਿੰਘ ਨਸ਼ਾ ਛਡਾਊ ਕੇਂਦਰ ਠਰੂ ਅਤੇ ਸੇਵਾ ਦੇਵੀ ਐੱਸ. ਡੀ. ਕਾਲਜ ਆਫ਼ ਐਜੂਕੇਸ਼ਨ ਤਰਨ ਤਾਰਨ ਦਾ ਸਾਰਾ ਸਟਾਫ਼ ਅਤੇ ਵਿਦਿਆਰਥੀ ਹਾਜ਼ਰ ਸਨ।



ਨਵਾਂ ਜ਼ਮਾਨਾ
ਸ਼ੁੱਕਰਵਾਰ, 19 ਦਸੰਬਰ 2025

# ਲਾਪ੍ਰਵਾਹ ਸਰਕਾਰਾਂ

ਕੇਂਦਰ ਸਰਕਾਰ ਦਿੱਲੀ ਤੇ ਉੱਤਰੀ ਭਾਰਤ ਦੇ ਬਹੁਤੇ ਹਿੱਸੇ ਵਿੱਚ ਭਿਆਨਕ ਹਵਾ ਪ੍ਰਦੂਸ਼ਣ ਨਾਲ ਨਜਿੱਠਣ ਪ੍ਰਤੀ ਕਿੰਨੀ ਕੁ ਸੰਜੀਦਾ ਹੈ, ਇਸ ਦੀ ਇੱਕ ਮਿਸਾਲ ਕੇਂਦਰੀ ਪਰਿਆਵਰਣ ਰਾਜ ਮੰਤਰੀ ਕੀਰਤੀਵਰਧਨ ਸਿੰਘ ਵੱਲੋਂ ਲੋਕ ਸਭਾ ਵਿੱਚ ਦਿੱਤੀ ਇਸ ਜਾਣਕਾਰੀ ਤੋਂ ਮਿਲਦੀ ਹੈ ਕਿ ਦੇਸ਼ ਵਿੱਚ ਪ੍ਰਦੂਸ਼ਣ ਕੰਟਰੋਲ ਬੋਰਡ ਤੇ ਕਮੇਟੀਆਂ ਵਿੱਚ ਮਨਜ਼ੂਰ ਵਿਗਿਆਨਕ ਤੇ ਟੈਕਨੀਕਲ ਅਹੁਦਿਆਂ ਵਿੱਚੋਂ ਲੱਗਭੱਗ 45 ਫੀਸਦੀ ਖਾਲੀ ਪਏ ਹਨ। ਦੇਸ਼ ਦੀ ਸਰਬਉੱਚ ਪ੍ਰਦੂਸ਼ਣ ਕੰਟਰੋਲ ਬਾਡੀ ਕੇਂਦਰੀ ਪ੍ਰਦੂਸ਼ਣ ਬੋਰਡ (ਸੀ ਪੀ ਸੀ ਬੀ), ਜੋ ਕੇਂਦਰੀ ਪਰਿਆਵਰਣ ਮੰਤਰਾਲੇ ਦੇ ਅਧੀਨ ਹੈ, ਵਿੱਚ ਵੀ 16.28 ਫੀਸਦੀ ਅਹੁਦੇ ਖਾਲੀ ਹਨ। ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੇ ਸਾਂਸਦ ਰਤਨਵੇਲ ਸਚਿਦਾਨੰਦਮ ਨੇ ਸਰਕਾਰ ਤੋਂ ਪੁੱਛਿਆ ਸੀ ਕਿ ਕੀ ਸੀ ਪੀ ਸੀ ਬੀ ਤੇ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ (ਐੱਸ ਪੀ ਸੀ ਬੀ) ਪਰਿਆਵਰਣ ਇੰਜੀਨੀਅਰਾਂ ਤੇ ਵਿਗਿਆਨੀਆਂ ਵਰਗੇ ਜ਼ਮੀਨੀ ਪੱਧਰ ਦੇ ਸਟਾਫ ਦੀ ਭਾਰੀ ਕਮੀ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾ ਇਹ ਵੀ ਪੁੱਛਿਆ ਸੀ ਕਿ ਕਿੰਨੇ ਅਹੁਦੇ ਖਾਲੀ ਹਨ ਤੇ ਸਰਕਾਰ ਕਾਮਾ-ਸ਼ਕਤੀ ਦੀ ਕਮੀ ਦੂਰ ਕਰਨ ਲਈ ਕੀ ਕਰ ਰਹੀ ਹੈ।

ਸੀ ਪੀ ਸੀ ਬੀ ਦੇ ਇਲਾਵਾ 28 ਐੱਸ ਪੀ ਸੀ ਬੀ ਅਤੇ 8 ਪ੍ਰਦੂਸ਼ਣ ਕੰਟਰੋਲ ਕਮੇਟੀਆਂ ਹਨ (ਪੀ ਸੀ ਸੀ, ਜਿਹੜੀਆਂ ਦਿੱਲੀ-ਐੱਨ ਸੀ ਆਰ ਸਣੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਕੰਮ ਕਰਦੀਆਂ ਹਨ)। ਵਿਗਿਆਨੀਆਂ ਤੇ ਇੰਜੀਨੀਅਰਾਂ ਦੀ ਕੁੱਲ ਪ੍ਰਵਾਨਤ ਗਿਣਤੀ 6932 ਹੈ, ਜਿਨ੍ਹਾਂ ਵਿੱਚੋਂ 3161 ਜਾਂ 45.6 ਫੀਸਦੀ ਖਾਲੀ ਹਨ। ਸੀ ਪੀ ਸੀ ਬੀ ਵਿੱਚ 64 ਖਾਲੀ ਹਨ। ਐੱਸ ਪੀ ਸੀ ਬੀ ਵਿੱਚ 6137 ਵਿੱਚੋਂ 2921 ਖਾਲੀ ਹਨ ਜਦਕਿ ਪੀ ਸੀ ਸੀ ਦੇ 402 ਅਹੁਦਿਆਂ ਵਿੱਚੋਂ 176 ਖਾਲੀ ਹਨ। ਦਿੱਲੀ ਵਿੱਚ ਪੀ ਸੀ ਸੀ ਹੀ ਹੈ। ਮੰਤਰੀ ਨੇ ਏਨੇ ਅਹੁਦੇ ਖਾਲੀ ਰਹਿਣ ਦੀ ਖੁਦ ਜ਼ਿੰਮੇਦਾਰੀ ਲੈਣ ਦੀ ਥਾਂ ਠੀਕਰਾ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਸਿਰ ਭੰਨ ਦਿੱਤਾ। ਉਨ੍ਹਾ ਮੁਤਾਬਕ ਰਾਜ ਪ੍ਰਦੂਸ਼ਣ ਕੰਟਰੋਲ ਬੋਰਡ ਤੇ ਪ੍ਰਦੂਸ਼ਣ ਕੰਟਰੋਲ ਕਮੇਟੀਆਂ ਰਾਜਾਂ ਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਅਧੀਨ ਹਨ, ਇਸ ਲਈ ਅਹੁਦੇ ਭਰਨ ਦੀ ਜ਼ਿੰਮੇਵਾਰੀ ਉਨ੍ਹਾਂ ਦੀ ਹੀ ਬਣਦੀ ਹੈ।

ਸਰਕਰਦਾ ਅਖਬਾਰ 'ਟਾਈਮਜ਼ ਆਫ ਇੰਡੀਆ' ਦੀ ਰਿਪੋਰਟ ਦੱਸਦੀ ਹੈ ਕਿ ਖਾਲੀ ਅਸਾਮੀਆਂ ਨਾ ਭਰਨ ਦਾ ਸਿਲਸਿਲਾ ਘੱਟੋ-ਘੱਟ ਪੰਜ ਸਾਲ ਤੋਂ ਜਾਰੀ ਹੈ। ਇਨ੍ਹਾਂ ਸਾਲਾਂ ਵਿੱਚ 44-51 ਫੀਸਦੀ ਅਸਾਮੀਆਂ ਖਾਲੀ ਹੀ ਰਹੀਆਂ ਹਨ। ਇਸ ਸਾਲ ਮਾਰਚ ਵਿੱਚ ਸੰਸਦ ਵਿੱਚ ਦਿੱਤੇ ਬਿਆਨ 'ਚ ਸਰਕਾਰ ਨੇ ਦੱਸਿਆ ਸੀ ਕਿ ਐੱਸ ਪੀ ਸੀ ਬੀ ਤੇ ਪੀ ਸੀ ਸੀ 'ਚ ਪ੍ਰਵਾਨਤ ਅਹੁਦੇ 11562 ਹਨ ਤੇ ਉਨ੍ਹਾਂ ਵਿੱਚੋਂ 5671 ਖਾਲੀ ਸਨ। ਯਾਨੀ ਕਿ 49 ਫੀਸਦੀ ਖਾਲੀ ਸਨ। ਸਿੱਕਮ ਵਿੱਚ ਤਾਂ ਸਾਰੇ ਅਹੁਦੇ ਖਾਲੀ ਸਨ, ਜਦਕਿ ਆਂਧਰਾ ਤੇ ਝਾਰਖੰਡ 'ਚ 70 ਫੀਸਦੀ ਤੋਂ ਵੱਧ ਖਾਲੀ ਸਨ। ਸਿਰਫ ਕੇਰਲਾ ਹੀ ਸੀ, ਜਿੱਥੇ 10 ਫੀਸਦੀ ਅਹੁਦੇ ਖਾਲੀ ਸਨ। ਅਰੁਣਾਚਲ ਤੇ ਨਾਗਾਲੈਂਡ 'ਚ ਕੋਈ ਅਹੁਦਾ ਖਾਲੀ ਨਹੀਂ ਸੀ। ਕੇਂਦਰ ਸ਼ਾਸਤ ਪ੍ਰਦੇਸ਼ਾਂ ਦਿੱਲੀ ਵਿੱਚ 44.5 ਫੀਸਦੀ, ਲੱਦਾਖ ਅਤੇ ਦਾਦਰਾ ਤੇ ਨਗਰ ਹਵੇਲੀ ਅਤੇ ਦਮਨ ਤੇ ਦੀਵ ਵਿੱਚ 69 ਫੀਸਦੀ ਅਹੁਦੇ ਖਾਲੀ ਸਨ।

ਇਹ ਅੰਕੜੇ ਦੱਸਦੇ ਹਨ ਕਿ ਕੇਂਦਰ ਅਤੇ ਰਾਜ ਸਰਕਾਰਾਂ ਪ੍ਰਦੂਸ਼ਣ ਨੂੰ ਕੰਟਰੋਲ ਕਰਨ ਪ੍ਰਤੀ ਕਿੰਨੀਆਂ ਸੰਜੀਦਾ ਹਨ। ਸਭ ਤੋਂ ਵੱਧ ਪ੍ਰਦੂਸ਼ਣ ਦਾ ਸਾਹਮਣਾ ਕਰ ਰਹੀ ਦਿੱਲੀ ਵਿੱਚ ਲੱਗਭੱਗ ਅੱਧੇ ਅਹੁਦੇ ਖਾਲੀ ਰਹਿਣਾ ਤਾਂ ਬਹੁਤ ਹੀ ਚਿੰਤਾਜਨਕ ਮਾਮਲਾ ਹੈ।

## ਸਤਾਈ ਲਈ ਛਣਕਣਾ ?

ਜਦ ਵੀ ਵੋਟਾਂ ਦਾ ਬੱਝਦਾ ਪਿੜ ਕੋਈ,
'ਜੋਸ਼' ਜਨਤਾ ਨੂੰ 'ਬੇਸ਼ੁਮਾਰ' ਹੁੰਦਾ।
ਵੱਡੇ ਆਗੂ ਦੀ ਸ਼ਾਬਾਸ਼ੇ ਚਾਹੁਣ ਵਾਲਾ,
ਢਿੱਲਾ-ਮੱਠਾ ਵੀ 'ਤੇਜ਼-ਤਰਾਰ' ਹੁੰਦਾ।
ਜ਼ਿੰਦਾਬਾਦ ਕੋਈ ਮੁਰਦਾਬਾਦ ਕਹਿੰਦਾ,
ਚੌਹ ਕੁ ਦਿਨਾਂ ਲਈ ਚੋਣ-ਬੁਖਾਰ ਹੁੰਦਾ।
ਜੇਤੂ ਮੈਂਬਰ ਤੇ ਕੋਈ ਚੇਅਰਮੈਨ ਬਣਦਾ,
ਵੋਟਰ 'ਹੱਥ ਮਲਦਾ' ਬਰਖੁਰਦਾਰ ਹੁੰਦਾ।
ਆਪੋ ਆਪਣੀ 'ਜਿੱਤ' ਦੇ ਅਰਥ ਕਰਕੇ,
ਹਰ ਇੱਕ ਪਾਰਟੀ ਨੇ ਖੁਸ਼ ਹੋ ਭੁੜਕਣਾ ਜੀ।
ਪਈਆਂ ਵੋਟਾਂ ਦੇ 'ਚੋਣ' ਨਤੀਜਿਆਂ' ਦਾ,
ਮਿਲ ਗਿਆ 'ਸਤਾਈ' ਲਈ ਛਣਕਣਾ ਜੀ!

-ਤਰਲੋਚਨ ਸਿੰਘ ਦੁਪਾਲਪੁਰ, 001-408-905-5517

# ਵਿਸ਼ਵ ਅਸਮਾਨਤਾ ਰਿਪੋਰਟ-2026, ਪੂੰਜੀਵਾਦ ਬਾਰੇ ਮਾਰਕਸ ਦੀਆਂ ਚੇਤਾਵਨੀਆਂ ਦੀ ਪੁਸ਼ਟੀ

**ਸੁਦਰਸ਼ਨ ਜੱਗਾ**

ਵਿਸ਼ਵ ਅਸਮਾਨਤਾ ਰਿਪੋਰਟ 2026 ਨੇ ਇੱਕ ਵਾਰ ਫਿਰ ਉਸ ਚੌੜੀ ਆਰਥਿਕ ਖੱਡ ਨੂੰ ਉਜਾਗਰ ਕੀਤਾ ਹੈ, ਜੋ ਸਾਡੇ ਯੁੱਗ ਨੂੰ ਪਰਿਭਾਸ਼ਿਤ ਕਰਦੀ ਹੈ। ਹਾਲਾਂਕਿ ਵਿਸ਼ਵ ਅਸਮਾਨਤਾ ਪ੍ਰਯੋਗਸ਼ਾਲਾ ਦੇ ਅਧੀਨ ਪ੍ਰਮੁੱਖ ਅਰਥ ਸ਼ਾਸਤਰੀਆਂ ਦੁਆਰਾ ਲਿਖਿਆ ਗਿਆ ਹੈ, ਅੰਕੜੇ ਅਤੇ ਖੋਜਾਂ ਕਾਰਲ ਮਾਰਕਸ ਦੁਆਰਾ ਇੱਕ ਸਦੀ ਤੋਂ ਵੱਧ ਪਹਿਲਾਂ ਪਛਾਣੇ ਗਏ ਢਾਂਚਾਗਤ ਸੱਚਾਈਆਂ ਨੂੰ ਹੈਰਾਨੀਜਨਕ ਸਪੱਸ਼ਟਤਾ ਨਾਲ ਗੂੰਜਦੀਆਂ ਹਨ। ਇਹ ਰਿਪੋਰਟ ਦੌਲਤ ਦੀ ਅਸਾਧਾਰਨ ਇਕਾਗਰਤਾ ਅਤੇ ਮਿਹਨਤਕਸ਼ ਜਨਤਾ ਦੇ ਡੂੰਘੇ ਹੋ ਰਹੇ ਵਿਨਾਸ਼ ਨੂੰ ਦਸਤਾਵੇਜ਼ੀ ਰੂਪ ਦੇ ਕੇ ਪੂੰਜੀਵਾਦੀ ਸੰਗ੍ਰਹਿ ਦੇ ਮਾਰਕਸ ਦੇ ਵਿਸ਼ਲੇਸ਼ਣ ਦੀ ਇੱਕ ਆਧੁਨਿਕ ਪੁਸ਼ਟੀ ਵਜੋਂ ਖੜ੍ਹੀ ਹੈ।

ਨਵੇਂ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਭਾਰਤ ਵਿੱਚ ਸਿਖਰਲੇ 10 ਪ੍ਰਤੀਸ਼ਤ ਲੋਕਾਂ ਕੋਲ ਹੁਣ ਰਾਸ਼ਟਰੀ ਆਮਦਨ ਦਾ 58 ਪ੍ਰਤੀਸ਼ਤ ਹੈ, ਜਦੋਂ ਕਿ ਆਬਾਦੀ ਦਾ ਹੇਠਲਾ ਅੱਧਾ ਹਿੱਸਾ ਸਿਰਫ 15 ਪ੍ਰਤੀਸ਼ਤ ਪ੍ਰਾਪਤ ਕਰਦਾ ਹੈ। ਦੌਲਤ ਦੀ ਅਸਮਾਨਤਾ ਹੋਰ ਵੀ ਭਿਆਨਕ ਹੈ : ਸਭ ਤੋਂ ਅਮੀਰ 10 ਪ੍ਰਤੀਸ਼ਤ ਲੋਕ ਸਾਰੀ ਦੌਲਤ ਦਾ ਲਗਭਗ 65 ਪ੍ਰਤੀਸ਼ਤ ਰੱਖਦੇ ਹਨ ਅਤੇ ਇਕੱਲੇ ਉੱਪਰਲੇ 1 ਪ੍ਰਤੀਸ਼ਤ ਲੋਕ ਲਗਭਗ 40 ਪ੍ਰਤੀਸ਼ਤ ਦਾ ਕਬਜ਼ਾ ਰੱਖਦੇ ਹਨ। ਇਹ ਸਿਰਫ਼ ਇੱਕ ਆਰਥਿਕ ਅਸੰਤੁਲਨ ਨਹੀਂ ਹੈ, ਇਹ ਇੱਕ ਆਰਥਿਕ ਵਿਵਸਥਾ ਦੀ ਇੱਕ ਢਾਂਚਾਗਤ ਵਿਸ਼ੇਸ਼ਤਾ ਹੈ, ਜੋ ਨਿਰੰਤਰ ਪੂੰਜੀ ਦੇ ਮਾਲਕਾਂ ਦੇ ਹੱਥਾਂ ਵਿੱਚ ਸਰੋਤਾਂ ਨੂੰ ਉੱਪਰ ਵੱਲ ਲੈ ਜਾਂਦੀ ਹੈ। ਮਾਰਕਸ ਨੇ ਇਸ ਗਤੀਸ਼ੀਲਤਾ ਨੂੰ ਪੂੰਜੀਵਾਦੀ ਉਤਪਾਦਨ ਵਿਧੀ ਦੇ ਅਨੁਮਾਨਤ ਨਤੀਜੇ ਵਜੋਂ ਦਰਸਾਇਆ, ਜਿੱਥੇ ਕਿਰਤ ਦੁਆਰਾ ਬਣਾਇਆ ਗਿਆ ਵਾਧੂ ਮੁੱਲ ਉਤਪਾਦਨ ਦੇ ਸਾਧਨਾਂ ਦੇ ਮਾਲਕਾਂ ਵੱਲ ਨਿਰੰਤਰ ਵਹਿੰਦਾ ਹੈ।

ਵਿਸ਼ਵਵਿਆਪੀ ਅਸਮਾਨਤਾ ਰੁਝਾਨਾਂ ਦੇ ਅੰਦਰ ਭਾਰਤ ਦੀ ਸਥਿਤੀ ਵੀ ਬਰਾਬਰ ਦੱਸਦੀ ਹੈ। 1980 ਵਿੱਚ ਭਾਰਤੀ ਆਬਾਦੀ ਦੇ ਇੱਕ ਮਹੱਤਵਪੂਰਨ ਹਿੱਸੇ ਨੇ ਵਿਸ਼ਵ ਮੱਧ ਬੈਂਡ 'ਤੇ ਕਬਜ਼ਾ ਕਰ ਲਿਆ। ਅੱਜ, ਰਿਪੋਰਟ ਦਰਸਾਉਂਦੀ ਹੈ ਕਿ ਲਗਭਗ ਪੂਰਾ ਦੇਸ਼ ਵਿਸ਼ਵ ਵੰਡ ਦੇ ਹੇਠਲੇ ਅੱਧ ਵਿੱਚ ਖਿਸਕ ਗਿਆ ਹੈ, ਜੋ ਕਿਰਤ ਦੀ ਇੱਕ ਵਿਸ਼ਾਲ ਰਿਜ਼ਰਵ ਫੌਜ ਦੇ ਵਿਸਥਾਰ ਦਾ ਸੰਕੇਤ ਦਿੰਦਾ ਹੈ। ਇੱਕ ਹੋਰ ਵਰਤਾਰਾ, ਜਿਸ ਦੀ ਭਵਿੱਖਬਾਣੀ ਮਾਰਕਸ ਨੇ ਤਨਖਾਹਾਂ ਨੂੰ ਘੱਟ ਅਤੇ ਮੁਨਾਫ਼ੇ ਦੇ ਹਾਸ਼ੀਏ ਨੂੰ ਉੱਚਾ ਰੱਖਣ ਲਈ ਜ਼ਰੂਰੀ ਦੱਸਿਆ ਸੀ। ਦਹਾਕਿਆਂ ਦੇ ਆਰਥਿਕ ਵਿਕਾਸ, ਨਵਉਦਾਰਵਾਦੀ ਸੁਧਾਰਾਂ ਅਤੇ ਵਿਸ਼ਵ ਬਾਜ਼ਾਰਾਂ ਨਾਲ ਏਕੀਕਰਨ ਦੇ ਬਾਵਜੂਦ ਭਾਰਤ ਨਿਰਭਰ ਪੂੰਜੀਵਾਦ ਦੇ ਢਾਂਚਾਗਤ ਗੁਣਾਂ ਨੂੰ ਪ੍ਰਦਰਸ਼ਿਤ ਕਰਨਾ ਜਾਰੀ ਰੱਖਦਾ ਹੈ: ਕਿਰਤ ਦਾ ਗੈਰ-ਰਸਮੀਕਰਨ, ਅਸਲ ਉਜਰਤਾਂ ਵਿੱਚ ਖੜੋਤ ਅਤੇ ਆਮ ਨਾਗਰਿਕਾਂ ਲਈ ਇੱਕ ਸੰਕੁਚਿਤ ਮੌਕੇ ਦੀ ਪੌੜੀ।

ਵਿਸ਼ਵਵਿਆਪੀ ਸਥਿਤੀ ਹੋਰ ਵੀ ਨਾਟਕੀ ਹੈ। ਉੱਪਰਲੇ 0.001 ਪ੍ਰਤੀਸ਼ਤ 60,000 ਤੋਂ ਘੱਟ ਵਿਅਕਤੀ ਹੁਣ ਮਨੁੱਖਤਾ ਦੇ ਹੇਠਲੇ 50 ਪ੍ਰਤੀਸ਼ਤ ਦੇ ਜੋੜ ਨਾਲੋਂ ਵੱਧ ਦੌਲਤ ਦੇ ਮਾਲਕ ਹਨ। ਉੱਪਰਲੇ 1 ਪ੍ਰਤੀਸ਼ਤ ਲੋਕ ਵਿਸ਼ਵ ਦੌਲਤ ਦੇ 37 ਪ੍ਰਤੀਸ਼ਤ ਨੂੰ ਨਿਯੰਤਰਿਤ ਕਰਦੇ ਹਨ, ਜੋ ਕਿ ਦੁਨੀਆ ਦੀ ਸਭ ਤੋਂ ਗਰੀਬ ਅੱਧੀ ਆਬਾਦੀ ਨਾਲੋਂ ਅਠਾਰਾਂ ਗੁਣਾ ਜ਼ਿਆਦਾ ਹੈ। ਇਹ ਅੰਕੜੇ ਨਾ ਸਿਰਫ਼ ਅਸਮਾਨਤਾ ਵੱਲ ਇਸ਼ਾਰਾ ਕਰਦੇ ਹਨ, ਸਗੋਂ ਇੱਕ ਮਜ਼ਬੂਤ ਵਿਸ਼ਵ ਸ਼ਾਸਕ ਵਰਗ ਵੱਲ ਵੀ ਇਸ਼ਾਰਾ ਕਰਦੇ ਹਨ। ਮਾਰਕਸ ਦੀ ਬੁਰਜੂਆਜੀ ਦੀ ਇੱਕ ਅੰਤਰਰਾਸ਼ਟਰੀ, ਸਵੈ-ਮਜਬੂਤ ਸ਼ਕਤੀ ਸਮੂਹ ਵਜੋਂ ਧਾਰਨਾ ਅੱਜ ਦੇ ਅਤਿ-ਅਮੀਰ ਕੁਲੀਨ ਵਰਗ ਵਿੱਚ ਇੱਕ ਸਹੀ ਸ਼ੀਸ਼ਾ ਦਿਖਾਉਂਦੀ ਹੈ, ਜੋ ਵਿੱਤੀ ਪੂੰਜੀ, ਗਲੋਬਲ ਫਰਮਾਂ ਦੀ ਮਾਲਕੀ ਅਤੇ ਉਤਪਾਦਕ ਸੰਪਤੀਆਂ 'ਤੇ ਕੇਂਦ੍ਰਿਤ ਨਿਯੰਤਰਣ ਦੁਆਰਾ ਸਰਹੱਦਾਂ ਦੇ ਪਾਰ ਇਕੱਠੀ ਬੱਝੀ ਹੋਈ ਹੈ।

ਰਿਪੋਰਟ ਜਲਵਾਯੂ ਜ਼ਿੰਮੇਵਾਰੀ ਵਿੱਚ ਸ਼ਾਮਲ ਤਿੱਖੀਆਂ ਅਸਮਾਨਤਾਵਾਂ ਨੂੰ ਵੀ ਉਜਾਗਰ ਕਰਦੀ ਹੈ। ਵਿਸ਼ਵ ਆਬਾਦੀ ਦਾ ਸਭ ਤੋਂ ਗਰੀਬ ਅੱਧਾ ਹਿੱਸਾ ਨਿੱਜੀ ਪੂੰਜੀ ਨਾਲ ਜੁੜੇ ਨਿਕਾਸ ਦਾ ਸਿਰਫ 3 ਪ੍ਰਤੀਸ਼ਤ ਹੈ, ਜਦੋਂ ਕਿ ਉੱਪਰਲੇ 10 ਪ੍ਰਤੀਸ਼ਤ 77 ਪ੍ਰਤੀਸ਼ਤ ਲਈ ਜ਼ਿੰਮੇਵਾਰ ਹਨ। ਇਹ ਅਤਿਅੰਤ ਅਸਮਾਨਤਾ ਮਾਰਕਸ ਦੇ ਮੈਟਾਬੋਲਿਕ ਰਿਫਟ ਦੇ ਸੰਕਲਪ ਨੂੰ ਆਧੁਨਿਕ ਅਰਥ ਦਿੰਦੀ ਹੈ - ਪੂੰਜੀਵਾਦ ਦੀ ਕੁਦਰਤ ਦਾ ਸ਼ੋਸ਼ਣ ਕਰਨ ਦੀ ਪ੍ਰਵਿਰਤੀ ਇਸ ਤਰੀਕੇ ਨਾਲ ਜੋ ਵਾਤਾਵਰਣਕ ਤੌਰ 'ਤੇ ਅਸਥਿਰ ਅਤੇ ਸਮਾਜਿਕ ਤੌਰ 'ਤੇ ਅਨਿਆਂਪੂਰਨ ਹੈ। ਜਲਵਾਯੂ ਸੰਕਟ ਦੇ ਯੁੱਗ ਵਿੱਚ ਸਭ ਤੋਂ ਭਾਰੀ ਵਾਤਾਵਰਣਕ ਬੋਝ ਉਨ੍ਹਾਂ ਲੋਕਾਂ 'ਤੇ ਪੈਂਦਾ ਹੈ, ਜੋ ਵਾਤਾਵਰਣ ਦੇ ਪਤਨ ਵਿੱਚ ਘੱਟ ਤੋਂ ਘੱਟ ਯੋਗਦਾਨ ਪਾਉਂਦੇ ਹਨ, ਜਦੋਂ ਕਿ ਸਭ ਤੋਂ ਵੱਧ ਜ਼ਿੰਮੇਵਾਰ ਕੁਲੀਨ ਵਰਗ ਸੁਰੱਖਿਅਤ ਰਹਿੰਦੇ ਹਨ।

ਲਿੰਗ ਅਸਮਾਨਤਾ ਉਸੇ ਢਾਂਚਾਗਤ ਪੈਟਰਨ ਦੀ ਪਾਲਣਾ ਕਰਦੀ ਹੈ। ਔਰਤਾਂ ਪ੍ਰਤੀ ਕੰਮਕਾਜੀ ਘੰਟੇ ਮਰਦ ਆਮਦਨ ਦਾ ਸਿਰਫ਼ 61 ਪ੍ਰਤੀਸ਼ਤ ਕਮਾਉਂਦੀਆਂ ਹਨ ਅਤੇ ਜਦੋਂ ਬਿਨਾਂ ਤਨਖਾਹ ਵਾਲੇ ਦੇਖਭਾਲ ਦੇ ਕੰਮ ਨੂੰ ਸ਼ਾਮਲ ਕੀਤਾ ਜਾਂਦਾ ਹੈ, ਤਾਂ ਇਹ ਸਿਰਫ਼ 32 ਪ੍ਰਤੀਸ਼ਤ ਰਹਿ ਜਾਂਦਾ ਹੈ। ਰਿਪੋਰਟ ਇਸ ਗੱਲ ਦੀ ਪੁਸ਼ਟੀ ਕਰਦੀ ਹੈ ਕਿ ਵਿਸ਼ਵ ਪੂੰਜੀਵਾਦ ਔਰਤਾਂ ਦੁਆਰਾ ਬਹੁਤ ਜ਼ਿਆਦਾ ਕੀਤੇ ਗਏ ਅਦਿੱਖ, ਬਿਨਾਂ ਤਨਖਾਹ ਵਾਲੇ ਪ੍ਰਜਨਨ ਕਿਰਤ 'ਤੇ ਨਿਰਭਰ ਕਰਦਾ ਹੈ।

ਦੁਨੀਆ ਭਰ ਵਿੱਚ ਟੈਕਸ ਪ੍ਰਣਾਲੀਆਂ ਦੀ ਅਸਫਲਤਾ ਨਾਲ ਸੰਕਟ ਹੋਰ ਡੂੰਘਾ ਹੁੰਦਾ ਜਾਂਦਾ ਹੈ, ਜਦੋਂ ਕਿ ਰਿਪੋਰਟ ਸਾਵਧਾਨੀ ਨਾਲ ਇੱਕ ਉਪਾਅ ਵਜੋਂ ਪ੍ਰਗਤੀਸ਼ੀਲ ਟੈਕਸੇਸ਼ਨ ਦਾ ਸੁਝਾਅ ਦਿੰਦੀ ਹੈ। ਮਾਰਕਸ ਅੰਤਰੀਵ ਸਮੱਸਿਆ ਨੂੰ ਰਾਜ ਦੇ ਕਬਜ਼ੇ ਵਜੋਂ ਪਛਾਣੇਗਾ। ਮੱਧ ਵਰਗ ਲਈ ਪ੍ਰਭਾਵਸ਼ਾਲੀ ਆਮਦਨ ਟੈਕਸ ਦਰਾਂ ਵਧਦੀਆਂ ਹਨ, ਪਰ ਅਰਬਪਤੀਆਂ ਲਈ ਤੇਜ਼ੀ ਨਾਲ ਘਟਦੀਆਂ ਹਨ, ਇੱਕ ਪਰੇਸ਼ਾਨ ਕਰਨ ਵਾਲੀ ਸੱਚਾਈ ਦਾ ਖੁਲਾਸਾ ਕਰਦੀਆਂ ਹਨ: ਆਧੁਨਿਕ ਰਾਜ ਪੂੰਜੀ ਨੂੰ ਨਿਯਮਤ ਕਰਨ ਦੀ ਬਜਾਏ ਇਸ ਦੀ ਰੱਖਿਆ ਲਈ ਇੱਕ ਸਾਧਨ ਵਜੋਂ ਵੱਧ ਤੋਂ ਵੱਧ ਕੰਮ ਕਰਦਾ ਹੈ। ਸਿਹਤ, ਸਿੱਖਿਆ, ਭਲਾਈ ਅਤੇ ਜਲਵਾਯੂ ਕਾਰਵਾਈ ਲਈ ਜਨਤਕ ਸਰੋਤ ਸੁੰਗੜਦੇ ਹਨ, ਜਦੋਂ ਕਿ ਨਿੱਜੀ ਦੌਲਤ ਵਧਦੀ ਹੈ, ਜਨਤਕ ਲੋੜ ਅਤੇ ਰਾਜ ਦੀ ਸਮਰੱਥਾ ਵਿਚਕਾਰ ਪਾੜਾ ਵਧਦਾ ਹੈ।

ਇਕੱਠੇ ਕੀਤੇ ਜਾਣ 'ਤੇ ਵਿਸ਼ਵ ਅਸਮਾਨਤਾ ਰਿਪੋਰਟ 2026 ਦੇ ਅੰਕੜੇ ਨਾ ਸਿਰਫ਼ ਲੱਛਣਾਂ ਨੂੰ ਉਜਾਗਰ ਕਰਦੇ ਹਨ, ਬਲਕਿ ਆਰਥਿਕ ਪ੍ਰਣਾਲੀ ਦੇ ਮੁੱਖ ਤਰਕ ਨੂੰ ਵੀ ਉਜਾਗਰ ਕਰਦੇ ਹਨ, ਜਿਸ ਵਿੱਚ ਅਸੀਂ ਰਹਿੰਦੇ ਹਾਂ। ਦੁਨੀਆਂ ਮਾਰਕਸ ਦੁਆਰਾ ਦੱਸੇ ਗਏ ਵਿਰੋਧਾਭਾਸਾਂ ਦੀ ਤੀਬਰਤਾ ਨੂੰ ਦੇਖ ਰਹੀ ਹੈ। ਦੌਲਤ ਦਾ ਨਿਰੰਤਰ ਕੇਂਦਰੀਕਰਨ, ਪੂੰਜੀ ਦੇ ਮੁਕਾਬਲੇ ਕਿਰਤ ਦਾ ਗ਼ਰੀਬੀ, ਹਾਕਮ ਵਰਗ ਦਾ ਵਿਸ਼ਵੀਕਰਨ ਅਤੇ ਬੇਕਾਬੂ ਇਕੱਤਰਤਾ ਦੀਆਂ ਵਾਤਾਵਰਣਕ ਸੀਮਾਵਾਂ। ਜੇਕਰ ਅਸਮਾਨਤਾ ਆਪਣੇ ਮੌਜੂਦਾ ਰਸਤੇ 'ਤੇ ਜਾਰੀ ਰਹਿੰਦੀ ਹੈ, ਤਾਂ ਰਾਜਨੀਤਕ, ਸਮਾਜਿਕ ਅਤੇ ਵਾਤਾਵਰਣਕ ਤਣਾਅ ਹੋਰ ਵੀ ਤਿੱਖੇ ਹੋਣਗੇ।

ਇਹ ਰਿਪੋਰਟ ਭਾਵੇਂ ਤਕਨੀਕੀ ਭਾਸ਼ਾ ਵਿੱਚ ਲਿਖੀ ਗਈ ਹੈ, ਮਾਰਕਸ ਦੁਆਰਾ ਬਹੁਤ ਪਹਿਲਾਂ ਦੱਸੇ ਗਏ ਸੱਚ ਦੇ ਇੱਕ ਸ਼ਕਤੀਸ਼ਾਲੀ ਅਨੁਭਵੀ ਪ੍ਰਮਾਣ ਵਜੋਂ ਕੰਮ ਕਰਦੀ ਹੈ।

- ☛ ਭਾਰਤ ਵਿੱਚ ਉੱਪਰਲੇ 10% ਆਮਦਨ ਦਾ 58% ਹਿੱਸਾ ਲੈਂਦੇ ਹਨ; ਹੇਠਲੇ 50% ਨੂੰ ਸਿਰਫ਼ 15% ਮਿਲਦਾ ਹੈ।
- ☛ ਵਿਸ਼ਵ ਪੱਧਰ 'ਤੇ ਸਿਖਰਲੇ 0.001% ਮਨੁੱਖਤਾ ਦੇ ਹੇਠਲੇ 50% ਨਾਲੋਂ ਵੱਧ ਦੌਲਤ ਦੇ ਮਾਲਕ ਹਨ।
- ☛ ਜਦੋਂ ਬਿਨਾਂ ਤਨਖਾਹ ਵਾਲੇ ਕੰਮ ਨੂੰ ਗਿਣਿਆ ਜਾਂਦਾ ਹੈ ਤਾਂ ਔਰਤਾਂ ਮਰਦਾਂ ਦੀ ਆਮਦਨ ਦਾ ਸਿਰਫ਼ 32% ਕਮਾਉਂਦੀਆਂ ਹਨ।
- ☛ ਨਿੱਜੀ-ਪੂੰਜੀ ਕਾਰਬਨ ਨਿਕਾਸ ਦੇ 77% ਲਈ ਜ਼ਿੰਮੇਵਾਰ ਚੋਟੀ ਦੇ 10%।
- ☛ 1980 ਤੋਂ ਭਾਰਤ ਵਿਸ਼ਵ ਪੱਧਰ 'ਤੇ ਆਮਦਨ ਵੰਡ ਵਿੱਚ ਹੇਠਾਂ ਵੱਲ ਵਧਿਆ ਹੈ।

# ਮੋਬਾਇਲ ਕਾਰਨ ਬੱਚਿਆਂ 'ਚ ਵਧ ਰਿਹਾ ਚਿੜਚਿੜਾਪਨ

**ਸੰਜੀਵ ਸਿੰਘ ਸੈਣੀ**

ਅਜੋਕੇ ਸਮੇਂ ਵਿੱਚ ਮੋਬਾਇਲ ਫੋਨ ਨੇ ਰੋਜ਼ਾਨਾ ਜ਼ਿੰਦਗੀ ਵਿੱਚ ਅਹਿਮ ਜਗ੍ਹਾ ਬਣਾ ਲਈ ਹੈ। ਪਹਿਲਾਂ ਲੋਕ ਆਪਣੇ ਰਿਸ਼ਤੇਦਾਰਾਂ ਨਾਲ ਦੁੱਖ-ਸੁੱਖ ਚਿੱਠੀਆਂ ਰਾਹੀਂ ਸਾਂਝੇ ਕਰਦੇ ਸਨ। ਲੋਕਾਂ ਵਿੱਚ ਆਪਸੀ ਬਹੁਤ ਪਿਆਰ ਹੁੰਦਾ ਸੀ।ਅੱਜ-ਕੱਲ੍ਹ ਤਾਂ ਘਰ ਵਿਚ ਜਿੰਨੇ ਮੈਂਬਰ ਹਨ, ਤਕਰੀਬਨ ਸਾਰੇ ਹੀ ਮੋਬਾਇਲ ਦੀ ਵਰਤੋਂ ਕਰਦੇ ਹਨ। ਆਪਸੀ ਪਿਆਰ ਬਹੁਤ ਘਟ ਗਿਆ ਹੈ।ਮੋਬਾਇਲ 'ਤੇ ਹੀ ਦੁੱਖ-ਸੁੱਖ ਪਤਾ ਕਰ ਲਏ ਜਾਂਦੇ ਹਨ। ਇੱਥੋਂ ਤੱਕ ਕਿ ਜੇ ਕਿਸੇ ਦੇ ਘਰ ਕੋਈ ਮੌਤ ਵੀ ਹੋ ਜਾਂਦੀ ਹੈ, ਤਾਂ ਮੋਬਾਇਲ 'ਤੇ ਹੀ ਅਫ਼ਸੋਸ ਕਰ ਲਿਆ ਜਾਂਦਾ ਹੈ। ਮੋਬਾਈਲ ਨੇ ਸਾਡਾ ਆਪਸੀ ਸਾਂਝ-ਪਿਆਰ ਵੀ ਖਤਮ ਕੀਤਾ ਹੈ।

ਕੁਝ ਸਮਾਂ ਪਹਿਲਾਂ ਬੱਚੇ ਜਦੋਂ ਮੋਬਾਇਲ ਦਾ ਬਹੁਤ ਘੱਟ ਦੌਰ ਸੀ, ਬੱਚੇ ਆਪਣੇ ਨਾਨਕੇ, ਦਾਦਕੇ ਘਰ, ਭੂਆ ਘਰ ਆ ਜਾਂਦੇ ਸਨ। ਬੱਚਿਆਂ ਨੂੰ ਪਤਾ ਵੀ ਹੁੰਦਾ ਸੀ ਕਿ ਇਹ ਮੇਰਾ ਮਾਮਾ ਲੱਗਦਾ ਹੈ ਜਾਂ ਮੇਰਾ ਚਾਚਾ ਲੱਗਦਾ ਹੈ। ਕਹਿਣ ਦਾ ਭਾਵ ਹੈ ਕਿ ਬੱਚੇ ਨੂੰ ਹਰ ਰਿਸ਼ਤੇ ਬਾਰੇ ਜਾਣਕਾਰੀ ਦਿੱਤੀ ਜਾਂਦੀ ਸੀ। ਬੱਚੇ ਇਕੱਠੇ ਹੋ ਕੇ ਖੁੱਲ੍ਹੀ ਥਾਂ 'ਤੇ ਖੇਡਦੇ ਸਨ।ਸਰੀਰਿਕ ਵਿਕਾਸ ਹੁੰਦਾ ਸੀ। ਆਪਸ ਵਿੱਚ ਬੱਚੇ ਲੜਦੇ ਵੀ ਸਨ ਤੇ ਇਕੱਠੇ ਖਾਂਦੇ ਵੀ ਸਨ, ਫਿਰ ਦੁਬਾਰਾ ਖੇਡਦੇ ਵੀ ਸਨ। ਹਰ ਖੇਡ ਖੁੱਲ੍ਹੇ ਵਿੱਚ ਬੱਚੇ ਇਕੱਠੇ ਹੋ ਕੇ ਖੇਡਦੇ ਸਨ, ਜਿਵੇਂ ਪੀਲ ਪਲੰਘੜਾ, ਗੁੱਲੀ-ਡੰਡਾ ਤੇ ਹੋਰ ਵੀ ਕਈ ਤਰ੍ਹਾਂ ਦੀਆਂ ਖੇਡਾਂ। ਮਾਂ-ਬਾਪ ਆਪ ਹੀ ਬੱਚੇ ਨੂੰ ਖੁੱਲ੍ਹੀ ਥਾਂ 'ਤੇ ਲੈ ਕੇ ਜਾਂਦੇ ਸਨ। ਸ਼ਾਮ ਨੂੰ ਅਕਸਰ ਬੱਚੇ ਖੇਡਦੇ ਸਨ।



ਸਮਾਂ ਬਦਲਿਆ, ਮੋਬਾਇਲ ਫੋਨ ਨੇ ਹਰ ਇੱਕ ਇਨਸਾਨ ਦੇ ਹੱਥ ਵਿਚ ਆ ਕੇ ਰਿਸ਼ਤਿਆਂ ਦੀ ਰੂਪ-ਰੇਖਾ ਬਦਲ ਦਿੱਤੀ।ਇੰਟਰਨੈੱਟ ਦੀ ਧੜੱਲੇ ਨਾਲ ਵਰਤੋਂ ਕੀਤੀ ਜਾ ਰਹੀ ਹੈ। ਪਤਾ ਨਹੀਂ ਕਿੰਨੀ ਕੁ ਸੋਸ਼ਲ ਨੈੱਟਵਰਕਿੰਗ ਸਾਈਟਸ 'ਤੇ ਜਾ ਕੇ ਤਰ੍ਹਾਂ-ਤਰ੍ਹਾਂ ਦੀਆਂ ਚੀਜ਼ਾਂ ਦੇਖੀਆਂ ਜਾ ਰਹੀਆਂ ਹਨ। ਅਜਿਹਾ ਸਮਾਂ ਆ ਚੁੱਕਿਆ ਹੈ ਕਿ ਘਰ ਬੈਠੇ ਹੀ ਲੋਕ ਕੱਪੜਿਆਂ ਦੀ ਸ਼ਾਪਿੰਗ ਵੀ ਕਰ ਰਹੇ ਹਨ। ਕਈ ਵਾਰ ਤਾਂ ਅਜਿਹਾ ਦੇਖਣ ਨੂੰ ਵੀ ਆਉਂਦਾ ਹੈ ਕਿ ਚੀਜ਼ ਮੰਗਵਾਈ ਕੁਝ ਹੋਰ ਸੀ ਤੇ ਭੇਜ ਦਿੱਤੀ ਹੋਰ।ਇਹ ਸਾਰਾ ਕੁਝ ਮੋਬਾਇਲ ਦੀ ਬਦੌਲਤ ਹੋ ਰਿਹਾ ਹੈ। ਕਹਿਣ ਦਾ ਭਾਵ ਹੈ ਕਿ ਜਦੋਂ ਦਾ ਇੰਟਰਨੈੱਟ ਆਇਆ ਹੈ, ਲੋਕਾਂ ਨੇ ਆਪਸੀ ਮਿਲਵਰਤਨ, ਬਾਹਰ ਆਉਣਾ-ਜਾਣਾ, ਨਿਕਲਣਾ ਹੀ ਬੰਦ ਕਰ ਦਿੱਤਾ ਹੈ।

ਹਾਲ ਹੀ ਵਿੱਚ ਕਿਸੇ ਯੂਨੀਵਰਸਿਟੀ ਨੇ ਅਧਿਐਨ ਕੀਤਾ ਹੈ ਕਿ 95 ਫ਼ੀਸਦੀ ਬੱਚੇ ਮੋਬਾਇਲ ਦੇ ਆਦੀ ਹੋ ਚੁੱਕੇ ਹਨ। ਜਿਸ ਕਾਰਨ ਛੋਟੀ ਉਮਰ ਦੇ ਬੱਚੇ ਮੋਟਾਪਾ, ਹਾਈ ਬਲੱਡ ਪ੍ਰੈਸ਼ਰ, ਚਿੜਚਿੜਾਪਨ, ਅੱਖਾਂ ਦੇ ਰੋਗ ਤੇ ਹੋਰ ਕਈ ਤਰ੍ਹਾਂ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਹੁਣ ਤਾਂ ਬੱਚੇ ਘਰ ਦੇ ਕਮਰੇ ਵਿਚੋਂ ਬਾਹਰ ਹੀ ਨਹੀਂ ਨਿਕਲਦੇ। ਮੋਬਾਇਲ ਦੇ ਤਾਂ ਏਨੇ ਜ਼ਿਆਦਾ ਆਦੀ ਹੋ ਚੁੱਕੇ ਹਨ ਕਿ ਉਨ੍ਹਾਂ ਨੂੰ ਬੈੱਡ 'ਤੇ ਹੀ ਸਾਰਾ ਖਾਣਾ ਪਰੋਸਿਆ ਜਾਂਦਾ ਹੈ।ਨਵੀਂ ਪੀੜ੍ਹੀ ਦਾ ਮੋਬਾਇਲ ਵੱਲ ਰੁਝਾਨ ਲਗਾਤਾਰ ਵਧ ਰਿਹਾ ਹੈ। ਰਾਤ ਨੂੰ ਸੌਣ ਲੱਗੇ ਵੀ ਮੋਬਾਇਲ ਆਪਣੇ ਸਰ੍ਹਾਣੇ ਰੱਖ ਕੇ ਸੌਂਦੇ ਹਨ। ਹਾਲਾਂਕਿ ਮਾਹਰ ਦੱਸਦੇ ਹਨ ਕਿ ਇਸ ਦੀਆਂ ਜੋ ਤਿਰੰਗਾ ਨਿਕਲਦੀਆਂ ਹਨ, ਉਹ ਦਿਮਾਗ ਲਈ ਬਹੁਤ ਹਾਨੀਕਾਰਕ ਹੁੰਦੀਆਂ ਹਨ। ਰਾਤ ਨੂੰ ਸੌਣ ਲੱਗੇ ਮੋਬਾਈਲ ਆਪਣੇ ਤੋਂ ਬਹੁਤ ਦੂਰ ਰੱਖ ਕੇ ਸੌਣਾ ਚਾਹੀਦਾ ਹੈ।

ਜਿਵੇਂ ਸਾਡੇ ਲਈ ਰੋਟੀ, ਪਾਣੀ, ਹਵਾ ਜ਼ਰੂਰੀ ਹਨ, ਅੱਜ ਇਹ ਮੋਬਾਇਲ ਵੀ ਜ਼ਿੰਦਗੀ ਦਾ ਅਹਿਮ ਹਿੱਸਾ ਬਣਦਾ ਜਾ ਰਿਹਾ ਹੈ। ਕਈ ਇਨਸਾਨ ਤਾਂ ਚਲਦੇ-ਫਿਰਦੇ ਮੋਬਾਈਲ ਦੀ ਏਨੀ ਧੜੱਲੇ ਨਾਲ ਵਰਤੋਂ ਕਰਦੇ ਹਨ ਕਿ ਉਨ੍ਹਾਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਸਾਡੇ ਨਾਲ ਕੀ ਬਣਦਾ ਜਾ ਰਿਹਾ ਹੈ। ਗੱਡੀ ਚਲਾਉਂਦੇ ਹੋਏ ਵੀ ਲੋਕ ਮੋਬਾਇਲ ਦੀ ਅਕਸਰ ਵਰਤੋਂ ਕਰਦੇ ਹਨ, ਜਿਸ ਕਾਰਨ ਤਰ੍ਹਾਂ-ਤਰ੍ਹਾਂ ਦੀਆਂ ਦੁਰਘਟਨਾਵਾਂ ਆਮ ਸੁਣਨ ਨੂੰ ਮਿਲਦੀਆਂ ਹਨ। ਕੰਨਾਂ ਵਿੱਚ ਲੀਡ ਲਗਾ ਕੇ ਲੋਕ ਡਰਾਈਵਿੰਗ ਕਰਦੇ ਹਨ। ਕਈ ਅਣਸੁਖਾਵੀਂ ਘਟਨਾਵਾਂ ਵਾਪਰ ਰਹੀਆਂ ਹਨ।

ਲਾਕਡਾਊਨ ਦੇ ਸਮੇਂ ਤਕਰੀਬਨ ਸਾਰੀ ਹੀ ਪੜ੍ਹਾਈ ਬੱਚਿਆਂ ਦੀ ਘਰ ਬੈਠੇ ਮੋਬਾਇਲ 'ਤੇ ਹੀ ਹੋਈ ਹੈ।ਕਈ ਬੱਚਿਆਂ ਨੇ ਤਾਂ ਗਲਤ ਸੋਸ਼ਲ ਨੈੱਟਵਰਕਿੰਗ ਸਾਈਟਸ 'ਤੇ ਜਾ ਕੇ ਆਪਣੇ ਮਾਂ-ਬਾਪ ਦੀ ਜਮ੍ਹਾਂ ਕੀਤੀ ਪੂੰਜੀ ਹੀ ਗਵਾ ਦਿੱਤੀ। ਮਾਂ-ਬਾਪ ਦੀ ਅਹਿਮ ਜ਼ਿੰਮੇਵਾਰੀ ਬਣਦੀ ਹੈ ਕਿ ਜਦੋਂ ਬੱਚਿਆਂ ਨੂੰ ਛੁੱਟੀਆਂ ਹੁੰਦੀਆਂ ਹਨ ਤਾਂ ਉਨ੍ਹਾਂ ਨੂੰ ਬਾਹਰ ਪਾਰਕ ਜਾਂ ਝੀਲ ਜਾਂ ਕਿੱਥੇ ਹੋਈ ਕਿਤਾਬ ਮੇਲਾ ਹੈ, ਉਥੇ ਲੈ ਕੇ ਜਾਣ। ਇਸ ਨਾਲ ਬੱਚਿਆਂ ਦੀ ਜਾਣਕਾਰੀ ਵਿੱਚ ਵੀ ਵਾਧਾ ਹੋਵੇਗਾ। ਮਾਂ-ਬਾਪ ਦਾ ਫਰਜ਼ ਬਣਦਾ ਹੈ ਕਿ ਛੁੱਟੀ ਵਾਲੇ ਦਿਨ ਆਪਣੇ ਬੱਚਿਆਂ ਨਾਲ ਸਮਾਂ ਗੁਜ਼ਾਰੋ। ਇਸ ਨਾਲ ਬੱਚਿਆਂ ਦੀ ਮੋਬਾਇਲ ਤੋਂ ਦੂਰੀ ਬਣੇਗੀ। ਵਧੀਆ ਕਿਤਾਬਾਂ ਬਾਰੇ ਜਾਣਕਾਰੀ ਦੇਵੋ। ਲਾਇਬ੍ਰੇਰੀ ਵਿਚ ਲੈ ਕੇ ਜਾਓ। ਬੱਚਿਆਂ 'ਚ ਸਾਹਿਤ ਪੜ੍ਹਨ ਦਾ ਰੁਝਾਨ ਵਧੇਗਾ। ਜੇ ਮਾਂ-ਬਾਪ ਹੀ ਕਿਤਾਬਾਂ ਪੜ੍ਹਨੀਆਂ ਸ਼ੁਰੂ ਕਰ ਦੇਣਗੇ ਤਾਂ ਉਨ੍ਹਾਂ ਦੀ ਦੇਖਾਦੇਖੀ ਵਿਚ ਬੱਚੇ ਆਪ ਕਿਤਾਬਾਂ ਵੱਲ ਵਧਣਗੇ। ਮਾਂ-ਬਾਪ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਨੂੰ ਆਪਣੇ ਕਰੀਬੀ ਰਿਸ਼ਤਿਆਂ ਬਾਰੇ ਜਾਣਕਾਰੀ ਦੇਣ। ਛੁੱਟੀ ਵਾਲੇ ਦਿਨ ਬੱਚਿਆਂ ਨੂੰ ਲੈ ਕੇ ਰਿਸ਼ਤੇਦਾਰਾਂ ਦੇ ਘਰ ਜਾਓ। ਪਰਵਾਰਾਂ ਦੇ ਬੱਚਿਆਂ ਵਿੱਚ ਆਪਸੀ ਪ੍ਰੇਮ-ਪਿਆਰ ਵਧੇਗਾ। ਹੌਲੀ-ਹੌਲੀ ਬੱਚਿਆਂ ਵਿਚ ਮੋਬਾਇਲ ਚਲਾਉਣ ਦੀ ਆਦਤ ਵੀ ਘਟ ਜਾਏਗੀ।

# ਸੰਪਰਕ : 78889-66168

# ਸਕੂਲੀ ਸਿੱਖਿਆ ਦੀ ਹਾਲਤ ਬਦ ਤੋਂ ਬਦਤਰ



ਗੁਰਪ੍ਰੀਤ

ਪੁਰਾਣੇ ਸਮਿਆਂ ਵਿੱਚ ਸਾਡੇ ਮੁਲਕ ਦੇ ਅੰਦਰ ਸਿੱਖਿਆ ਦਾ ਅਧਿਕਾਰ ਕੁਝ ਖਾਸ ਲੋਕਾਂ ਤੱਕ ਹੀ ਸੀਮਤ ਰਿਹਾ ਹੈ, ਪਰ ਹੌਲੀ-ਹੌਲੀ ਆਈ ਤਬਦੀਲੀ ਦੇ ਕਾਰਨ ਹਰ ਵਰਗ ਤੱਕ ਸਿੱਖਿਆ ਪਹੁੰਚਣੀ ਸ਼ੁਰੂ ਹੋਈ ਅਤੇ ਸਿੱਖਿਆ ਦੇ ਦੁਆਰ ਵੀ ਖੁੱਲ੍ਹੇ, ਪਰ ਅਫ਼ਸੋਸ ਇਸ ਗੱਲ ਦਾ ਹੈ ਕਿ ਸਾਡੇ ਦੇਸ਼ ਦੇ ਸਰਹੱਦੀ ਇਲਾਕਿਆਂ ਵਿੱਚ ਸਿੱਖਿਆ ਦੀ ਹਾਲੇ ਵੀ ਏਨੀ ਜ਼ਿਆਦਾ ਘਾਟ ਹੈ ਕਿ ਕੋਈ ਕਹਿਣ ਦੀ ਹੱਦ ਨਹੀਂ। ਸਰਹੱਦੀ ਪਿੰਡਾਂ ਦੇ ਬੱਚਿਆਂ ਨੂੰ ਸਿੱਖਿਆ ਪ੍ਰਾਪਤੀ ਲਈ ਦੂਰ-ਦੁਰਾਡੇ ਸ਼ਹਿਰਾਂ ਵਿੱਚ ਜਾਣਾ ਪੈਂਦਾ ਹੈ ਅਤੇ ਇਸ ਦਾ ਵੱਡਾ ਕਾਰਨ ਅਧਿਆਪਕਾਂ ਦੀ ਕਮੀ ਅਤੇ ਸਕੂਲਾਂ ਵਿੱਚ ਮਾਹੌਲ ਚੰਗਾ ਨਾ ਹੋਣਾ ਹੈ।

ਸਾਲ-ਦਰ-ਸਾਲ ਸਰਹੱਦੀ ਇਲਾਕਿਆਂ ਵਿੱਚ ਸਿੱਖਿਆ ਦਾ ਮਿਆਰ ਲਗਾਤਾਰ ਉੱਠਣ ਦੀ ਬਜਾਏ, ਡਿੱਗਦਾ ਜਾ ਰਿਹਾ ਹੈ, ਜਿਸ ਦਾ ਸਿੱਧਾ ਅਸਰ ਬੱਚਿਆਂ ਉੱਪਰ ਪੈ ਰਿਹਾ ਹੈ ਅਤੇ ਇਸ ਲਈ ਕੋਈ ਹੋਰ ਜ਼ਿੰਮੇਵਾਰ ਨਹੀਂ, ਬਲਕਿ ਸਮੇਂ ਦੀਆਂ ਸਰਕਾਰਾਂ ਹੀ ਹਨ, ਜਿਨ੍ਹਾਂ ਵੱਲੋਂ ਵਾਅਦੇ ਅਤੇ ਦਾਅਵੇ ਤਾਂ ਕਈ ਕੀਤੇ ਜਾਂਦੇ ਰਹੇ, ਪਰ ਅਸਲ ਵਿੱਚ ਇਹਨਾਂ ਨੇ ਕੀਤਾ ਕੁਝ ਵੀ ਨਹੀਂ।

ਇਸ ਵਕਤ ਭਾਵੇਂ ਕਿ ਦੇਸ਼ ਦੇ ਲੋਕਾਂ ਦੀਆਂ ਵੱਖੋ-ਵੱਖਰੀਆਂ ਕਈ ਸਮੱਸਿਆਵਾਂ ਹੋਣਗੀਆਂ, ਪਰ ਸਰਹੱਦੀ ਇਲਾਕਿਆਂ ਵਿੱਚ ਇੱਕ ਚਿੰਤਾ ਹੈ ਕਿ ਸਿੱਖਿਆ ਬੱਚਿਆਂ ਤੱਕ ਕਿਵੇਂ ਪਹੁੰਚੇ? ਸਰਕਾਰ ਵੀ ਕੋਸ਼ਿਸ਼ ਕਰਦੀ ਹੈ ਅਤੇ ਸਮਾਜ ਸੇਵੀ ਜਥੇਬੰਦੀਆਂ ਵੀ, ਪਰ ਕੀ ਸਰਹੱਦੀ ਇਲਾਕਿਆਂ ਵਿੱਚ ਸਿੱਖਿਆ ਚੰਗੇ ਤਰੀਕੇ ਨਾਲ ਪਹੁੰਚ ਰਹੀ ਹੈ, ਇਹ ਬਹੁਤ ਵੱਡਾ ਸਵਾਲ ਹੈ, ਕਿਉਂਕਿ ਇੱਕ ਪਾਸੇ ਤਾਂ ਅਸੀਂ ਚੰਨ 'ਤੇ ਜਾਣ ਦੀਆਂ ਗੱਲਾਂ ਕਰਦੇ ਹਾਂ, ਦੂਜੇ ਪਾਸੇ ਜ਼ਮੀਨ 'ਤੇ ਇਹੋ ਜਿਹਾ ਹਾਲ ਹੈ ਕਿ ਜਿਸ ਨੂੰ ਵੇਖ ਕੇ ਵੀ ਤਰਸ ਆਉਂਦਾ ਹੈ ਕਿ ਮੁਲਕ ਦੇ 78 ਸਾਲਾਂ ਬਾਅਦ ਵੀ ਸਾਡੇ ਬੱਚਿਆਂ ਨੂੰ ਵਧੀਆ ਸਿੱਖਿਆ ਨਹੀਂ ਮਿਲ ਰਹੀ। ਸਭ ਤੋਂ ਵੱਡੀ ਸਮੱਸਿਆ ਇੱਥੇ ਇਹ ਹੈ ਕਿ ਅਧਿਆਪਕਾਂ ਦੀ ਕਮੀ ਹੈ।

ਦੱਸ ਦੇਈਏ ਕਿ ਇੱਕ ਸਮਾਂ ਇਹ ਵੀ ਸੀ, ਜਦੋਂ ਅਧਿਆਪਕ ਕਹਿੰਦੇ ਹੁੰਦੇ ਸਨ ਕਿ ਸਾਡੀ ਸਰਹੱਦੀ ਇਲਾਕਿਆਂ ਵਿੱਚ ਡਿਊਟੀ ਲਾਓ ਅਤੇ ਅਸੀਂ ਉੱਥੇ ਜਾ ਕੇ ਬੱਚਿਆਂ ਨੂੰ ਪੜ੍ਹਾਵਾਂਗੇ, ਲਿਖਾਵਾਂਗੇ ਅਤੇ ਵੱਡੇ ਅਫਸਰ ਬਣਾਵਾਂਗੇ, ਪਰ ਹੁਣ ਹਾਲਾਤ ਇਹ ਬਣ ਚੁੱਕੇ ਨੇ ਕਿ ਅਧਿਆਪਕ ਅਤੇ ਮੁਲਾਜ਼ਮ ਵੀ ਨਹੀਂ ਚਾਹੁੰਦੇ ਕਿ ਉਹ ਸਰਹੱਦੀ ਇਲਾਕਿਆਂ ਵਿੱਚ ਜਾ ਕੇ ਪੜ੍ਹਾਉਣ-ਲਿਖਾਉਣ। ਬੇਸ਼ੱਕ ਉਹਨਾਂ ਦੀਆਂ ਆਪਣੀਆਂ ਕੁਝ ਮਜਬੂਰੀਆਂ ਨੇ, ਪਰ ਅਸਲੀਅਤ ਇਹੋ ਹੈ ਕਿ ਸਰਹੱਦੀ ਇਲਾਕਿਆਂ ਵਿੱਚ ਡਿਊਟੀ ਲਵਾਉਣ ਲਈ ਹੁਣ ਕੋਈ ਅਧਿਆਪਕ ਖੁਸ਼ ਨਹੀਂ। ਇਸ ਦਾ ਵੱਡਾ ਕਾਰਨ ਇਹ ਵੀ ਮੰਨਿਆ ਜਾਂਦਾ ਹੈ ਕਿ ਅਧਿਆਪਕਾਂ ਦੇ ਨਾਲ ਜਿਹੜੇ ਵਾਅਦੇ ਸਰਕਾਰ ਬਾਰਡਰ ਏਰੀਏ ਦੇ ਭੱਤੇ ਦੇਣ ਦੀ ਗੱਲ ਕਰਦੀ ਹੈ, ਉਹ ਅਧਿਆਪਕਾਂ ਨੂੰ ਸਮੇਂ ਸਿਰ ਨਹੀਂ ਮਿਲ ਪਾਉਂਦੇ, ਜਿਸ ਕਾਰਨ ਬਹੁਤ ਅਧਿਆਪਕ ਸਕੂਲਾਂ ਵਿਚੋਂ ਬਦਲੀਆਂ ਹੀ ਕਰਵਾ ਲੈਂਦੇ ਨੇ।

ਇਸ ਵੇਲੇ ਵੀ ਪੰਜਾਬ ਦੇ ਸਰਹੱਦੀ ਜ਼ਿਲ੍ਹੇ ਗੁਰਦਾਸਪੁਰ, ਪਠਾਨਕੋਟ, ਅੰਮ੍ਰਿਤਸਰ, ਤਰਨ ਤਾਰਨ, ਫਿਰੋਜ਼ਪੁਰ, ਫਾਜ਼ਿਲਕਾ ਵਿੱਚ ਵੱਡੇ ਪੱਧਰ 'ਤੇ ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਨੇ। ਭਾਵੇਂ ਸਰਕਾਰ ਨੇ ਇਸੇ ਸਾਲ ਹੀ ਦਾਅਵਾ ਕੀਤਾ ਸੀ ਕਿ ਪੇਂਡੂ ਅਤੇ ਪਛੜੇ ਇਲਾਕਿਆਂ ਖਾਸ ਕਰਕੇ ਸਰਹੱਦੀ ਜ਼ਿਲ੍ਹਿਆਂ ਵਿੱਚ ਅਧਿਆਪਕਾਂ ਦੀ ਵੱਡੀ ਘਾਟ ਹੈ, ਜਿਸ ਨੂੰ ਪੂਰਾ ਕਰਨ ਵਾਸਤੇ ਉਹਨਾਂ ਵੱਲੋਂ ਅਧਿਆਪਕਾਂ ਦੀ ਤਾਇਨਾਤੀ ਕੀਤੀ ਜਾਵੇਗੀ। ਸਰਕਾਰ ਦੇ ਬਿਆਨ ਮਗਰੋਂ ਹੋਇਆ ਇਹ ਕਿ ਆਰਜ਼ੀ ਡਿਊਟੀਆਂ ਵੱਡੇ ਪੱਧਰ 'ਤੇ ਅਧਿਆਪਕਾਂ ਦੀਆਂ ਲਗਾ ਤਾਂ ਦਿੱਤੀਆਂ ਗਈਆਂ, ਪਰ ਉਹ ਅਧਿਆਪਕ ਕੁਝ ਸਮੇਂ ਬਾਅਦ ਹੀ ਆਪੋ-ਆਪਣੇ ਇਲਾਕਿਆਂ ਵਿੱਚ ਵਾਪਸ ਆ ਗਏ। ਅਧਿਆਪਕ ਵੀ ਮਜਬੂਰ ਨੇ ਅਤੇ ਉਹ ਕਹਿੰਦੇ ਨੇ ਕਿ ਭਾਰੀ ਸਮੱਸਿਆਵਾਂ ਦਾ ਸਾਹਮਣਾ ਕਰਕੇ ਉਹਨਾਂ ਨੂੰ ਸਕੂਲਾਂ ਵਿੱਚ ਜਾਣਾ ਪੈਂਦਾ, ਜਿਹੜੀਆਂ ਸਮੱਸਿਆਵਾਂ ਉਹ ਸਰਕਾਰ ਤੱਕ ਇਹਨਾਂ ਪਿੰਡਾਂ ਦੀਆਂ ਪਹੁੰਚਾਉਂਦੇ ਨੇ, ਉਸ ਨੂੰ ਹੱਲ ਕਰਨ ਲਈ ਸਰਕਾਰ ਉਹਨਾਂ ਦੀ ਮਦਦ ਨਹੀਂ ਕਰਦੀ।

ਸਰਕਾਰੀ ਮਿਡਲ ਸਕੂਲ ਦੇ ਮੁੱਖ ਅਧਿਆਪਕ ਰਹੇ ਇੱਕ ਸੱਜਣ ਦੇ ਕਹਿਣ ਮੁਤਾਬਕ ਸਕੂਲਾਂ ਅੰਦਰ ਬੱਚਿਆਂ ਨੂੰ ਛੇਵੀਂ ਜਮਾਤ ਤੋਂ ਲੈ ਕੇ ਬਾਰ੍ਹਵੀਂ ਜਮਾਤ ਤੱਕ ਦੀ ਸਿੱਖਿਆ ਆਰਟਸ, ਵੋਕੇਸ਼ਨਲ ਤੇ ਸਾਇੰਸ ਤੋਂ ਇਲਾਵਾ ਹੋਰ ਵੀ ਕੋਰਸ ਚਲਾਏ ਜਾਂਦੇ ਹਨ, ਪਰ ਪਿਛਲੇ ਕਾਫੀ ਸਾਲਾਂ ਤੋਂ ਇੱਥੇ ਅਧਿਆਪਕਾਂ ਦੀ ਭਾਰੀ ਘਾਟ ਹੈ। ਅਧਿਆਪਕਾਂ ਦੀ ਭਾਰੀ ਕਮੀ ਨਾਲ ਜੂਝ ਰਹੇ ਇਨ੍ਹਾਂ ਸਕੂਲਾਂ ਵਿੱਚ ਪੜ੍ਹਨ ਵਾਲੇ ਬੱਚਿਆਂ ਦਾ ਭਵਿੱਖ ਖਤਰੇ ਵਿੱਚ ਹੈ।

ਇਸ ਵਾਰ ਪੰਜਾਬ ਵਿੱਚ ਆਏ ਹੜ੍ਹਾਂ ਨੇ ਜਿੱਥੇ ਲੱਖਾਂ ਏਕੜ ਕਿਸਾਨਾਂ ਦੀ ਫਸਲ ਨੂੰ ਤਬਾਹ ਕੀਤਾ, ਉੱਥੇ ਹੀ ਦੂਜੇ ਪਾਸੇ ਇਸ ਹੜ੍ਹ ਨੇ ਸਿੱਖਿਆ ਵਿੱਚ ਵੀ ਵੱਡਾ ਰੋਕਾ ਲਾਇਆ ਹੈ। ਹੜ੍ਹਾਂ ਦੇ ਕਾਰਨ ਸਕੂਲ ਕਰੀਬ ਦੋ ਮਹੀਨੇ ਤੱਕ ਬੰਦ ਰਹੇ, ਸਕੂਲਾਂ ਵਿੱਚ ਪਾਣੀ ਭਰ ਗਿਆ ਅਤੇ ਇਹਨਾਂ ਹੜ੍ਹਾਂ ਦੇ ਕਾਰਨ ਹੀ ਬਹੁਤੇ ਅਧਿਆਪਕ ਜਿਹੜੇ ਕਿ ਇਹਨਾਂ ਸਕੂਲਾਂ ਵਿੱਚ ਪੜ੍ਹਾਉਣ ਆਉਂਦੇ ਸਨ, ਉਹਨਾਂ ਆਪਣੀਆਂ ਡਿਊਟੀਆਂ ਹੀ ਕਟਵਾ ਲਈਆਂ। ਹੜ੍ਹਾਂ ਦੇ ਕਰੀਬ ਚਾਰ ਮਹੀਨੇ ਬੀਤ ਜਾਣ ਦੇ ਬਾਅਦ ਅੱਜ ਵੀ ਸਕੂਲਾਂ ਦੀ ਹਾਲਤ ਵਿੱਚ ਸੁਧਾਰ ਨਹੀਂ ਹੋਇਆ।

ਸਰਹੱਦੀ ਕਿਸਾਨਾਂ ਦੀ ਮੰਨੀਏ ਤਾਂ, ਜਦੋਂ ਤੋਂ ਦੇਸ਼ ਆਜ਼ਾਦ ਹੋਇਆ ਹੈ, ਉਦੋਂ ਤੋਂ ਲੈ ਕੇ ਹੀ ਹੁਣ ਤੱਕ ਜਿੰਨੀਆਂ ਵੀ ਸਰਕਾਰਾਂ ਨੇ ਸੂਬੇ ਦੇ ਅੰਦਰ ਰਾਜ ਕੀਤਾ ਹੈ, ਹਰ ਸਰਕਾਰ ਨੇ ਦਾਅਵਾ ਇਹੋ ਕੀਤਾ ਹੈ ਕਿ ਸਰਹੱਦੀ ਇਲਾਕੇ ਦੇ ਹਸਪਤਾਲਾਂ ਅਤੇ ਸਕੂਲਾਂ ਦੀ ਹਾਲਤ ਸੁਧਾਰੀ ਜਾਵੇਗੀ, ਭਾਵੇਂ ਕਿ ਕੁਝ ਸਰਕਾਰਾਂ ਨੇ ਇਸ ਵੱਲ ਧਿਆਨ ਵੀ ਦਿੱਤਾ ਹੈ, ਪਰ ਅਸਲੀਅਤ ਇਹ ਹੈ ਕਿ ਇਸ ਵੇਲੇ ਆਜ਼ਾਦੀ ਦੇ ਕਰੀਬ 78 ਸਾਲ ਬੀਤ ਜਾਣ ਦੇ ਬਾਅਦ ਵੀ ਕਈ ਸਕੂਲਾਂ ਵਿੱਚ ਅਧਿਆਪਕਾਂ ਦੀ ਕਮੀ ਹੈ। ਇਸ ਤੋਂ ਇਲਾਵਾ ਸਕੂਲਾਂ ਦੀਆਂ ਬਿਲਡਿੰਗਾਂ ਵਧੀਆ ਨਹੀਂ ਹਨ ਅਤੇ ਨਾਲ ਦੀ ਨਾਲ ਇੱਥੇ ਕੋਈ ਅਧਿਆਪਕ ਆ ਕੇ ਵੀ ਖੁਸ਼ ਨਹੀਂ। ਸਮੇਂ ਸਮੇਂ 'ਤੇ ਸਰਕਾਰ ਦੁਆਰਾ ਸਕੂਲਾਂ ਨੂੰ ਵਧੀਆ ਸਹੂਲਤਾਂ ਦੇਣ ਦੇ ਦਾਅਵੇ ਕੀਤੇ ਜਾਂਦੇ ਰਹੇ ਹਨ।

ਸਰਹੱਦੀ ਇਲਾਕਿਆਂ ਵਿੱਚ ਸਿੱਖਿਆ ਚੰਗੀ ਨਾ ਮਿਲਣ ਦੇ ਕਾਰਨ ਨੌਜਵਾਨ ਕੁਰਾਹੇ ਪੈ ਜਾਂਦੇ ਨੇ ਅਤੇ ਉਹ ਅੱਜ ਇਹੋ ਜਿਹੇ ਮਾੜੇ ਕੰਮ ਕਰਨੇ ਸ਼ੁਰੂ ਕਰ ਦਿੰਦੇ ਨੇ, ਜਿਸ ਕਾਰਨ ਉਹਨਾਂ ਦਾ ਤੇ ਉਹਨਾਂ ਦੇ ਮਾਪਿਆਂ ਤੋਂ ਇਲਾਵਾ ਇਲਾਕੇ ਦਾ ਵੀ ਨਾਂਅ ਬਦਨਾਮ ਹੋ ਜਾਂਦਾ ਹੈ।

ਵੇਖਿਆ ਜਾਵੇ ਤਾਂ ਜੰਗ ਦਾ ਮੈਦਾਨ ਹੋਵੇ ਜਾਂ ਫਿਰ ਮੁਲਕ ਦਾ ਢਿੱਡ ਭਰਨਾ ਹੋਵੇ, ਹਰ ਕੰਮ ਵਿੱਚ ਪੰਜਾਬੀ ਅੱਗੇ ਹੋ ਕੇ ਲੜਦੇ ਆਏ ਹਨ ਅਤੇ ਲੜ ਰਹੇ ਹਨ। ਪੰਜਾਬੀਆਂ ਦਾ ਹਮੇਸ਼ਾ ਹੀ ਇਹੋ ਟੀਚਾ ਰਿਹਾ ਹੈ ਕਿ ਉਹ ਦੂਜਿਆਂ ਦੀ ਮਦਦ ਲਈ ਅੱਗੇ ਜ਼ਰੂਰ ਆਉਂਦੇ ਨੇ, ਪਰ ਕੀ ਕਦੇ ਕਿਸੇ ਨੇ ਸੋਚਿਆ ਹੈ ਕਿ ਪੰਜਾਬੀਆਂ ਦੀ ਮਦਦ ਲਈ ਕੌਣ ਅੱਗੇ ਆਉਂਦਾ ਹੈ? ਭਾਵੇਂ ਕਿ ਦਾਅਵੇ ਅਤੇ ਵਾਅਦੇ ਸਮੇਂ-ਸਮੇਂ 'ਤੇ ਕੀਤੇ ਜਾਂਦੇ ਰਹੇ ਨੇ ਕਿ ਅਸੀਂ ਪੰਜਾਬੀਆਂ ਦੀ ਮਦਦ ਕਰਦੇ ਹਾਂ, ਸਰਕਾਰਾਂ ਵੀ ਦਾਅਵੇ ਕਰਦੀਆਂ ਨੇ ਅਤੇ ਹੋਰ ਪਾਰਟੀਆਂ ਵੀ, ਇਸ ਤੋਂ ਇਲਾਵਾ ਬਾਹਰ ਬੈਠੀਆਂ ਧਿਰਾਂ ਵੀ, ਪਰ ਮਦਦ ਕਰਦਾ ਕੌਣ ਹੈ, ਕੋਈ ਵੀ ਨਹੀਂ। ਆਪਣੇ ਪੈਰਾਂ ਸਿਰ ਆਪ ਖੜ੍ਹੇ ਹੋ ਕੇ ਪੰਜਾਬੀ ਅੱਗੇ ਹੋ ਕੇ ਲੜੇ ਨੇ।

ਪੰਜਾਬ ਦੇ ਗਵਰਨਰ ਗੁਲਾਬ ਚੰਦ ਕਟਾਰੀਆ ਵੱਲੋਂ ਕੁਝ ਸਮਾਂ ਪਹਿਲਾਂ ਸਰਹੱਦੀ ਇਲਾਕਿਆਂ ਦਾ ਦੌਰਾ ਕੀਤਾ ਗਿਆ ਸੀ। ਉਨ੍ਹਾ ਵੱਲੋਂ ਤਰਨ ਤਾਰਨ ਦੇ ਭਿੱਖੀਵਿੰਡ ਵਿੱਚ ਲੋਕਾਂ ਨੂੰ ਸੰਬੋਧਨ ਕਰਦਿਆਂ ਹੋਇਆਂ ਇਹ ਗੱਲ ਮੰਨੀ ਸੀ ਕਿ ਸਰਹੱਦੀ ਇਲਾਕਿਆਂ ਵਿੱਚ ਹਾਲੇ ਵੀ ਸਿੱਖਿਆ ਦੀ ਬੇਹੱਦ ਘਾਟ ਹੈ, ਜਿਸ ਦੇ ਕਾਰਨ ਬਹੁਤ ਸਾਰੇ ਮੁੰਡੇ-ਕੁੜੀਆਂ ਚੰਗੀ ਸਿੱਖਿਆ ਨਹੀਂ ਹਾਸਲ ਕਰ ਪਾਉਂਦੇ। ਉਨ੍ਹਾਂ ਕਿਹਾ ਸੀ ਕਿ ਅੱਜ ਸਮੇਂ ਦੀ ਲੋੜ ਇਹ ਹੈ ਕਿ ਇਹਨਾਂ ਸਰਹੱਦੀ ਇਲਾਕਿਆਂ ਵਿੱਚ ਸਕੂਲ-ਕਾਲਜ ਬਣਾਏ ਜਾਣ, ਤਾਂ ਜੋ ਇੱਥੇ ਰਹਿਣ ਵਾਲੇ ਬੱਚੇ ਵੀ ਚੰਗੀ ਸਿੱਖਿਆ ਪ੍ਰਾਪਤ ਕਰ ਸਕਣ। ਗਵਰਨਰ ਨੇ ਸਰਹੱਦੀ ਖੇਤਰਾਂ ਵਿੱਚ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ਕਰਨ ਦੀ ਵੀ ਗੱਲ ਆਖੀ ਸੀ, ਤਾਂ ਜੋ ਇਹਨਾਂ ਇਲਾਕਿਆਂ ਦੇ ਲੋਕਾਂ ਨੂੰ ਸੜਕਾਂ, ਆਵਾਜਾਈ ਸਹੂਲਤਾਂ ਤੋਂ ਇਲਾਵਾ ਆਧੁਨਿਕ ਤੇ ਮਿਆਰੀ ਸਿੱਖਿਆ, ਰੁਜ਼ਗਾਰ, ਪੀਣ ਵਾਸਤੇ ਸਾਫ ਪਾਣੀ ਅਤੇ ਹੋਰ ਸਿਹਤ ਸਹੂਲਤਾਂ ਬਿਹਤਰ ਢੰਗ ਨਾਲ ਪਹਿਲ ਦੇ ਅਧਾਰ 'ਤੇ ਮਿਲ ਸਕਣ। ਖੈਰ, ਹੁਣ ਤੱਕ ਸਰਕਾਰਾਂ ਨੇ ਦਾਅਵੇ ਅਤੇ ਵਾਅਦੇ ਤਾਂ ਬਥੇਰੇ ਕੀਤੇ ਨੇ, ਪਰ ਦੇਖਦੇ ਹਾਂ ਕਿ ਸਰਹੱਦੀ ਇਲਾਕਿਆਂ ਵਿੱਚ ਸਿੱਖਿਆ ਕਦੋਂ ਤੱਕ ਪਹੁੰਚਦੀ ਹੈ? ਨਹੀਂ ਤਾਂ ਬਗੈਰ ਸਿੱਖਿਆ ਤੋਂ ਬੱਚਿਆਂ ਦਾ ਭਵਿੱਖ ਖਤਰੇ ਵਿੱਚ ਹੈ।

# ਸੰਪਰਕ : 95698-20314

# ਬਿਲਡਿੰਗ ਲਈ ਫੰਡ ਰਿਲੀਜ਼ ਨਾ ਹੋਣ ਕਾਰਨ ਮੁੱਖ ਮੰਤਰੀ ਹਲਕੇ ਦਾ ਸਰਕਾਰੀ ਸਕੂਲ ਬੰਦ

**ਮਾਮਲਾ ਮੁੱਖ ਮੰਤਰੀ ਦੇ ਧਿਆਨ 'ਚ ਲਿਆ ਕੇ ਉਸਾਰੀ ਲਈ ਸੰਭਵ ਯਤਨ ਕਰਾਂਗਾ : ਦਲਵੀਰ ਢਿੱਲੋਂ**

**ਧੂਰੀ (ਮਨੋਹਰ ਸਿੰਘ ਸੱਗੂ, ਮੋਹਿਤ ਗਰਗ)**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਆਪਣੇ ਹਲਕਾ ਧੂਰੀ ਦੇ ਵਾਰਡ ਨੰਬਰ 9 ਵਿੱਚ ਸਥਿਤ ਸਰਕਾਰੀ ਰਾਮਗੜ੍ਹੀਆ ਪ੍ਰਾਇਮਰੀ ਸਕੂਲ ਸਿਰਫ਼ ਬਿਲਡਿੰਗ ਦੀ ਉਸਾਰੀ ਲਈ ਫੰਡ ਰਿਲੀਜ਼ ਨਾ ਹੋਣ ਕਾਰਨ ਪਿਛਲੇ ਲਗਭਗ 14 ਸਾਲਾਂ ਤੋਂ ਬੰਦ ਪਿਆ ਹੋਣਾ ਸਰਕਾਰੀ ਪ੍ਰਬੰਧਾਂ ਉੱਤੇ ਗੰਭੀਰ ਸਵਾਲ ਖੜੇ ਕਰਦਾ ਹੈ।ਪ੍ਰਾਪਤ ਜਾਣਕਾਰੀ ਮੁਤਾਬਕ ਇਸ ਸਕੂਲ ਵਿੱਚ ਸਾਲ 2011 ਤੱਕ ਕਰੀਬ 200 ਦੇ ਆਸ-ਪਾਸ ਵਿਦਿਆਰਥੀ ਪੜ੍ਹਦੇ ਸਨ।ਸਕੂਲ ਦੀ ਖਸਤਾ ਹਾਲਤ ਇਮਾਰਤ ਤੇ ਅਣਸੁਰੱਖਿਅਤ ਹੋ ਜਾਣ ਕਾਰਨ ਸਾਲ 2011 ਵਿੱਚ ਇਸ ਨੂੰ ਬੰਦ ਕਰ ਦਿੱਤਾ ਗਿਆ ਸੀ ਅਤੇ ਇੱਥੇ ਪੜ੍ਹ ਰਹੇ ਬੱਚਿਆਂ ਨੂੰ ਸਰਕਾਰੀ ਪ੍ਰਾਇਮਰੀ ਸਕੂਲ, ਧੂਰੀ ਪਿੰਡ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ। ਇਸ ਕਾਰਨ ਵਾਰਡ ਨੰਬਰ 9 ਤੇ ਆਲੇ-ਦੁਆਲੇ ਦੀਆਂ ਬਸਤੀਆਂ ਦੇ ਬੱਚਿਆਂ ਨੂੰ ਦੂਰ ਦਰਾਜ਼ ਪੜ੍ਹਾਈ ਲਈ ਜਾਣਾ ਪੈਂਦਾ ਹੈ।

ਕੌਂਸਲਰ ਅਮਨਦੀਪ ਕੌਰ ਔਲਖ, ਬੁੱਧੀਜੀਵੀ ਮਨੋਹਰ ਸਿੰਘ ਸੱਗੂ, ਮੁਹੱਲਾ ਨਿਵਾਸੀ ਧੰਨਾ ਸਿੰਘ ਪਨੇਸਰ, ਇਕਬਾਲ ਸਿੰਘ ਤੇ ਗੁਰਦੁਆਰਾ ਰਾਮਗੜ੍ਹੀਆ ਸਾਹਿਬ ਧੂਰੀ ਦੇ ਸਾਬਕਾ ਮੀਤ ਪ੍ਰਧਾਨ ਕੁਲਵਿੰਦਰ ਸਿੰਘ ਪੱਪੂ ਨੇ ਦੱਸਿਆ ਕਿ ਉਹ ਸਕੂਲ ਦੀ ਨਵੀਂ ਬਿਲਡਿੰਗ ਤਿਆਰ ਕਰਵਾਉਣ ਲਈ ਸਬੰਧਤ ਵਿਭਾਗਾਂ ਨਾਲ ਸਮੇਂ-ਸਮੇਂ 'ਤੇ ਪੱਤਰ ਵਿਹਾਰ ਕਰਦੇ ਆ ਰਹੇ ਹਨ। ਉਨ੍ਹਾਂ ਜਾਣਕਾਰੀ ਦਿੱਤੀ ਕਿ ਬੀ.ਪੀ.ਈ.ਓ. ਧੂਰੀ ਵੱਲੋਂ ਪੱਤਰ ਨੰਬਰ 2989 ਮਿਤੀ 20.05.2021 ਰਾਹੀਂ



ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ), ਸੰਗਰੂਰ ਨੂੰ ਸਕੂਲ ਦੀ ਬਿਲਡਿੰਗ ਲਈ ਫੰਡ ਜਾਰੀ ਕਰਨ ਦੀ ਸਿਫ਼ਾਰਸ਼ ਕੀਤੀ ਗਈ ਸੀ। ਇਸ ਤੋਂ ਬਾਅਦ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ), ਸੰਗਰੂਰ ਵੱਲੋਂ ਪੱਤਰ ਨੰਬਰ ਸਿਵਲ ਵਰਕਸ/2021/178849 ਮਿਤੀ 3 ਜੂਨ 2021 ਰਾਹੀਂ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਅਜੀਤਗੜ੍ਹ (ਪੰਜਾਬ) ਨੂੰ ਸਕੂਲ ਵਿੱਚ ਤਿੰਨ ਐਡੀਸ਼ਨਲ ਕਲਾਸ ਰੂਮ, ਸਮਰਸੀਬਲ ਪੰਪ, ਤਿੰਨ ਬਾਥਰੂਮ ਅਤੇ ਕਿਚਨ ਸ਼ੈੱਡ ਲਈ ਲੋੜੀਂਦੀ ਰਕਮ ਜਾਰੀ ਕਰਨ ਦੀ ਮੰਗ ਭੇਜੀ ਗਈ ਸੀ, ਪਰ ਹੈਰਾਨੀਜਨਕ ਗੱਲ ਹੈ ਕਿ ਸਕੂਲ ਦੀ ਜ਼ਮੀਨ ਨੂੰ ਲੈ ਕੇ ਇਤਰਾਜ਼ ਲਗਾਇਆ ਜਾ ਰਿਹਾ ਹੈ ਕਿ ਇਹ ਜ਼ਮੀਨ ਸਕੂਲ ਦੇ ਨਾਮ ਦਰਜ ਨਹੀਂ ਹੈ।ਉਨ੍ਹਾਂ ਦਾ ਕਹਿਣਾ ਹੈ ਕਿ ਇਹ ਸਕੂਲ ਧੂਰੀ ਦੇ ਸਭ ਤੋਂ ਪੁਰਾਣੇ ਸਕੂਲਾਂ ਵਿੱਚੋਂ ਇੱਕ ਹੈ ਅਤੇ ਕਈ ਦਹਾਕੇ ਪਹਿਲਾਂ ਦਾਨੀ ਸੱਜਣਾਂ ਵੱਲੋਂ ਦਾਨ ਕੀਤੀ ਗਈ ਬਿਲਡਿੰਗ 'ਚ ਸ਼ੁਰੂ ਕੀਤਾ ਗਿਆ ਸੀ।ਉਨ੍ਹਾਂ ਕਿਹਾ ਕਿ ਧੂਰੀ ਵਿੱਚ ਮੁਰੱਬੇਬੰਦੀ ਨਾ ਹੋਣ ਕਾਰਨ ਪੁਰਾਣੇ ਮਾਲਕੀ ਰਿਕਾਰਡ ਉਪਲਬਧ ਨਹੀਂ ਹਨ, ਜਿਸ ਕਾਰਨ ਬਿਲਡਿੰਗ ਦੀ ਉਸਾਰੀ ਦਾ ਮਸਲਾ ਲਟਕਦਾ ਆ ਰਿਹਾ ਹੈ।

ਇਲਾਕੇ ਦੇ ਬੁੱਧੀਜੀਵੀ ਲੋਕਾਂ ਤੇ ਮੁਹੱਲਾ ਵਾਸੀਆਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਕੋਲੋਂ ਮੰਗ ਕੀਤੀ ਹੈ ਕਿ ਜ਼ਮੀਨ ਦੇ ਮਸਲੇ ਨੂੰ ਵਿਸ਼ੇਸ਼ ਧਿਆਨ ਨਾਲ ਹੱਲ ਕਰਵਾ ਕੇ ਸਕੂਲ ਦੀ ਬਿਲਡਿੰਗ ਲਈ ਤੁਰੰਤ ਗਰਾਂਟ ਜਾਰੀ ਕੀਤੀ ਜਾਵੇ, ਤਾਂ ਜੋ ਸਾਲਾਂ ਤੋਂ ਬੰਦ ਪਿਆ ਇਹ ਸਰਕਾਰੀ ਪ੍ਰਾਇਮਰੀ ਸਕੂਲ ਮੁੜ ਚਾਲੂ ਹੋ ਸਕੇ ਤੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਬਣਾਇਆ ਜਾ ਸਕੇ।

ਜਦੋਂ ਇਸ ਸਬੰਧੀ ਮੁੱਖ ਮੰਤਰੀ ਕੈਂਪਸ ਦਫ਼ਤਰ ਧੂਰੀ ਦੇ ਇੰਚਾਰਜ ਤੇ ਪੰਜਾਬ ਲਘੂ ਉਦਯੋਗ ਨਿਗਮ ਦੇ ਚੇਅਰਮੈਨ ਦਲਵੀਰ ਸਿੰਘ ਢਿੱਲੋਂ ਨਾਲ ਸੰਪਰਕ ਕੀਤਾ ਗਿਆ ਤਾ ਉਨ੍ਹਾਂ ਕਿਹਾ ਕਿ ਮਾਮਲਾ ਉਨ੍ਹਾਂ ਦੇ ਧਿਆਨ 'ਚ ਹੈ ਅਤੇ ਉਹ ਇਹ ਮਾਮਲਾ ਮੁੱਖ ਮੰਤਰੀ ਦੇ ਧਿਆਨ 'ਚ ਲਿਆ ਕੇ ਸਕੂਲ ਦੀ ਇਮਾਰਤ ਦੀ ਉਸਾਰੀ ਨੂੰ ਸੰਭਵ ਬਣਾਉਣ ਦੀ ਕੋਸ਼ਿਸ਼ ਕਰਨਗੇ।

## ਸੀ ਪੀ ਆਈ ਵੱਲੋਂ ਕਾਮਰੇਡ ਗੁਰਿੰਦਰ ਗਰੇਵਾਲ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ



**ਲੁਧਿਆਣਾ (ਐੱਮ ਐੱਸ ਭਾਟੀਆ)**-ਕਾਮਰੇਡ ਗੁਰਿੰਦਰ ਗਰੇਵਾਲ (ਬਿੱਟੂ ਗਰੇਵਾਲ), ਪਿੰਡ ਗੁਜਰਵਾਲ ਜ਼ਿਲ੍ਹਾ ਲੁਧਿਆਣਾ 63 ਸਾਲ ਦੀ ਉਮਰ ਵਿੱਚ ਸਦੀਵੀ ਵਿਛੋੜਾ ਦੇ ਗਏ ਹਨ।ਅੱਜ ਉਨ੍ਹਾਂ ਦੇ ਪਿੰਡ ਗੁਜਰਵਾਲ ਵਿਖੇ ਉਨ੍ਹਾਂ ਦਾ ਸਸਕਾਰ ਕੀਤਾ ਗਿਆ, ਜਿੱਥੇ ਪਾਰਟੀ ਸਾਥੀਆਂ ਨੇ ਉਨ੍ਹਾਂ ਦੇ ਉੱਪਰ ਲਾਲ ਝੰਡਾ ਪਾ ਕੇ ਵਿਦਾਇਗੀ ਦਿੱਤੀ।ਇਸ ਮੌਕੇ ਪਾਰਟੀ ਵੱਲੋਂ ਕਾਮਰੇਡ ਅਜੀਤ ਜਵੱਦੀ, ਕਰਤਾਰ ਰਾਮ, ਗੁਰਮੇਲ ਮੈਲੜੇ, ਕੁਲਦੀਪ ਸਿੰਘ, ਰਾਮ ਚੰਦ ਤੇ ਹੋਰ ਸਾਥੀ ਸ਼ਾਮਲ ਹੋਏ।ਜ਼ਿਲ੍ਹਾ ਪਾਰਟੀ ਨੇ ਉਨ੍ਹਾਂ ਦੇ ਅਕਾਲ ਚਲਾਣੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਛੁੱਟੀ ਤੋਂ ਪਰਤੇ ਐੱਸ ਐੱਸ ਪੀ ਵਰੁਣ ਸ਼ਰਮਾ

**ਪਟਿਆਲਾ (ਰਾਜਿੰਦਰ ਥਿੰਦ)**-ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੌਰਾਨ ਛੁੱਟੀ 'ਤੇ ਗਏ ਪਟਿਆਲਾ ਐੱਸ ਐੱਸ ਪੀ ਵਰੁਣ ਸ਼ਰਮਾ ਨੇ ਮੁੜ ਡਿਊਟੀ ਸੰਭਾਲ ਲਈ ਹੈ।ਛੁੱਟੀ ਤੋਂ ਪਰਤਦਿਆਂ ਹੀ ਐੱਸ ਐੱਸ ਪੀ ਵੱਲੋਂ ਸਮੂਹ ਅਧਿਕਾਰੀਆਂ ਨਾਲ ਬੈਠਕ ਵੀ ਬੁਲਾ ਲਈ ਹੈ।ਦੱਸਣਾ ਬਣਦਾ ਹੈ ਕਿ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣ ਦੀ ਨਾਮਜ਼ਦਗੀਆਂ ਤੋਂ ਇਕ ਦਿਨ ਪਹਿਲਾਂ ਇਕ ਆਡੀਓ, ਵੀਡਿਓ ਵਾਇਰਲ ਹੋਣ ਦਾ ਵਿਵਾਦ ਸ਼ੁਰੂ ਹੋਇਆ ਸੀ। ਜਿਸ ਸਬੰਧੀ ਸ਼੍ਰੋਮਣੀ ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਟਿਆਲਾ ਦੇ ਐੱਸ ਐੱਸ ਪੀ ਵਰੁਣ ਸ਼ਰਮਾ 'ਤੇ ਗੰਭੀਰ ਦੋਸ਼ ਲਾਉਂਦਿਆਂ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਸੀ ਤੇ ਹਾਈ ਕੋਰਟ ਵਿੱਚ ਪਟੀਸ਼ਨ ਵੀ ਦਾਇਰ ਕੀਤੀ ਸੀ।ਇਸ ਵਿਵਾਦ ਦੌਰਾਨ ਐੱਸ ਐੱਸ ਪੀ ਵਰੁਣ ਸ਼ਰਮਾ 10 ਦਸੰਬਰ ਨੂੰ ਇਕ ਹਫਤੇ ਲਈ ਛੁੱਟੀ 'ਤੇ ਚਲੇ ਗਏ ਸਨ।ਚੋਣ ਨਤੀਜੇ ਆਉਣ ਤੋਂ ਇਕ ਦਿਨ ਬਾਅਦ ਵੀਰਵਾਰ ਵਰੁਣ ਸ਼ਰਮਾ ਡਿਊਟੀ 'ਤੇ ਪਰਤੇ ਹਨ।

# ਤਾਮਿਲਨਾਡੂ ਦੇ ਕਿਸਾਨ ਆਗੂਆਂ ਦੀ ਰਿਹਾਈ ਲਈ ਰੋਸ ਪ੍ਰਦਰਸ਼ਨ

- ਰਾਸ਼ਟਰਪਤੀ ਦੇ ਨਾਂਅ ਡੀ ਸੀ ਨੂੰ ਸੌਂਪਿਆ ਮੰਗ ਪੱਤਰ
- ਇੱਕ ਦੇਸ਼, ਇੱਕ ਲੈਂਡ ਰਜਿਸਟਰੇਸ਼ਨ ਨੀਤੀ ਨੂੰ ਕਾਰਪੋਰੇਟ ਪੱਖੀ ਦੱਸਿਆ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**

ਸੰਯੁਕਤ ਕਿਸਾਨ ਮੋਰਚਾ (ਗੈਰ-ਰਾਜਨੀਤਕ) ਭਾਰਤ ਦੇ ਸੱਦੇ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਵੱਲੋਂ ਜ਼ਿਲ੍ਹਾ ਪ੍ਰਧਾਨ ਬੋਹੜ ਸਿੰਘ ਰੁਪੱਈਆ ਵਾਲਾ ਦੀ ਅਗਵਾਈ ਹੇਠ ਫਰੀਦਕੋਟ ਵਿਖੇ ਜ਼ੋਰਦਾਰ ਰੋਸ ਪ੍ਰਦਰਸ਼ਨ ਕੀਤਾ ਗਿਆ।ਇਸ ਮੌਕੇ ਕਿਸਾਨਾਂ ਨੇ ਤਾਮਿਲਨਾਡੂ ਦੇ ਪ੍ਰਮੁੱਖ ਕਿਸਾਨ ਆਗੂ ਪੀ. ਆਰ. ਪਾਂਡੀਅਨ ਤੇ ਸੇਲਵਰਾਜ ਦੀ ਰਿਹਾਈ ਦੀ ਮੰਗ ਕਰਦਿਆਂ ਡਿਪਟੀ ਕਮਿਸ਼ਨਰ ਰਾਹੀਂ ਦੇਸ਼ ਦੇ ਰਾਸ਼ਟਰਪਤੀ ਨੂੰ ਮੰਗ ਪੱਤਰ ਭੇਜਿਆ।

ਝੂਠੇ ਕੇਸ ਵਿੱਚ ਸਜ਼ਾ ਦੇਣ ਦੇ ਲਾਏ ਇਲਜ਼ਾਮ ਬਾਰੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੋਹੜ ਸਿੰਘ ਰੁਪੱਈਆ ਵਾਲਾ ਨੇ ਦੱਸਿਆ ਕਿ ਤਾਮਿਲਨਾਡੂ ਦੇ ਕਿਸਾਨ ਨੇਤਾ ਪੀ. ਆਰ. ਪਾਂਡੀਅਨ ਨੇ ਹਮੇਸ਼ਾ ਕਿਸਾਨਾਂ ਦੇ ਹੱਕਾਂ ਅਤੇ ਵਾਤਾਵਰਣ ਦੀ ਰਾਖੀ ਲਈ ਲੜਾਈ ਲੜੀ ਹੈ।ਉਨ੍ਹਾਂ ਦੱਸਿਆ ਕਿ 2013 ਵਿੱਚ ਧਰਮਪੁਰੀ ਜ਼ਿਲ੍ਹੇ ਵਿੱਚ ਓ.ਐੱਨ.ਜੀ.ਸੀ. ਕੰਪਨੀ ਦੀ ਡ੍ਰਿਲਿੰਗ ਕਾਰਨ ਗੈਸ ਲੀਕ ਹੋਈ ਸੀ, ਜਿਸ ਵਿਰੁੱਧ 2015 ਵਿੱਚ ਕੀਤੇ ਗਏ ਸ਼ਾਂਤਮਈ ਪ੍ਰਦਰਸ਼ਨ ਨੂੰ ਦਬਾਉਣ ਲਈ ਕਾਰਪੋਰੇਟ ਘਰਾਣਿਆਂ ਦੇ ਦਬਾਅ ਹੇਠ ਝੂਠਾ ਮੁਕੱਦਮਾ ਦਰਜ ਕੀਤਾ ਗਿਆ।ਉਨ੍ਹਾਂ ਅਫ਼ਸੋਸ ਜਤਾਇਆ ਕਿ ਫਾਸਟ ਟਰੈਕ ਅਦਾਲਤ ਵੱਲੋਂ 6 ਦਸੰਬਰ 2025 ਨੂੰ ਇਨ੍ਹਾਂ ਆਗੂਆਂ ਨੂੰ 13-13 ਸਾਲ ਦੀ ਸਜ਼ਾ ਸੁਣਾ ਦਿੱਤੀ ਗਈ, ਜੋ ਕਿ ਸਰਾਸਰ ਨਾਇਨਸਾਫ਼ੀ ਹੈ।

'ਇੱਕ ਦੇਸ਼, ਇੱਕ ਲੈਂਡ ਰਜਿਸਟਰੇਸ਼ਨ' ਦਾ ਵਿਰੋਧ ਕਰਦੇ ਹਏ ਜ਼ਿਲ੍ਹਾ ਜਨਰਲ ਸਕੱਤਰ ਇੰਦਰਜੀਤ ਸਿੰਘ ਘਣੀਆ ਨੇ ਕੇਂਦਰ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ 'ਇੱਕ ਦੇਸ਼, ਇੱਕ ਲੈਂਡ ਰਜਿਸਟਰੇਸ਼ਨ' ਨੀਤੀ ਪੰਜਾਬ ਦੀਆਂ ਜ਼ਰਖੇਜ਼ ਜ਼ਮੀਨਾਂ ਕਿਸਾਨਾਂ ਤੋਂ ਖੋਹ ਕੇ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਦੀ ਇੱਕ ਸਾਜ਼ਿਸ਼ ਹੈ।

ਉਨ੍ਹਾਂ ਕਿਹਾ ਕਿ ਪਹਿਲਾਂ ਵੀ ਤਿੰਨ ਕਾਲੇ ਕਾਨੂੰਨ ਲਿਆਂਦੇ ਗਏ ਸਨ, ਜਿਨ੍ਹਾਂ ਨੂੰ 750 ਕਿਸਾਨਾਂ ਦੀ ਸ਼ਹਾਦਤ ਤੋਂ ਬਾਅਦ ਵਾਪਸ ਕਰਵਾਇਆ ਗਿਆ ਸੀ, ਪਰ ਹੁਣ ਨਵੇਂ ਰੂਪ ਵਿੱਚ ਮੁੜ ਹਮਲਾ ਕੀਤਾ ਜਾ ਰਿਹਾ ਹੈ।ਉਨ੍ਹਾਂ ਪੰਜਾਬ ਸਰਕਾਰ ਦੀ ਵੀ ਨਿਖੇਧੀ ਕੀਤੀ ਕਿ ਉਹ ਇਸ ਯੋਜਨਾ ਨੂੰ ਲਾਗੂ ਕਰਨ ਵਿੱਚ ਕੇਂਦਰ ਦੀ ਮਦਦ ਕਰ ਰਹੀ ਹੈ।ਇਸ ਰੋਸ ਪ੍ਰਦਰਸ਼ਨ ਵਿੱਚ ਜ਼ਿਲ੍ਹਾ ਵਿੱਤ ਸਕੱਤਰ ਗੁਰਦਿੱਤਾ ਸਿੰਘ, ਬਲਾਕ ਪ੍ਰਧਾਨ ਤੇਜਾ ਸਿੰਘ ਪੱਕਾ, ਜਿੰਦਰ ਸਿੰਘ (ਸਾਦਿਕ), ਸੁਖਚਰਨ ਸਿੰਘ (ਗੋਲੇਵਾਲਾ), ਬਲਜਿੰਦਰ ਸਿੰਘ (ਬਾੜਾ ਭਾਈਕਾ), ਸ਼ਿੰਦਰਪਾਲ ਸਿੰਘ (ਜੈਤੋ), ਨੈਬ ਸਿੰਘ, ਨਿਰਮਲ ਸਿੰਘ ਢਿੱਲਵਾਂ, ਸੁਖਜੀਵਨ ਸਿੰਘ ਤੇ ਯੂਥ ਆਗੂ ਜਤਿੰਦਰਜੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

## ਕਾਤਰਾਂ

### ਗਾਇਕ ਹਰਜੋਤ ਢਿੱਲੋਂ ਨੂੰ ਸਦਮਾ, ਮਾਤਾ ਦਾ ਦੇਹਾਂਤ



**ਜਗਰਾਉਂ (ਸੰਜੀਵ ਅਰੋੜਾ)**-ਪੰਜਾਬੀ ਗਾਇਕ ਹਰਜੋਤ ਢਿੱਲੋਂ ਨੂੰ ਉਸ ਸਮੇਂ ਸਦਮਾ ਲੱਗਾ, ਜਦ ਉਨ੍ਹਾਂ ਦੇ ਮਾਤਾ ਸੁਰਿੰਦਰ ਕੌਰ (ਧਰਮ ਪਤਨੀ ਮਹਿੰਦਰ ਸਿੰਘ ਢਿੱਲੋਂ) ਗੁਰੂ ਚਰਨਾਂ ਵਿੱਚ ਜਾ ਬਿਰਾਜੇ। ਉਨ੍ਹਾਂ ਦੇ ਮਾਤਾ ਜੀ ਪਿਛਲੇ ਕੁਝ ਸਮੇਂ ਤੋਂ ਬਿਮਾਰ ਸਨ, ਉਹ 85 ਸਾਲਾਂ ਦੇ ਸਨ। ਮਾਤਾ ਜੀ ਦਚਲੇ ਜਾਣ ਨਾਲ ਗਾਇਕ ਹਰਜੋਤ ਢਿੱਲੋਂ ਦੇ ਪਰਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਭੋਗ ਤੇ ਅੰਤਿਮ ਅਰਦਾਸ 25 ਦਸੰਬਰ ਨੂੰ ਪਿੰਡ ਚੀਮਨਾ ਦੇ ਗੁਰਦੁਆਰਾ ਸਾਹਿਬ ਵਿਖੇ ਦੁਪਹਿਰ 1 ਵਜੇ ਹੋਵੇਗੀ। ਇਸ ਮੌਕੇ ਰਾਜਨੀਤਕ, ਧਾਰਮਿਕ, ਗਾਇਕ, ਗੀਤਕਾਰ ਅਤੇ ਪ੍ਰੈੱਸ ਕਲੱਬ ਜਗਰਾਉਂ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ।

### ਫ਼ਿਰੋਜ਼ਪੁਰ ਮੰਡਲ 'ਚ ਟਿਕਟਾਂ ਦੀ ਧੋਖਾਧੜੀ ਰੋਕਣ ਲਈ ਸਖ਼ਤ ਚੈਕਿੰਗ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਮੰਡਲ ਵਿਚ ਰੇਲ ਟਿਕਟਾਂ ਵਿਚ ਕਿਸੇ ਵੀ ਪ੍ਰਕਾਰ ਦੀ ਧੋਖਾਧੜੀ ਨੂੰ ਰੋਕਣ ਦੇ ਉਦੇਸ਼ ਨਾਲ, ਮੰਡਲ ਰੇਲ ਪ੍ਰਬੰਧਕ (ਯੂ ਟੀ ਐੱਸ) ਸੰਜੀਵ ਕੁਮਾਰ ਨੇ ਮੰਡਲ ਦੇ ਸਾਰੇ ਟਿਕਟ ਜਾਂਚ ਕਰਮਚਾਰੀਆਂ ਨੂੰ ਸਖ਼ਤ ਨਿਰਦੇਸ਼ ਜਾਰੀ ਕੀਤੇ ਹਨ। ਇਸ ਮੁਹਿੰਮ ਦੇ ਤਹਿਤ ਟਿਕਟ ਜਾਂਚ ਸਟਾਫ਼ ਨੂੰ ਯੂ ਟੀ ਐੱਸ (ਅਨਾਰਕਸ਼ਿਤ) ਟਿਕਟਾਂ ਦੀ ਗਹਿਨ ਜਾਂਚ ਕਰਕੇ ਅਜਿਹੇ ਮਾਮਲਿਆਂ ਦਾ ਪਤਾ ਲਗਾਉਣ ਲਈ ਕਿਹਾ ਗਿਆ ਹੈ, ਜਿਨ੍ਹਾਂ ਵਿਚ ਯਾਤਰੀ ਸੰਖਿਆ ਵਿਚ ਬਦਲਾਅ ਕਰਨਾ, ਇਕ ਹੀ ਟਿਕਟ ਦੀ ਇਕ ਤੋਂ ਵੱਧ ਵਾਰ ਵਰਤੋਂ ਕਰਨਾ ਜਾਂ ਕਿਸੇ ਹੋਰ ਪ੍ਰਕਾਰ ਦੀ ਧੋਖਾਧੜੀ ਸ਼ਾਮਲ ਹੋਵੇ। ਸਾਰੇ ਟਿਕਟ ਜਾਂਚ ਕਰਮਚਾਰੀਆਂ ਨੂੰ ਹੁਣ ਹਰੇਕ ਯੂ ਟੀ ਐੱਸ ਟਿਕਟ ਦੀ ਐੱਚ ਐੱਚ ਟੀ ਐਪ ਰਾਹੀਂ ਵੀ ਡੂੰਘਾਈ ਨਾਲ ਜਾਂਚ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਇਹ ਵਿਸ਼ੇਸ਼ ਜਾਂਚ ਮੁਹਿੰਮ ਮੰਡਲ ਅਧਿਕਾਰੀਆਂ ਦੀ ਸਿੱਧੀ ਨਿਗਰਾਨੀ ਹੇਠ ਚਲਾਈ ਜਾ ਰਹੀ ਹੈ।

### ਪਲੇਸਮੈਂਟ ਕੈਂਪ ਅੱਜ

ਫਾਜ਼ਿਲਕਾ (ਨਿਸ਼ਾ ਸ਼ਰਮਾ)-ਪਲੇਸਮੈਂਟ ਅਫਸਰ ਸ੍ਰੀ ਰਾਜ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ 19 ਦਸੰਬਰ ਸ਼ੁਕਰਵਾਰ ਨੂੰ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਫਾਜ਼ਿਲਕਾ ਵਿਖੇ ਇਕ ਪਲੇਸਮੈਂਟ ਕੈਂਪ ਲਾਇਆ ਜਾ ਰਿਹਾ ਹੈ।ਉਨ੍ਹਾ ਦੱਸਿਆ ਕਿ ਇਸ ਕੈਂਪ ਵਿੱਚ ਸੈਟਿਨ ਕਰੈਡਿਟਕੇਅਰ ਨੈੱਟਵਰਕ ਲਿਮ: ਵੱਲੋਂ ਫੀਲਡ ਅਫਸਰ ਲਈ ਇੰਟਰਵਿਊ ਲਿਆ ਜਾਣਾ ਹੈ, ਜਿਸ ਵਿੱਚ 50 ਅਸਾਮੀਆਂ (ਕੇਵਲ ਲੜਕੇ) ਲਈ ਘੱਟੋ ਘੱਟ 12ਵੀਂ ਪਾਸ ਤੇ ਉਮਰ 19 ਤੋਂ 32 ਸਾਲ ਤੱਕ ਦੀ ਹੋਣੀ ਲਾਜ਼ਮੀ ਹੈ।ਪ੍ਰਾਰਥੀ ਆਪਣਾ ਬਾਇਓਡਾਟਾ ਤੇ ਪੜ੍ਹਾਈ ਦੇ ਸਰਟੀਫਿਕੇਟ ਅਤੇ ਡਰਾਈਵਿੰਗ ਲਾਇਸੈਂਸ ਸਮੇਤ ਫੋਟੋ ਕਾਪੀਆਂ ਨਾਲ ਲੈ ਕੇ ਆਉਣ।ਪਲੇਸਮੈਂਟ ਅਫਸਰ ਨੇ ਦੱਸਿਆ ਕਿ ਪਲੇਸਮੈਂਟ ਕੈਂਪ ਸਵੇਰੇ 10.00 ਵਜੇ ਤੋਂ ਡੀ ਸੀ ਦਫ਼ਤਰ ਏ ਬਲਾਕ, ਚੌਥੀ ਮੰਜਿਲ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਫਾਜ਼ਿਲਕਾ ਦਫਤਰ ਵਿਖੇ ਲਗਾਇਆ ਜਾ ਰਿਹਾ ਹੈ।

## ਸੂਬਾ ਪੱਧਰੀ ਮੁਲਾਜ਼ਮ ਤੇ ਪੈਨਸ਼ਨਰ ਚੇਤਨਾ ਕਨਵੈਨਸ਼ਨ ਭਲਕੇ



**ਮੋਗਾ (ਇਕਬਾਲ ਸਿੰਘ ਖਹਿਰਾ)**-ਪੰਜਾਬ ਪੈਨਸ਼ਨਰ ਯੂਨੀਅਨ ਸੰਬੰਧਿਤ ਏਟਕ ਦੇ ਸੂਬਾਈ ਚੇਅਰਮੈਨ ਗੁਰਦੀਪ ਸਿੰਘ ਮੋਤੀ, ਵਰਕਿੰਗ ਚੇਅਰਮੈਨ ਅਵਤਾਰ ਸਿੰਘ ਗਗੜਾ, ਸੂਬਾ ਪ੍ਰਧਾਨ ਜਗਦੀਸ਼ ਸਿੰਘ ਚਾਹਲ, ਪੰਜਾਬ ਸੁਬਾਰਡੀਨੇਟ ਸਰਵਿਸਜ਼ ਫੈਡਰੇਸ਼ਨ ਦੇ ਸੂਬਾ ਚੇਅਰਮੈਨ ਦਰਸ਼ਨ ਸਿੰਘ ਲੁਬਾਣਾ, ਸਰਪ੍ਰਸਤ ਚਰਨ ਸਿੰਘ ਸਰਾਭਾ, ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ ਅਤੇ ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ, ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਦੇ ਸੂਬਾ ਪ੍ਰਧਾਨ ਗੁਰਪ੍ਰੀਤ ਸਿੰਘ ਗੰਡੀਵਿੰਡ, ਪਾਵਰਕਾਮ ਪੈਨਸ਼ਨਰ ਯੂਨੀਅਨ ਦੇ ਸੂਬਾਈ ਆਗੂ ਅਮਰੀਕ ਸਿੰਘ ਮਸੀਤਾਂ ਤੇ ਪੀ ਆਰ ਟੀ ਸੀ ਵਰਕਰਜ਼ ਯੂਨੀਅਨ ਦੇ ਸੂਬਾਈ ਆਗੂ ਮੁਹੰਮਦ ਖਲੀਲ, ਪੰਜਾਬ ਗੌਰਮਿੰਟ ਟਰਾਂਸਪੋਰਟ ਵਰਕਰਜ਼ ਯੂਨੀਅਨ ਦੇ ਸੂਬਾ ਪ੍ਰਧਾਨ ਦੀਦਾਰ ਸਿੰਘ ਮੰਡ, ਜਨਰਲ ਸਕੱਤਰ ਗੁਰਜੰਟ ਸਿੰਘ ਕੋਕਰੀ ਤੇ ਵਿੱਤ ਸਕੱਤਰ ਸੁਰਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਪੈਨਸ਼ਨਰ ਦਿਵਸ ਨੂੰ ਸਮਰਪਤ ਮੁਲਾਜ਼ਮ ਤੇ ਪੈਨਸ਼ਨਰ ਵਰਗ ਨੂੰ ਦਰਪੇਸ਼ ਚੁਣੌਤੀਆਂ ਵਿਸ਼ੇ 'ਤੇ ਇੱਕ ਸੂਬਾ ਪੱਧਰੀ ਚੇਤਨਾ ਕਨਵੈਨਸ਼ਨ 20 ਦਸੰਬਰ ਨੂੰ ਸਵੇਰੇ 10-30 ਵਜੇ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਯਾਦਗਾਰੀ ਭਵਨ ਨੇੜੇ ਬੱਸ ਸਟੈਂਡ ਮੋਗਾ ਵਿਖੇ ਕੀਤੀ ਜਾ ਰਹੀ ਹੈ।ਉਨ੍ਹਾ ਦੱਸਿਆ ਕਿ ਇਸ ਕਨਵੈਨਸ਼ਨ ਨੂੰ ਏਟਕ ਪੰਜਾਬ ਦੇ ਸੂਬਾ ਜਨਰਲ ਸਕੱਤਰ ਕਾਮਰੇਡ ਨਿਰਮਲ ਸਿੰਘ ਧਾਲੀਵਾਲ ਉਚੇਚੇ ਤੌਰ 'ਤੇ ਸੰਬੋਧਨ ਕਰਨਗੇ।ਕਨਵੈਨਸ਼ਨ ਦੌਰਾਨ ਕੇਂਦਰੀ ਹੁਕਮਰਾਨ ਮੋਦੀ ਸਰਕਾਰ ਤੇ ਪੰਜਾਬ ਦੀ ਹੁਕਮਰਾਨ ਭਗਵੰਤ ਮਾਨ ਸਰਕਾਰ ਵੱਲੋਂ ਲਗਾਤਾਰ ਲਏ ਜਾ ਰਹੇ ਲੋਕ ਵਿਰੋਧੀ ਫੈਸਲਿਆਂ 'ਤੇ ਵਿਚਾਰ ਚਰਚਾ ਕਰਨ ਤੋਂ ਬਾਅਦ ਅਗਲੇ ਸੰਘਰਸ਼ਾਂ ਦੀ ਰੂਪ-ਰੇਖਾ ਉਲੀਕੀ ਜਾਵੇਗੀ।

# ਪੈਨਸ਼ਨਰ ਭਵਨ ਲੁਧਿਆਣਾ ਵਿਖੇ 44ਵਾਂ ਪੈਨਸ਼ਨਰ ਦਿਵਸ ਮਨਾਇਆ

**ਲੁਧਿਆਣਾ (ਸਤੀਸ਼ ਸਚਦੇਵਾ, ਗੁਰਮੇਲ ਮੈਲਡੇ)**-ਪੈਨਸ਼ਨਰ ਇਨਫਰਮੇਸ਼ਨ ਸੈਂਟਰ ਮੈਨੇਜਮੈਂਟ ਕਮੇਟੀ (ਰਜਿ.) ਪੈਨਸ਼ਨਰ ਭਵਨ ਲੁਧਿਆਣਾ ਵਿਖੇ ਸ੍ਰੀ ਦਲੀਪ ਸਿੰਘ ਚੇਅਰਮੈਨ ਦੀ ਪ੍ਰਧਾਨਗੀ ਪੈਨਸ਼ਨਰ ਦਿਵਸ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ।ਇਸ ਸਮਾਗਮ ਦੇ ਮੁੱਖ ਮਹਿਮਾਨ ਸ਼੍ਰੀ ਸੋਮ ਨਾਥ ਸ਼ਰਮਾ ਸੇਵਾ ਮੁਕਤ ਸੈਂਟਰ ਹੈੱਡ ਟੀਚਰ (ਪੰਜਾਬ ਸਿੱਖਿਆ ਵਿਭਾਗ) ਸ਼ਾਮਲ ਹੋਏ। ਸਮਾਗਮ ਵਿੱਚ ਵੱਖ-ਵੱਖ ਵਿਭਾਗਾਂ ਦੇ ਆਹੁਦੇਦਾਰਾਂ/ਮੈਂਬਰਾਂ ਤੇ ਪੈਨਸ਼ਨਰ ਸਾਥੀਆਂ ਨੇ ਭਾਗ ਲਿਆ।

ਸ੍ਰੀ ਨਿਰਮਲ ਸਿੰਘ ਲਲਤੋਂ ਜਨਰਲ ਸਕੱਤਰ ਵੱਲੋਂ ਸਟੇਜ ਦੀ ਸੇਵਾ ਨਿਭਾਉਂਦੇ ਹੋਏ ਪੈਨਸ਼ਨਰਾਂ ਨੂੰ ਜਾਣਕਾਰੀ ਦਿੱਤੀ ਗਈ ਕਿ ਕਿਸ ਤਰ੍ਹਾਂ ਡੀ ਐੱਸ ਨਾਕਰਾ ਤੇ ਉਨ੍ਹਾਂ ਦੇ ਸਾਥੀਆਂ ਵੱਲੋਂ ਮਾਣਯੋਗ ਹਾਈਕੋਰਟ ਤੇ ਸੁਪਰੀਮ ਕੋਰਟ ਵਿੱਚ ਲਗਾਤਾਰ 4 ਸਾਲ ਪੈਨਸ਼ਨ ਸਬੰਧੀ ਲੜਾਈ ਅਦਾਲਤਾਂ ਵਿੱਚ ਲੜੀ ਗਈ, ਜੋ ਭਾਰਤ ਸਰਕਾਰ ਵੱਲੋਂ ਪੈਨਸ਼ਨਰਾਂ ਦੀ ਪੈਨਸ਼ਨ ਬੰਦ ਕਰਨ ਸਬੰਧੀ ਪੱਤਰ ਜਾਰੀ ਕੀਤਾ ਗਿਆ ਸੀ, ਉਸ ਨੂੰ ਮਾਣਯੋਗ ਸੁਪਰੀਮ ਕੋਰਟ ਵਿੱਚੋਂ ਰੱਦ ਕਰਵਾ ਕੇ ਭਾਰਤ ਦੇ ਚੀਫ ਜਸਟਿਸ ਚੰਦਰ ਚੂਹੜ ਦੀ ਅਗਵਾਈ ਹੇਠ ਬਣੇ ਫੁੱਲ ਬੈਂਚ ਨੇ ਪੈਨਸ਼ਨ ਨੂੰ ਜਾਰੀ ਰੱਖਣ ਲਈ ਹੁਕਮ ਜਾਰੀ ਕੀਤੇ ਅਤੇ ਨਾਲ ਹੀ ਭਾਰਤ ਸਰਕਾਰ ਨੂੰ ਕਿਹਾ ਕਿ ਪੈਨਸ਼ਨ ਮੁਲਾਜ਼ਮਾਂ ਦਾ ਹੱਕ ਹੈ, ਇਹ ਕੋਈ ਸਰਕਾਰ ਵੱਲੋਂ ਪੈਨਸ਼ਨਰ ਨੂੰ ਖੈਰਾਤ ਨਹੀਂ ਦਿੰਦੀ ਜਾਂਦੀ।ਮੁਲਾਜ਼ਮ ਆਪਣੀ ਸਾਰੀ ਜ਼ਿੰਦਗੀ ਸਰਕਾਰ ਦੀ ਸੇਵਾ ਵਿੱਚ ਲਗਾ ਕੇ ਪਬਲਿਕ ਲਈ ਕੰਮ ਕਰਦੇ ਹਨ, ਇਸ ਲਈ ਮੁਲਾਜ਼ਮਾਂ ਨੂੰ ਪੈਨਸ਼ਨ ਮਿਲਣੀ ਬਹੁਤ ਹੀ ਜ਼ਰੂਰੀ ਹੈ, ਇਹ ਫੈਸਲਾ 17 ਦਸੰਬਰ 1982 ਨੂੰ ਦਿੱਤਾ ਗਿਆ ਸੀ।ਸਮਾਗਮ ਵਿੱਚ ਸ਼ਾਮਲ ਹੋਏ ਵੱਖ-ਵੱਖ ਬੁਲਾਰਿਆਂ ਵੱਲੋਂ ਚੀਫ ਜਸਟਿਸ ਸ੍ਰੀ ਚੰਦਰ ਚੂਹੜ ਤੇ ਡੀ ਐੱਸ ਨਾਕਰਾ ਦਾ ਧੰਨਵਾਦ ਕਰਦੇ ਹੋਏ ਮੌਜੂਦਾ ਸਰਕਾਰ ਨੂੰ ਵੀ ਅਪੀਲ ਕੀਤੀ ਕਿ ਮੁਲਾਜ਼ਮਾਂ ਦੀ ਪੈਨਸ਼ਨ, ਜੋ ਸਾਲ 2004 ਤੋਂ ਬੰਦ ਕੀਤੀ ਗਈ ਹੈ, ਉਸ ਨੂੰ ਬਹਾਲ ਕੀਤਾ ਜਾਵੇ ਅਤੇ ਪੈਨਸ਼ਨਰਾਂ ਦੀਆਂ ਲੰਬਤ ਪਈਆਂ ਮੰਗਾਂ ਵੱਲ ਖਾਸ ਕਰਕੇ ਮਹਿੰਗਾਈ ਭੱਤਾ ਕੇਂਦਰ ਸਰਕਾਰ ਦੀ ਤਰਜ਼ 'ਤੇ ਜੋ ਸਰਕਾਰ ਵੱਲੋਂ ਰੋਕਿਆ ਗਿਆ ਹੈ, ਉਸ ਨੂੰ ਜਾਰੀ ਕੀਤਾ ਜਾਵੇ।ਸਮਾਗਮ ਵਿੱਚ ਮੇਜਰ ਸਿੰਘ ਨੱਤ ਸੀਨੀਅਰ ਵਾਈਸ ਚੇਅਰਮੈਨ, ਐੱਚ ਐੱਸ ਮਾਂਗਟ ਸੀਨੀਅਰ ਵਾਈਸ ਚੇਅਰਮੈਨ, ਸੁਸ਼ੀਲ ਕੁਮਾਰ ਮੁੱਖ ਸਲਾਹਕਾਰ, ਰਾਜਿੰਦਰ ਕੁਮਾਰ ਵਿੱਤ ਸਕੱਤਰ, ਰਾਜਿੰਦਰ ਸਿੰਘ ਲਲਤੋਂ, ਦੀਪਇੰਦਰ ਸਿੰਘ, ਵੀ ਸੀ ਪੁਰੀ, ਹਰਦੁਆਰੀ ਲਾਲ ਸ਼ਰਮਾ ਸਾਰੇ ਵਾਈਸ ਚੇਅਰਮੈਨ, ਵਿਜੇ ਮਰਜਾਰਾ, ਨਰਿੰਦਰ ਪਾਲ ਸ਼ਰਮਾ, ਸੁਦਾਗਰ ਸਿੰਘ, ਪ੍ਰਗਟ ਸਿੰਘ ਗਰੇਵਾਲ, ਦਲਜੀਤ ਸਿੰਘ, ਦਰਸ਼ਨ ਸਿੰਘ ਓਟਾਲਾਂ, ਸ਼ਾਮ ਸੁੰਦਰ ਸ਼ਰਮਾ, ਮੱਖਣ ਸਿੰਘ ਜੁਡੀਸ਼ਰੀ ਤੋਂ, ਕੁਲਭੂਸ਼ਨ, ਮਦਨ ਲਾਲ ਸ਼ਰਮਾ, ਪਵਿੱਤਰ ਸਿੰਘ, ਅਵਤਾਰ ਸਿੰਘ, ਗੁਰਦਿਆਲ ਸਿੰਘ, ਕੁਲਦੀਪ ਸਿੰਘ ਤੇ ਕੈਨੇਡਾ ਤੋਂ ਪਹੁੰਚੇ ਸਤੀਸ਼ ਸਚਦੇਵਾ ਨੂੰ ਪੈਨਸ਼ਰ ਭਵਨ ਲੁਧਿਆਣਾ ਵੱਲੋਂ ਵਿੱਤੀ ਸਹਾਇਤਾ ਦੇਣ 'ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ।ਵੱਡੀ ਗਿਣਤੀ ਵਿੱਚ ਪੈਨਸ਼ਨਰ ਅਨੋਖ ਸਿੰਘ ਜਸਪਾਲ ਸਿੰਘ, ਰਾਮ ਪ੍ਰਕਾਸ਼, ਮੈਡਮ ਸੰਤੋਸ਼ ਭਾਟੀਆ, ਮੈਡਮ ਸਲੇਮਪੁਰੀ ਸਾਥਣਾਂ ਸਮੇਤ ਸ਼ਾਮਲ ਹੋਏ, ਅੰਤ ਵਿੱਚ ਚੇਅਰਮੈਨ ਪੈਨਸ਼ਨਰ ਭਵਨ ਲੁਧਿਆਣਾ ਵੱਲੋਂ ਸਭਨਾਂ ਦਾ ਧੰਨਵਾਦ ਕੀਤਾ ਗਿਆ, ਚਾਹ ਬਰੈੱਡ ਪਕੌੜਿਆਂ ਦਾ ਲੰਗਰ ਸਾਰਾ ਦਿਨ ਚੱਲਦਾ ਰਿਹਾ।



## ਸਰਬ ਕਰਮਚਾਰੀ ਸੰਘ ਦੇ ਪ੍ਰਤੀਨਿਧੀ ਸੰਮੇਲਨ ਦਾ ਉਦਘਾਟਨ ਅੱਜ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਸਰਬ ਕਰਮਚਾਰੀ ਸੰਘ ਹਰਿਆਣਾ ਸਬੰਧਤ ਕੁੱਲ ਹਿੰਦ ਭਾਰਤੀ ਰਾਜ ਸਰਕਾਰੀ ਕਰਮਚਾਰੀ ਮਹਾਂਸੰਘ ਦਾ 7ਵਾਂ ਪ੍ਰਤੀਨਿਧੀ ਸੰਮੇਲਨ ਅੱਜ ਤੋਂ ਸ਼ਾਰਦਾ ਪੈਲਸ ਸਿਰਸਾ ਵਿਖੇ ਸ਼ੁਰੂ ਹੋ ਰਿਹਾ ਹੈ, ਜਿਸ ਵਿੱਚ ਹਰਿਆਣਾ ਭਰ ਤੋਂ ਕਰਮਚਾਰੀ ਆਗੂ ਤੇ ਪ੍ਰਤੀਨਿਧੀ ਭਾਗ ਲੈਣਗੇ, ਜਿਨ੍ਹਾਂ ਵਿੱਚ ਵੱਡੀ ਮਾਤਰਾ ਵਿੱਚ ਵੱਖ ਵੱਖ ਵਿਭਾਗਾਂ ਤੋਂ ਮਹਿਲਾਵਾਂ ਵੀ ਸ਼ਾਮਲ ਹੋਣਗੀਆਂ। ਇਸ ਸਮੇਲਨ ਦੇ ਮੁੱਖ ਬੁਲਾਰੇ ਸੀ ਆਈ ਟੀ ਯੂ ਦੇ ਰਾਸ਼ਟਰੀ ਸਕੱਤਰ ਸੁਦੀਪ ਦੱਤਾ ਹੋਣਗੇ। ਇਸ ਤਿੰਨ ਦਿਨਾਂ ਪ੍ਰਤੀਨਿਧੀ ਸੰਮੇਲਨ ਦਾ ਉਦਘਾਟਨ ਕੁਲ ਹਿੰਦ ਭਾਰਤੀ ਰਾਜ ਕਰਮਚਾਰੀ ਮਹਾ ਸੰਘ ਦੇ ਏ ਸ਼੍ਰੀ ਕੁਮਾਰ ਕਰਨਗੇ। ਸਰਬ ਕਰਮਚਾਰੀ ਸੰਘ ਸਿਰਸਾ ਦੇ ਪ੍ਰਧਾਨ ਮਦਨ ਲਾਲ ਖੋਥ ਤੇ ਸਕੱਤਰ ਰਮੇਸ਼ ਸੈਣੀ ਅਤੇ ਉਨ੍ਹਾਂ ਦੇ ਸਾਥੀਆਂ ਨੇ ਕਿਹਾ ਕਿ ਇਸ ਪ੍ਰਤੀਨੀਧੀ ਸੰਮੇਲਨ ਵਿੱਚ ਹਰਿਆਣਾ ਰਾਜ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਵੱਖ ਵੱਖ ਵਿਭਾਗਾਂ ਦੇ ਕਰਮਚਾਰੀ ਵੱਡੀ ਮਾਤਰਾ ਵਿੱਚ ਹਿੱਸਾ ਲੈਣਗੇ ਤੇ ਇਹ ਸਮੇਲਨ 19 ਦਸੰਬਰ ਤੋਂ 21 ਦਸੰਬਰ ਤੱਕ ਚੱਲੇਗਾ। ਸਮੇਲਨ ਪ੍ਰਬੰਧਕ ਰਵੀ ਕੁਮਾਰ, ਸੋਹਣ ਸਿੰਘ ਰੰਧਾਵਾ ਤੇ ਨਿਰਮਲ ਸਿੰਘ ਨੇ ਦੱਸਿਆ ਕਿ ਸਰਦੀ ਦੇ ਮੌਸਮ ਨੂੰ ਧਿਆਨ ਵਿੱਚ ਰਖਦੇ ਹੋਏ ਮਹਿਮਾਨਾਂ ਲਈ ਰਿਹਾਇਸ਼ ਲੰਗਰ ਤੇ ਚਾਹ ਪਾਣੀ ਸਮੇਤ ਸਾਰੇ ਪ੍ਰਬੰਧ ਮੁਕਮਲ ਕਰ ਲਏ ਗਏ ਹਨ।

## ਜ਼ਹਿਰੀਲੀ ਚੀਜ਼ ਖਾ ਕੇ ਖੁਦਕੁਸ਼ੀ



**ਬਰੇਟਾ (ਰੀਤਵਾਲ)**-ਨਜ਼ਦੀਕੀ ਪਿੰਡ ਖੁਡਾਲ ਕਲਾਂ ਵਿਖੇ ਇੱਕ ਵਿਅਕਤੀ ਵੱਲੋਂ ਜ਼ਹਿਰੀਲੀ ਚੀਜ਼ ਖਾ ਕੇ ਖੁਦਕੁਸ਼ੀ ਕਰ ਲਏ ਜਾਣ ਦਾ ਸਮਾਚਾਰ ਹੈ।ਪੁਲਸ ਤੋਂ ਮਿਲੀ ਜਾਣਕਾਰੀ ਅਨੁਸਾਰ ਅਵਤਾਰ ਸਿੰਘ (45) ਦੀ ਘਰਵਾਲੀ ਕਾਫੀ ਚਿਰ ਤੋਂ ਪੇਕੇ ਘਰ ਰਹਿੰਦੀ ਸੀ ਅਤੇ ਉਸ ਸਮੇਂ ਤੋਂ ਹੀ ਉਕਤ ਵਿਅਕਤੀ ਸੁਖਜਿੰਦਰ ਕੌਰ ਵਾਸੀ ਬਰੇਟਾ ਦੇ ਘਰ ਰਹਿੰਦਾ ਸੀ।ਪਿਛਲੇ ਦਿਨੀਂ ਅਵਤਾਰ ਸਿੰਘ ਆਪਣੇ ਘਰ ਖੁਡਾਲ ਕਲਾਂ ਚਲਾ ਗਿਆ ਅਤੇ ਜਿਸ ਕਰਕੇ ਉਸ ਔਰਤ ਨੇ ਲੜਾਈ ਝਗੜਾ ਕਰ ਲਿਆ।ਇਸ ਲੜਾਈ ਕਾਰਨ ਅਵਤਾਰ ਸਿੰਘ ਨੇ ਜ਼ਹਿਰੀਲੀ ਚੀਜ਼ ਖਾ ਕੇ ਖੁਦਕੁਸ਼ੀ ਕਰ ਲਈ।ਥਾਣਾ ਮੁਖੀ ਮੇਲਾ ਸਿੰਘ ਨੇ ਦੱਸਿਆ ਕਿ ਬਰੇਟਾ ਵਾਸੀ ਸੁਖਜਿੰਦਰ ਕੌਰ ਖਿਲਾਫ ਕੇਸ ਦਰਜ ਕਰਕੇ ਅਗਲੀ ਕਾਰਵਾਈ ਆਰੰਭ ਦਿੱਤੀ ਹੈ।

# ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ ਤਹਿਤ ਡੀ ਸੀ ਦਫ਼ਤਰ ਵਿਖੇ ਮੋਰਚਾ ਸ਼ੁਰੂ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕਿਸਾਨ ਮਜ਼ਦੂਰ ਮੋਰਚਾ ਦੇ ਸੱਦੇ 'ਤੇ ਫਿਰੋਜ਼ਪੁਰ ਡੀ ਸੀ ਦਫਤਰ ਅੱਗੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਸੂਬਾ ਪ੍ਰਧਾਨ ਬਲਦੇਵ ਸਿੰਘ ਜ਼ੀਰਾ, ਭਾਰਤੀ ਕਿਸਾਨ ਯੂਨੀਅਨ ਬਹਿਰਾਮਕੇ ਦੇ ਆਗੂ ਚਮਕੌਰ ਸਿੰਘ ਉਸਮਾਨਵਾਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਬਿਜਲੀ ਸੋਧ ਬਿਲ 2025 ਨੂੰ ਕੇਂਦਰ ਸਰਕਾਰ ਰੱਦ ਕਰੇ ਤੇ ਪੰਜਾਬ ਸਰਕਾਰ ਵਿਧਾਨ ਸਭਾ ਵੱਲੋਂ ਇਸ ਬਿੱਲ ਖ਼ਿਲਾਫ਼ ਸਬਰ ਪਾਰਟੀ ਸਹਿਮਤੀ ਨਾਲ ਮਤਾ ਪਾਸ ਕੀਤਾ ਜਾਵੇ, ਬਿਜਲੀ ਮਹਿਕਮੇ ਦਾ ਨਿੱਜੀਕਰਨ ਬੰਦ ਕੀਤਾ ਜਾਵੇ ਅਤੇ ਠੇਕੇਦਾਰੀ ਨੀਤੀ ਨੂੰ ਖਤਮ ਕਰਕੇ ਪੱਕੇ ਮੁਲਾਜ਼ਮਾਂ ਦੀ ਭਰਤੀ ਕੀਤੀ ਜਾਵੇ, ਨਿੱਜੀਕਰਨ ਨੂੰ ਬੜ੍ਹਾਵਾ ਦੇਣ ਦੀ ਨੀਤੀ ਤਹਿਤ ਖਪਤਕਾਰਾਂ ਦੇ ਘਰਾਂ ਅੱਗੇ ਚਿੱਪ ਵਾਲੇ (ਪ੍ਰੀਪੇਡ) ਮੀਟਰ ਜ਼ਬਰਦਸਤੀ ਲਗਾਉਣੇ ਬੰਦ ਕੀਤੇ ਜਾਣ ਤੇ ਪਹਿਲਾਂ ਤੋਂ ਚਲਦੇ ਘਰੇਲੂ ਮੀਟਰ ਹੀ ਲਾਏ ਜਾਣ। ਕੇਂਦਰੀ ਸਰਕਾਰ ਡਰਾਫ਼ਟ ਸੀਡ ਬਿੱਲ, 2025 ਨੂੰ ਤੁਰੰਤ ਵਾਪਸ ਲਵੇ ਅਤੇ ਬੀਜ ਉਤਪਾਦਨ ਨੂੰ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਦੀਆਂ ਕੋਸ਼ਿਸ਼ਾਂ ਬੰਦ ਕਰੇ। ਉਨ੍ਹਾਂ ਕਿਹਾ ਕਿ ਜਿਵੇਂ ਸ਼ੰਭੂ ਤੇ ਖਨੌਰੀ ਬਾਰਡਰਾਂ 'ਤੇ 14 ਮਹੀਨੇ ਚੱਲੇ ਕਿਸਾਨਾਂ ਮਜ਼ਦੂਰਾਂ ਦੇ ਮੋਰਚੇ ਨੂੰ ਭਗਵੰਤ ਮਾਨ ਸਰਕਾਰ ਵੱਲੋਂ ਜਬਰ ਕਰਕੇ ਉਠਾਇਆ ਗਿਆ ਸੀ। ਮੋਰਚੇ ਦੇ ਆਗੂਆਂ ਨੂੰ ਧੋਖੇ ਨਾਲ ਗ੍ਰਿਫਤਾਰ ਕਰਕੇ ਮੋਰਚੇ ਨੂੰ ਆਗੂ ਰਹਿਤ ਕਰਕੇ ਮੋਰਚੇ ਦੇ ਸਾਂਝੇ ਸਾਮਾਨ ਸਮੇਤ ਟਰੈਕਟਰ ਟਰਾਲੀਆਂ ਨੂੰ ਲੁੱਟਿਆ ਗਿਆ ਸੀ। ਇਸ ਲਈ ਪੰਜਾਬ ਸਰਕਾਰ ਲੋਕਾਂ ਦੀ ਖੂਨ ਪਸੀਨੇ ਦੀ ਕਮਾਈ ਨਾਲ ਬਣਾਏ ਸਾਮਾਨ ਦੀ 37700948 ਰੁਪਏ ਦੀ ਭਰਪਾਈ ਕਰੇ। ਉਨ੍ਹਾਂ ਕਿਹਾ ਕਿ ਹੱਕੀ ਮੰਗਾਂ ਸੰਘਰਸ਼ ਦੌਰਾਨ ਦਿੱਲੀ ਕਿਸਾਨ ਅੰਦੋਲਨ 1 ਅਤੇ ਕਿਸਾਨ ਅੰਦੋਲਨ 2 ਅਤੇ ਪੰਜਾਬ ਅੰਦਰ ਚੱਲੇ ਘੋਲਾਂ ਸਮੇਂ ਬਹੁਤ ਸਾਰੇ ਕਿਸਾਨ ਆਗੂਆਂ ਅਤੇ ਵਰਕਰਾਂ ਉੱਤੇ ਦਰਜ ਕੀਤੇ ਕੇਸ ਤੁਰੰਤ ਵਾਪਸ ਲਏ ਜਾਣ। ਰੇਲਵੇ ਵਿਭਾਗ ਵੱਲੋਂ ਬਹੁਤ ਸਾਰੇ ਕਿਸਾਨ ਆਗੂਆਂ ਨੂੰ ਨੋਟਿਸ ਭੇਜੇ ਜਾ ਰਹੇ ਹਨ, ਵਿਭਾਗ ਤੁਰੰਤ ਸਾਰੇ ਨੋਟਿਸ ਰੱਦ ਕਰੇ। ਉਨ੍ਹਾਂ ਕਿਹਾ ਕਿ ਕਿਸਾਨ ਅੰਦੋਲਨਾਂ ਦੌਰਾਨ ਸ਼ਹੀਦ ਹੋਏ ਕਿਸਾਨਾਂ ਦੇ ਪਰਵਾਰਾਂ ਨੂੰ ਮੁਆਵਜ਼ੇ ਤੇ ਨੌਕਰੀਆਂ ਦਿੱਤੀਆਂ ਜਾਣ ਅਤੇ ਜ਼ਖ਼ਮੀਆਂ ਨੂੰ ਮੁਆਵਜ਼ਾ ਦਿੱਤਾ ਜਾਵੇ। ਇਸ ਮੌਕੇ ਇੰਦਰਜੀਤ ਸਿੰਘ ਬਾਠ, ਗੁਰਪ੍ਰੀਤ ਸਿੰਘ ਫਰੀਦੇਵਾਲਾ, ਗੁਰਮੇਲ ਸਿੰਘ ਫੱਤੇਵਾਲਾ, ਧਰਮ ਸਿੰਘ ਸਿੱਧੂ, ਸੁਰਜੀਤ ਸਿੰਘ ਫੌਜੀ, ਹਰਫੂਲ ਸਿੰਘ ਦੂਲੇਵਾਲਾ, ਸੁਖਵਿੰਦਰ ਸਿੰਘ ਅਲੀਪੁਰ, ਰਣਜੀਤ ਸਿੰਘ ਖੱਚਰ ਵਾਲਾ, ਗੁਰਭਾਗ ਸਿੰਘ ਮਰੂੜ, ਦਿਲਬਾਗ ਸਿੰਘ, ਨਰਿੰਦਰਪਾਲ ਸਿੰਘ ਜਤਾਲਾ, ਵੀਰ ਸਿੰਘ ਨਿਜਾਮਦੀਨ ਵਾਲਾ, ਮੰਗਲ ਸਿੰਘ ਜਵਾਹਰ ਕੇ, ਗੁਰਨਾਮ ਸਿੰਘ ਆਲੀਕੇ, ਗੁਰਬਖਸ਼ ਸਿੰਘ ਪੰਜਗਰਾਈਂ, ਗੁਲਜ਼ਾਰ ਸਿੰਘ ਗੋਗੋਆਣੀ, ਸੁਖਵੰਤ ਸਿੰਘ ਲਹੁਕਾ ਆਦਿ ਆਗੂਆਂ ਨੇ ਸੰਬੋਧਨ ਕੀਤਾ।

## ਪੰਚਾਇਤ ਸੰਮਤੀ ਚੋਣਾਂ 'ਚ ਬਹੁਗਿਣਤੀ 'ਚ ਆਪ ਉਮੀਦਵਾਰ ਜਿੱਤੇ

*25 ਜ਼ੋਨਾਂ 'ਚੋਂ 14 ਆਪ, 5 ਅਕਾਲੀ ਦਲ, 4 ਕਾਂਗਰਸ ਜਿੱਤੀ*

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੰਚਾਇਤ ਸੰਮਤੀ ਮਹਿਲ ਕਲਾਂ ਅਧੀਨ ਪੈਂਦੇ 25 ਜ਼ੋਨਾਂ 'ਚੋਂ ਆਮ ਆਦਮੀ ਪਾਰਟੀ ਨੇ 15 ਜ਼ੋਨਾਂ ਤੋਂ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ, ਜਦਕਿ ਸ਼੍ਰੋਮਣੀ ਅਕਾਲੀ ਦਲ ਦੇ 5 ਤੇ ਕਾਂਗਰਸ ਦੇ 4 ਉਮੀਦਵਾਰ ਜਿੱਤੇ ਹਨ।ਆਮ ਆਦਮੀ ਪਾਰਟੀ ਨੇ ਵਜੀਦਕੇ ਕਲਾਂ (ਰਾਖਵਾਂ) ਤੋਂ ਤਰਸੇਮ ਸਿੰਘ, ਜ਼ੋਨ ਵਜੀਦਕੇ ਖੁਰਦ ਤੋਂ (ਰਾਖਵਾਂ ਔਰਤ) ਤੋਂ ਸਰਬਜੀਤ ਕੌਰ, ਜ਼ੋਨ ਸਹਿਜੜਾ ਤੋਂ ਗੁਰਜੀਤ ਸਿੰਘ ਧਾਲੀਵਾਲ, ਜ਼ੋਨ ਚੰਨਣਵਾਲ (ਇਸਤਰੀ) ਤੋਂ ਕਿਰਨਜੀਤ ਕੌਰ, ਜ਼ੋਨ ਨਿਹਾਲੂਵਾਲ ਤੋਂ ਮਨਪ੍ਰੀਤ ਕੌਰ, ਜ਼ੋਨ ਮਹਿਲ ਖੁਰਦ (ਰਾਖਵਾਂ) ਤੋਂ ਜਸਪ੍ਰੀਤ ਸਿੰਘ, ਜ਼ੋਨ ਕੁਤਬਾ ਤੋਂ ਦਵਿੰਦਰ ਸਿੰਘ ਧਨੋਆ, ਜ਼ੋਨ ਛਾਪਾ ਤੋਂ ਭੋਲਾ ਸਿੰਘ, ਜ਼ੋਨ ਦੀਵਾਨਾ ਤੋਂ ਲਖਵਿੰਦਰ ਸਿੰਘ, ਜ਼ੋਨ ਠੁੱਲੀਵਾਲ ਤੋਂ ਹਰਜੀਤ ਸਿੰਘ, ਜ਼ੋਨ ਮਨਾਲ (ਇਸਤਰੀ) ਤੋਂ ਗੁਰਜੀਤ ਕੌਰ, ਜ਼ੋਨ ਠੀਕਰੀਵਾਲ ਤੋਂ ਸੰਦੀਪ ਸਿੰਘ, ਜ਼ੋਨ ਨਾਈਵਾਲਾ (ਰਾਖਵਾਂ) ਤੋਂ ਕਰਮਜੀਤ ਸਿੰਘ, ਜੋਨ ਚੂੰਘਾਂ (ਇਸਤਰੀ) ਤੋਂ ਜਸਵਿੰਦਰ ਕੌਰ ਨੇ ਜਿੱਤ ਪ੍ਰਾਪਤ ਕੀਤੀ ਹੈ।ਸ਼੍ਰੋਮਣੀ ਅਕਾਲੀ ਦਲ ਦੇ ਪੰਚ ਉਮੀਦਵਾਰਾਂ ਜ਼ੋਨ ਬੀਹਲਾ (ਇਸਤਰੀ) ਤੋਂ ਜਸਵਿੰਦਰ ਕੌਰ, ਜ਼ੋਨ ਮੂੰਮ (ਰਾਖਵਾਂ, ਇਸਤਰੀ) ਤੋਂ ਕੁਲਵੰਤ ਕੌਰ, ਜ਼ੋਨ ਕੁਰੜ ਤੋਂ ਬੀਬੀ ਜਸਵਿੰਦਰ ਕੌਰ, ਜ਼ੋਨ ਭੋਤਨਾ (ਰਾਖਵਾਂ ਇਸਤਰੀ) ਤੋਂ ਹਰਦੀਪ ਕੌਰ, ਜ਼ੋਨ ਟੱਲੇਵਾਲ ਤੋਂ ਸੁਖਵਿੰਦਰ ਕੌਰ ਚੋਣ ਜਿੱਤਣ 'ਚ ਕਾਮਯਾਬ ਹੋਏ ਹਨ।ਕਾਂਗਰਸ ਪਾਰਟੀ ਨੇ ਜ਼ੋਨ ਧਨੇਰ ਤੋਂ ਕੁਲਵੰਤ ਸਿੰਘ, ਜ਼ੋਨ ਪੱਖੋਕੇ ਤੋਂ ਨਿਰਮਲਜੀਤ ਕੌਰ, ਜ਼ੋਨ ਚੀਮਾ (ਇਸਤਰੀ) ਤੋਂ ਕਮਲਜੀਤ ਕੌਰ ਨੇ ਜਿੱਤ ਦਰਜ ਕੀਤੀ ਹੈ।ਛੀਨੀਵਾਲ ਕਲਾਂ ਤੋਂ ਆਜ਼ਾਦ ਉਮੀਦਵਾਰ ਚਮਕੌਰ ਸਿੰਘ ਧਾਲੀਵਾਲ ਜਿੱਤੇ ਹਨ।ਮਹਿਲ ਕਲਾਂ ਤੋਂ 'ਆਪ' ਉਮੀਦਵਾਰ ਰਛਪਾਲ ਸਿੰਘ ਬੱਟੀ, ਜ਼ੋਨ ਗਹਿਲ ਤੋਂ ਕਾਂਗਰਸ ਪਾਰਟੀ ਦੇ ਗੋਰਖਾ ਸਿੰਘ ਸੋਹੀ ਬਿਨਾਂ ਮੁਕਬਲਾ ਬਲਾਕ ਸੰਮਤੀ ਮੈਂਬਰ ਚੁਣੇ ਗਏ ਹਨ।

# ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ 'ਤੇ ਡੀ ਸੀ ਦਫ਼ਤਰ ਅੱਗੇ ਮੋਰਚਾ ਸ਼ੁਰੂ

**ਮੰਗਾਂ ਮੰਨੇ ਜਾਣ ਤੱਕ ਜਾਰੀ ਰਹੇਗਾ ਧਰਨਾ : ਪੰਨੂ, ਬਹਿਰਾਮਕੇ**



**ਮੋਗਾ (ਇਕਬਾਲ ਸਿੰਘ ਖਹਿਰਾ)**-ਕਿਸਾਨ ਮਜ਼ਦੂਰ ਮੋਰਚੇ ਦੇ ਸੱਦੇ ਉੱਤੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ, ਬੀਕੇਯੂ ਬਹਿਰਾਮ ਕੇ, ਬੀਕੇਯੂ ਏਕਤਾ ਅਜ਼ਾਦ, ਬੀਕੇਯੂ ਕ੍ਰਾਂਤੀਕਾਰੀ ਦੇ ਹਜ਼ਾਰਾਂ ਕਿਸਾਨਾਂ ਮਜ਼ਦੂਰਾਂ ਬੀਬੀਆਂ ਵੱਲੋਂ ਡੀ ਸੀ ਦਫ਼ਤਰ ਮੋਗਾ ਅੱਗੇ ਅੱਜ ਪੱਕਾ ਮੋਰਚਾ ਸ਼ੁਰੂ ਕਰ ਦਿੱਤਾ, ਜੋ ਲਗਾਤਾਰ 2 ਦਿਨ ਚੱਲੇਗਾ, ਵਿਸ਼ਾਲ ਇਕੱਠ ਨੂੰ ਸੰਬੋਧਨ ਕਰਦਿਆਂ ਸੂਬਾ ਆਗੂ ਸਤਨਾਮ ਸਿੰਘ ਪੰਨੂ, ਬਲਵੰਤ ਸਿੰਘ ਬਹਿਰਾਮ ਕੇ, ਬਲਦੇਵ ਸਿੰਘ ਜ਼ੀਰਾ, ਲਖਵੀਰ ਸਿੰਘ ਦੌਧਰ ਨੇ ਐਲਾਨ ਕੀਤਾ ਕਿ ਜੇਕਰ 1 ਦਸੰਬਰ ਨੂੰ ਦਿੱਤੇ ਮੰਗ ਪੱਤਰ ਦੀਆਂ ਮੰਗਾਂ ਪੰਜਾਬ ਤੇ ਕੇਂਦਰ ਸਰਕਾਰ ਨੇ ਨਾ ਮੰਨੀਆਂ ਤਾਂ 20 ਦਸੰਬਰ ਨੂੰ ਪੰਜਾਬ ਭਰ ਵਿੱਚ ਇਹ ਮੋਰਚਾ ਰੇਲਾਂ ਉੱਤੇ ਤਬਦੀਲ ਕਰ ਦਿੱਤੇ ਜਾਣਗੇ, ਜਿੰਨਾ ਚਿਰ ਤੱਕ ਮਸਲਿਆਂ ਦਾ ਹੱਲ ਨਹੀਂ ਹੁੰਦਾ, ਉਨਾ ਚਿੱਰ ਤੱਕ ਮੋਰਚੇ ਜਾਰੀ ਰਹਿਣਗੇ।ਰੇਲ ਜਾਮ ਦੀ ਜ਼ਿੰਮੇਵਾਰ ਪੰਜਾਬ ਤੇ ਕੇਂਦਰ ਸਰਕਾਰ ਦੀ ਹੋਵੇਗੀ।ਕਿਸਾਨ ਆਗੂਆਂ ਨੇ ਜ਼ੋਰਦਾਰ ਮੰਗ ਕੀਤੀ ਕਿ ਸ਼ੰਭੂ ਖਨੌਰੀ ਬਾਰਡਰਾਂ ਤੇ ਟਰਾਲੀਆਂ ਸਮੇਤ ਹੋਏ ਨੁਕਸਾਨ ਦੀ ਭਰਪਾਈ ਪੰਜਾਬ ਸਰਕਾਰ ਕਰੇ, ਬਿਜਲੀ ਸੋਧ ਬਿੱਲ 2025 ਦਾ ਖਰੜਾ ਕੇਂਦਰ ਸਰਕਾਰ ਰੱਦ ਕਰੇ ਤੇ ਪ੍ਰੀਪੇਡ ਮੀਟਰ ਲਾਉਣੇ ਬੰਦ ਕੀਤੇ ਜਾਣ, ਬੀਜ਼ ਐਕਟ 2025 ਰੱਦ ਕੀਤਾ ਜਾਵੇ, ਭੂਮੀ ਦਾ ਰਿਕਾਰਡ ਦਾ ਕੇਂਦਰੀਕਰਨ ਬੰਦ ਕਰਕੇ ਰਾਜਾਂ ਦੇ ਅਧਿਕਾਰ ਖੋਹਣੇ ਬੰਦ ਕੀਤੇ ਜਾਣ, ਜਨਤਕ ਅਦਾਰੇ ਦੀਆਂ ਜ਼ਮੀਨਾਂ ਵੇਚਣੀਆਂ ਬੰਦ ਕੀਤੀਆਂ ਜਾਣ, ਪਰਾਲੀ ਸਾੜਨ ਵਾਲੇ ਕਿਸਾਨਾਂ 'ਤੇ ਕੀਤੇ ਪਰਚੇ ਰੱਦ ਕੀਤੇ ਜਾਣ ਤੇ ਰੈੱਡ ਐਂਟਰੀਆਂ ਖ਼ਤਮ ਕੀਤੀਆਂ ਜਾਣ, ਕਿਸਾਨਾਂ, ਮਜ਼ਦੂਰਾਂ ਦਾ ਕਰਜ਼ਾ ਖ਼ਤਮ ਕੀਤਾ ਜਾਵੇ, ਐੱਮ.ਐੱਸ.ਪੀ. ਦਾ ਗਾਰੰਟੀ ਕਾਨੂੰਨ ਬਣਾਇਆ ਜਾਵੇ, ਹੜ੍ਹ ਪੀੜਤਾਂ ਨੂੰ ਤੁਰੰਤ ਮੁਆਵਜ਼ਾ ਦਿੱਤਾ ਜਾਵੇ, ਸ਼ੰਭੂ, ਖਨੌਰੀ ਬਾਰਡਰਾਂ 'ਤੇ ਸ਼ਹੀਦ ਹੋਏ ਤੇ ਜ਼ਖ਼ਮੀ ਹੋਏ ਕਿਸਾਨਾਂ ਦਾ ਮੁਆਵਜ਼ਾ ਤੁਰੰਤ ਦਿੱਤਾ ਜਾਵੇ, ਅਮਰੀਕਾ ਨਾਲ ਕੀਤਾ ਜਾ ਰਿਹਾ ਕਰ ਮੁਕਤ ਵਪਾਰ ਸਮਝੌਤਾ ਰੱਦ ਕੀਤਾ ਜਾਵੇ, ਕੇਂਦਰ ਸਰਕਾਰ ਵੱਲੋਂ ਲਾਗੂ ਕੀਤੇ ਨਵੇਂ 4 ਕਿਰਤ ਕਾਨੂੰਨ ਰੱਦ ਕਰਕੇ ਪਹਿਲੇ 29 ਕਿਰਤ ਕਾਨੂੰਨ ਬਹਾਲ ਕੀਤੇ ਜਾਣ।ਇਸ ਮੌਕੇ ਸੁਖਮੰਦਰ ਸਿੰਘ, ਅਵਤਾਰ ਸਿੰਘ ਧਰਮ ਸਿੰਘ ਵਾਲਾ, ਗੁਰਦੇਵ ਸਿੰਘ ਸ਼ਾਹ ਵਾਲਾ, ਜਗਮੋਹਨ ਸਿੰਘ ਚੂਹੜਚੱਕ, ਤੇਤਾ ਸਿੰਘ, ਜਗੀਰ ਸਿੰਘ ਫੌਜੀ, ਜਗਰਾਜ ਸਿੰਘ ਅਜ਼ਾਦ, ਬਲਵਿੰਦਰ ਸਿੰਘ ਸ਼ੰਭੂ, ਜਗਦੀਪ ਸਿੰਘ ਵੈਰੋਕੇ, ਲਖਵੀਰ ਸਿੰਘ ਲੱਖਾ ਪੇਂਡੂ ਮਜ਼ਦੂਰ ਯੂਨੀਅਨ ਪ੍ਰਧਾਨ, ਗੁਰਮੇਲ ਸਿੰਘ ਲੋਹਗੜ੍ਹ, ਗੁਰਭੇਜ ਸਿੰਘ ਸਾਹ ਵਾਲਾ ਆਦਿ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਬੀਬੀਆਂ ਹਾਜ਼ਰ ਸਨ।

# ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਨੇ ਪੈਨਸ਼ਨਰ ਦਿਵਸ ਧੂਮਧਾਮ ਨਾਲ ਮਨਾਇਆ

- 75 ਸਾਲ ਪੂਰੇ ਕਰ ਚੁੱਕੇ ਪੈਨਸ਼ਨਰਾਂ ਨੂੰ ਕੀਤਾ ਸਨਮਾਨਤ, ਸਰਕਾਰ ਖ਼ਿਲਾਫ਼ ਕੱਢੀ ਭੜਾਸ



**ਧੂਰੀ (ਸੁਖਦੇਵ ਧੂਰੀ)**-ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ (ਰਜਿ.1180) ਧੂਰੀ ਵੱਲੋਂ ਸਥਾਨਕ ਮੰਗਲਾ ਆਸ਼ਰਮ (ਗਊਸ਼ਾਲਾ) ਵਿਖੇ ਕੌਮੀ ਪੈਨਸ਼ਨਰ ਦਿਵਸ ਧੂਮਧਾਮ ਨਾਲ ਮਨਾਇਆ ਗਿਆ।ਇਸ ਸਮਾਗਮ ਦੇ ਮੁੱਖ ਮਹਿਮਾਨ ਜਸਦੇਵ ਸਿੰਘ ਸੇਵਾ ਮੁਕਤ ਸੁਪਰਡੈਂਟ, ਪ੍ਰਧਾਨਗੀ ਸਤੀਸ਼ ਸ਼ਰਮਾ ਤੇ ਸਤੀਸ਼ ਕੁਮਾਰ ਗਰਗ ਸੇਵਾ ਮੁਕਤ ਕਾਰਜ ਸਾਧਕ ਅਫ਼ਸਰ ਧੂਰੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਏ।ਉਪਰੋਕਤ ਤੋਂ ਇਲਾਵਾ ਪ੍ਰਧਾਨਗੀ ਮੰਡਲ ਵਿੱਚ ਐਸੋਸੀਏਸ਼ਨ ਦੇ ਸਰਪ੍ਰਸਤ ਹੇਮ ਰਾਜ ਸ਼ਰਮਾ, ਸਕੱਤਰ ਡਾ. ਅਮਰਜੀਤ ਸਿੰਘ, ਨਵਦੀਪ ਕੌਰ, ਜ਼ਿਲ੍ਹਾ ਪ੍ਰਧਾਨ ਤੇ ਸੂਬਾ ਆਗੂ ਰਾਜ ਕੁਮਾਰ ਅਰੋੜਾ, ਦਰਸ਼ਨ ਸਿੰਘ ਨੌਰਥ, ਆਰ ਐੱਲ ਪਾਂਧੀ, ਦਰਸ਼ਨ ਸਿੰਘ ਰੋਗਲਾ ਸੁਸ਼ੋਭਿਤ ਸਨ।ਸ਼ੁਰੂਆਤ ਮੌਕੇ ਅੰਤਰਰਾਸ਼ਟਰੀ ਕੀਰਤਨੀਏ ਗੁਰਮੀਤ ਸਿੰਘ, ਸਾਹਿਤ ਸਭਾ ਦੇ ਪ੍ਰਧਾਨ ਮੂਲ ਚੰਦ ਸ਼ਰਮਾ ਤੇ ਲੋਕ ਗਾਇਕ ਗੁਰਦਿਆਲ ਨਿਰਮਾਣ ਨੇ ਸਮਾਜਿਕ ਗੀਤਾਂ ਰਾਹੀਂ ਖੂਬਸੂਰਤ ਰੰਗ ਬੰਨ੍ਹਿਆ।ਇਸ ਮੌਕੇ ਸਟੇਟ ਬੈਂਕ ਆਫ਼ ਇੰਡੀਆ, ਪੰਜਾਬ ਨੈਸ਼ਨਲ ਬੈਂਕ, ਸਿੰਧ ਬੈਂਕ ਤੇ ਕੋਆਪ੍ਰੇਟਿਵ ਬੈਂਕ ਦੇ ਮੈਨੇਜਰ ਸਾਹਿਬਾਨ ਵੀ ਸ਼ਾਮਲ ਹੋਏ ਅਤੇ ਉਨ੍ਹਾਂ ਪੈਨਸ਼ਨਰਜ਼ ਨੂੰ ਬੈਂਕ ਵਿੱਚ ਕੋਈ ਵੀ ਸਮੱਸਿਆ ਨਾ ਆਉਣ ਦੇਣ ਦਾ ਭਰੋਸਾ ਦਿੱਤਾ।ਸੀਨੀਅਰ ਆਗੂ ਰਮੇਸ਼ ਸ਼ਰਮਾ ਨੇ ਪੈਨਸ਼ਨਰ ਦਿਵਸ ਦੀ ਮਹੱਤਤਾ ਬਾਰੇ ਜਾਣਕਾਰੀ ਸਾਂਝੀ ਕੀਤੀ।ਕਾਰਜਕਾਰੀ ਪ੍ਰਧਾਨ ਜਸਦੇਵ ਸਿੰਘ ਨੇ ਪੈਨਸ਼ਨਰਾਂ ਲਈ ਕੇ ਵਾਈ ਸੀ ਤੇ ਮੈਡੀਕਲ ਬਿਲਾਂ ਬਾਰੇ ਜਾਣਕਾਰੀ ਦਿੱਤੀ।ਇਸ ਮੌਕੇ ਪੰਜਾਬ ਸਰਕਾਰ ਖ਼ਿਲਾਫ਼ ਰੋਹ ਪ੍ਰਚੰਡ ਕਰਦਿਆਂ ਬੁਲਾਰਿਆਂ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪੈਨਸ਼ਨਰਜ਼ ਦੀਆਂ ਮੰਗਾਂ ਨੂੰ ਅਣਗੌਲਿਆਂ ਕਰ ਰੱਖਿਆ ਹੈ।ਛੇਵੇਂ ਤਨਖਾਹ ਕਮਿਸ਼ਨ ਦੇ ਏਰੀਅਰ ਨੂੰ ਯਕਮੁਸ਼ਤ ਦੇਣ, ਬਕਾਇਆ ਡੀ ਏ 16% ਤੁਰੰਤ ਜਾਰੀ ਕਰਨ, ਮੈਡੀਕਲ ਭੱਤਾ 2000 ਰੁਪਏ ਪ੍ਰਤੀ ਮਹੀਨਾ ਕਰਨ ਦੀ ਮੰਗ ਨੂੰ ਜ਼ੋਰਦਾਰ ਢੰਗ ਨਾਲ ਪੇਸ਼ ਕੀਤਾ।ਸਮਾਗਮ ਦੀ ਸ਼ੁਰੂਆਤ ਮਨਜੀਤ ਸਿੰਘ ਬਖ਼ਸ਼ੀ ਸਾਬਕਾ ਡਿਪਟੀ ਡਾਇਰੈਕਟਰ ਲੋਕ ਸੰਪਰਕ ਵਿਭਾਗ ਨੇ ਸਵਾਗਤੀ ਸ਼ਬਦ ਕਹੇ।ਇਸ ਮੌਕੇ ਰਾਮਬਾਗ ਸੀਨੀਅਰ ਸਿਟੀਜਨ ਵੈੱਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਪ੍ਰਿੰਸੀਪਲ ਸੁਖਬੀਰ ਸਿੰਘ, ਜਗਦੀਸ਼ ਸ਼ਰਮਾ ਪ੍ਰਧਾਨ ਸੀਨੀਅਰ ਸਿਟੀਜਨ ਵੈੱਲਫੇਅਰ ਐਸੋਸੀਏਸ਼ਨ ਨਗਰ ਕੌਂਸਲ ਪਾਰਕ, ਸਾਬਕਾ ਸੈਨਿਕ ਦੇ ਪ੍ਰਧਾਨ ਸੁਖਦੇਵ ਸਿੰਘ ਕਿਲ੍ਹਾ ਹਕੀਮਾਂ ਤੇ ਹੋਰ ਜਥੇਬੰਦੀਆਂ ਦੇ ਆਗੂਆਂ ਨੂੰ ਸਨਮਾਨਤ ਕੀਤਾ ਗਿਆ। ਪੱਤਰਕਾਰ ਭਾਈਚਾਰੇ ਨੂੰ ਵੀ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਇਸ ਸਮਾਗਮ ਵਿੱਚ 75 ਸਾਲ ਪੂਰੇ ਕਰ ਚੁੱਕੇ ਪੈਨਸ਼ਨਰਾਂ ਨੂੰ ਸਨਮਾਨਤ ਕੀਤਾ ਗਿਆ।ਇਸ ਸਮਾਗਮ ਦਾ ਮੰਚ ਸੰਚਾਲਨ ਮਨਜੀਤ ਸਿੰਘ ਬਖਸ਼ੀ, ਕਰਮ ਸਿੰਘ ਸੋਢੀ, ਅਮਰਜੀਤ ਸਿੰਘ ਸਕੱਤਰ ਨੇ ਬਾਖੂਬੀ ਕੀਤਾ। ਸਮਾਗਮ ਦੀ ਸਫਲਤਾ ਲਈ ਇੰਦਰਜੀਤ ਸ਼ਰਮਾ, ਚਰਨਜੀਤ ਸਿੰਘ ਕੈਂਥ, ਸੋਮ ਨਾਥ ਅੱਤਰੀ, ਮੇਜਰ ਸਿੰਘ ਲੈਕਚਰਾਰ, ਬਿੱਕਰ ਸਿੰਘ ਸੇਵਾ ਮੁਕਤ ਡਿਪਟੀ ਡੀਈਓ, ਅਸ਼ੋਕ ਕੁਮਾਰ ਰੈਣਾ, ਜੈ ਭਗਵਾਨ ਕਾਂਝਲੀ, ਕਰਮ ਸਿੰਘ ਸੋਢੀ, ਗੁਰਮੇਲ ਸਿੰਘ, ਕਰਮ ਸਿੰਘ ਢੀਂਡਸਾ, ਗੁਰਦਾਸ ਬਾਂਸਲ, ਦਰਸ਼ਨ ਸਿੰਘ ਧਾਂਦਰਾ, ਕਰਮਜੀਤ ਸਿੰਘ, ਰਾਮ ਲਾਲ, ਸਤੀਸ਼ ਸ਼ਰਮਾ, ਫ਼ਕੀਰ ਸਿੰਘ, ਨਛੱਤਰ ਸਿੰਘ, ਕਰਮਜੀਤ ਸਿੰਘ, ਮੱਘਰ ਸਿੰਘ, ਸੁਰਜੀਤ ਸਿੰਘ ਨੇ ਵਿਸ਼ੇਸ਼ ਯੋਗਦਾਨ ਪਾਇਆ।

ਡਾ. ਸੁਖਦਰਸ਼ਨ ਸ਼ਰਮਾ, ਸਰਬਜੀਤ ਸਿੰਘ, ਜਾਗਰ ਦਾਸ, ਸੁਰਿੰਦਰ ਕੈਂਥ, ਬਲਵੰਤ ਸਿੰਘ, ਡਾ. ਅਵਤਾਰ ਸਿੰਘ ਢੀਂਡਸਾ, ਸੁੰਦਰ ਲਾਲ, ਨੌਰੰਗ ਸਿੰਘ ਪ੍ਰਿੰਸੀਪਲ, ਜਬਰਾ ਸਿੰਘ ਪ੍ਰਿੰਸੀਪਲ, ਸੁਖਦੇਵ ਸਿੰਘ ਪ੍ਰਿੰਸੀਪਲ, ਹਰਨੇਕ ਸਿੰਘ ਪ੍ਰਿੰਸੀਪਲ, ਸੁਖਬੀਰ ਸਿੰਘ ਪ੍ਰਿੰਸੀਪਲ, ਘੁਮੰਡ ਸਿੰਘ ਸੋਹੀ, ਰਾਮ ਲਾਲ ਗਿਆਨੀ, ਸੋਹਣ ਲਾਲ, ਰਵਿੰਦਰ ਦੱਤ, ਪਵਨ ਹਰਚੰਦਪੁਰੀ, ਗੁਲਜ਼ਾਰ ਸਿੰਘ, ਬਲਦੇਵ ਸਿੰਘ, ਮਿਸ਼ਰਾ ਸਿੰਘ, ਹਰੀ ਚੰਦ ਵਰਮਾ, ਤਰਲੋਚਨ ਸਿੰਘ, ਸ਼ੇਰ ਸਿੰਘ, ਜੋਗਿੰਦਰ ਸਿੰਘ ਪੁੰਨਾਵਾਲ, ਮਨੋਹਰ ਲਾਲ, ਪ੍ਰੇਮ ਕੁਮਾਰ ਤੇ ਪੰਜ ਸੌ ਦੇ ਕਰੀਬ ਹੋਰ ਪੈਨਸ਼ਨਰ ਹਾਜ਼ਰ ਹੋਏ।

# ਸਿਹਤ ਮੰਤਰੀ ਵੱਲੋਂ ਸ਼ਹੀਦੀ ਸਭਾ ਦੇ ਪ੍ਰਬੰਧਾਂ ਬਾਰੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ

- ਸ਼ਹੀਦੀ ਸਭਾ ਦੌਰਾਨ ਅੰਗ ਦਾਨ ਕਰਨ ਦੀ ਮੁਹਿੰਮ ਨੂੰ ਲੋਕ ਲਹਿਰ ਵਜੋਂ ਆਰੰਭਿਆ ਜਾਵੇਗਾ : ਡਾ. ਬਲਬੀਰ ਸਿੰਘ
- ਡੀ ਸੀ ਕੰਪਲੈਕਸ ਵਿਖੇ 25 ਤੇ 26 ਦਸੰਬਰ ਨੂੰ ਲੱਗੇਗਾ ਵਿਸ਼ਾਲ ਖ਼ੂਨਦਾਨ ਕੈਂਪ



**ਫਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਸ਼ਹੀਦੀ ਸਭਾ, ਜੋ ਕਿ 25, 26 ਤੇ 27 ਦਸੰਬਰ ਨੂੰ, ਸ਼ਹੀਦਾਂ ਦੀ ਪਵਿੱਤਰ ਧਰਤੀ ਸ੍ਰੀ ਫਤਿਹਗੜ੍ਹ ਸਾਹਿਬ ਵਿਖੇ ਕੀਤੀ ਜਾ ਰਹੀ ਹੈ, ਦੇ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਹੇਠ ਕੀਤੇ ਜਾ ਰਹੇ ਵੱਖ-ਵੱਖ ਪ੍ਰਬੰਧਾਂ ਦੀ ਸਮੀਖਿਆ ਕਰਨ ਲਈ ਅੱਜ, ਪੰਜਾਬ ਦੇ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਪ੍ਰਸ਼ਾਸਨ ਤੇ ਪੁਲਸ ਦੇ ਅਧਿਕਾਰੀਆਂ ਨਾਲ ਬੱਚਤ ਭਵਨ ਵਿਖੇ ਮੀਟਿੰਗ ਕੀਤੀ ਗਈ।ਇਸ ਮੌਕੇ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸ਼ਹੀਦੀ ਸਭਾ ਦੌਰਾਨ ਦੇਸ਼ ਵਿਦੇਸ਼ ਤੋਂ ਲਗਭਗ 50 ਲੱਖ ਸ਼ਰਧਾਲੂਆਂ ਦੇ ਨਤਮਸਤਕ ਹੋਣ ਲਈ ਪਹੁੰਚਣ ਦੀ ਸੰਭਾਵਨਾ ਦੇ ਮੱਦੇਨਜ਼ਰ, ਪੰਜਾਬ ਸਰਕਾਰ ਵੱਲੋਂ ਵਿਆਪਕ ਪ੍ਰਬੰਧ ਕੀਤੇ ਜਾ ਰਹੇ ਹਨ ਤਾਂ ਜੋ ਸੰਗਤਾਂ ਨੂੰ ਕਿਸੇ ਵੀ ਤਰ੍ਹਾਂ ਦੀ ਮੁਸ਼ਕਲ ਪੇਸ਼ ਨਾ ਆਵੇ।ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਠੰਡ ਦਾ ਮੌਸਮ ਹੋਣ ਕਾਰਨ ਸੰਗਤਾਂ ਲਈ ਸਰਵੋਤਮ ਮੈਡੀਕਲ ਸੁਵਿਧਾਵਾਂ ਦਾ ਪ੍ਰਬੰਧ ਕੀਤਾ ਗਿਆ ਹੈ, ਜਿਸ ਤਹਿਤ ਜਿੱਥੇ ਮਹਿਜ਼ 500 ਮੀਟਰ ਦੀ ਦੂਰੀ ਉੱਤੇ ਆਰਜ਼ੀ ਆਮ ਆਦਮੀ ਕਲੀਨਿਕ ਸੇਵਾਵਾਂ ਪ੍ਰਦਾਨ ਕਰਨਗੇ, ਉਥੇ ਹੀ 24 ਘੰਟੇ ਐਮਰਜੈਂਸੀ ਸੇਵਾਵਾਂ ਤੇ ਡਿਸਪੈਂਸਰੀਆਂ ਵਿੱਚ ਮਾਹਰ ਡਾਕਟਰ ਤੈਨਾਤ ਰਹਿਣਗੇ।ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਸ਼ਹੀਦੀ ਸਭਾ ਦੌਰਾਨ 20 ਆਰਜ਼ੀ ਆਮ ਆਦਮੀ ਕਲੀਨਿਕ ਸਿਹਤ ਸੇਵਾਵਾਂ ਪ੍ਰਦਾਨ ਕਰਨਗੇ।ਉਨ੍ਹਾਂ ਦੱਸਿਆ ਕਿ ਇਸ ਦੌਰਾਨ 60 ਦੇ ਕਰੀਬ ਐਂਬੂਲੈਂਸਾਂ, ਲੋੜਵੰਦਾਂ ਨੂੰ ਫੌਰੀ ਐਮਰਜੈਂਸੀ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਕਾਰਜਸ਼ੀਲ ਰਹਿਣਗੀਆਂ।ਉਨ੍ਹਾਂ ਦੱਸਿਆ ਕਿ ਕ੍ਰਿਟੀਕਲ ਕੇਅਰ ਬਲਾਕ ਵੀ ਤਿਆਰ ਕੀਤਾ ਜਾ ਰਿਹਾ ਹੈ, ਜਿਸ ਵਿੱਚ ਹਰੇਕ ਤਰ੍ਹਾਂ ਦੀ ਜੀਵਨ ਰੱਖਿਅਕ ਸਿਹਤ ਸੁਵਿਧਾ ਦਾ ਪ੍ਰਬੰਧ ਹੋਵੇਗਾ।ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ 25 ਤੇ 26 ਦਸੰਬਰ ਨੂੰ ਵਿਸ਼ਾਲ ਖ਼ੂਨਦਾਨ ਕੈਂਪ ਲਾਇਆ ਜਾਵੇਗਾ, ਜਿਸ ਵਿੱਚ ਸ਼ਰਧਾਲੂ ਸਵੈ ਇੱਛਾ ਨਾਲ ਖ਼ੂਨਦਾਨ ਕਰ ਸਕਣਗੇ।ਉਨ੍ਹਾਂ ਇਹ ਵੀ ਦੱਸਿਆ ਕਿ ਕੈਂਪ ਦੌਰਾਨ ਲੋੜ ਅਨੁਸਾਰ ਹੀ ਖ਼ੂਨ ਇਕੱਤਰ ਕੀਤਾ ਜਾਵੇਗਾ ਤੇ ਖ਼ੂਨਦਾਨੀਆਂ ਦੀ ਗਿਣਤੀ ਵਧਣ ਤੇ ਉਨ੍ਹਾਂ ਦਾ ਨਾਮ ਰਜਿਸਟਰ ਕਰ ਲਿਆ ਜਾਵੇਗਾ ਤਾਂ ਜੋ ਭਵਿੱਖੀ ਲੋੜ ਅਨੁਸਾਰ ਖ਼ੂਨਦਾਨ ਕਰਵਾਇਆ ਜਾ ਸਕੇ।ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸ਼ਹੀਦਾਂ ਦੀ ਮਹਾਨ ਸ਼ਹਾਦਤ ਨੂੰ ਨਮਨ ਕਰਦੇ ਹੋਏ ਇਸ ਪਵਿੱਤਰ ਧਰਤੀ ਤੋਂ ਅੰਗ ਦਾਨ ਕਰਨ ਦੀ ਮੁਹਿੰਮ ਨੂੰ ਲੋਕ ਲਹਿਰ ਵਜੋਂ ਵਿਕਸਤ ਕਰਦੇ ਹੋਏ ਵੱਧ ਤੋਂ ਵੱਧ ਨਾਗਰਿਕਾਂ ਨੂੰ ਇਹ ਪ੍ਰਣ ਦਿਵਾਇਆ ਜਾਵੇਗਾ ਕਿ ਉਹ ਮਰਨ ਉਪਰੰਤ ਅੰਗ ਦਾਨ ਕਰਕੇ ਹੋਰ ਨਾਲ ਲੋੜਵੰਦਾਂ ਦੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਵਿੱਚ ਯੋਗਦਾਨ ਪਾਉਣਗੇ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਮੋਹਾਲੀ ਤੋਂ ਲੀਵਰ ਟਰਾਂਸਪਲਾਂਟ ਸੁਵਿਧਾ ਨੂੰ ਸ਼ੁਰੂ ਕਰ ਦਿੱਤਾ ਗਿਆ ਹੈ ਅਤੇ ਬਹੁਤ ਜਲਦੀ ਕਿਡਨੀ ਟਰਾਂਸਪਲਾਂਟ ਸੁਵਿਧਾ ਵੀ ਆਰੰਭ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਅਜਿਹੇ ਚੰਗੇ ਕਾਰਜਾਂ ਵਿੱਚ ਵੱਧ ਚੜ੍ਹ ਕੇ ਅੱਗੇ ਆਉਣਾ ਚਾਹੀਦਾ ਹੈ।

ਇਸ ਮੌਕੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਸਮੁੱਚਾ ਪ੍ਰਸ਼ਾਸਨ ਦੇਸ਼ ਵਿਦੇਸ਼ ਤੋਂ ਆਉਣ ਵਾਲੀਆਂ ਸੰਗਤਾਂ ਲਈ ਹਰ ਸੁਵਿਧਾ ਨੂੰ ਯਕੀਨੀ ਬਣਾਉਣ ਲਈ ਦਿਨ-ਰਾਤ ਜੁਟਿਆ ਹੋਇਆ ਹੈ ਤੇ ਕਿਸੇ ਵੀ ਪੱਖੋਂ ਕੋਈ ਕਮੀ ਬਾਕੀ ਨਹੀਂ ਰਹੇਗੀ।ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਤੇ ਐਸਐਸਪੀ ਸ਼ੁਭਮ ਅਗਰਵਾਲ ਨੇ ਪ੍ਰਸ਼ਾਸਨ ਅਤੇ ਪੁਲਸ ਵੱਲੋਂ ਕੀਤੇ ਜਾ ਰਹੇ ਵੱਖ-ਵੱਖ ਪ੍ਰਬੰਧਾਂ ਬਾਰੇ ਜਾਣਕਾਰੀ ਦਿੱਤੀ ਤੇ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਸਮੁੱਚੇ ਪ੍ਰਬੰਧ ਸਮੇਂ ਸਿਰ ਨੇਪਰੇ ਚੜ੍ਹਾਉਣ ਦਾ ਵਿਸ਼ਵਾਸ ਦਿਵਾਇਆ।

# ਨਸ਼ਾ ਛੁਡਾਊ ਮੁਹਿੰਮ ਤਹਿਤ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜਾਗਰੂਕਤਾ ਸੈਮੀਨਾਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮਾਨਯੋਗ ਕਾਰਜਕਾਰੀ ਚੇਅਰਮੈਨ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸਏਐੱਸ ਨਗਰ ਮੋਹਾਲੀ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ ਸੁਮੀਤ ਮਲਹੋਤਰਾ, ਮਾਨਯੋਗ ਜ਼ਿਲ੍ਹਾ ਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਦੀ ਰਹਿਨੁਮਾਈ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੱਲੋਂ ਨਸ਼ਿਆਂ ਪ੍ਰਤੀ ਜਾਗਰੂਕਤਾ ਲਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ 6 ਦਸੰਬਰ 2025 ਤੋਂ 6 ਜਨਵਰੀ 2026 ਤੱਕ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਅਨੁਰਾਧਾ ਚੀਫ ਜੁਡੀਸ਼ੀਅਲ ਮੈਜਿਸਟਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਫਿਰੋਜ਼ਪੁਰ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਿਰੋਜ਼ਸ਼ਾਹ ਵਿਖੇ ਜਾਗਰੂਕਤਾ ਪ੍ਰੋਗਰਾਮ ਕੀਤਾ ਗਿਆ। ਇਸ ਦੌਰਾਨ ਜੱਜ ਸਾਹਿਬਾਨ ਵੱਲੋਂ ਸਕੂਲ ਦੇ ਵਿਦਿਆਰਥੀਆਂ ਨੂੰ ਨਸ਼ੇ ਦੇ ਬੁਰੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਤੇ ਉਨ੍ਹਾਂ ਨੂੰ ਇਸ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ। ਇਸ ਦੇ ਇਲਾਵਾ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸਏਐੱਸ ਨਗਰ (ਮੋਹਾਲੀ) ਵੱਲੋਂ ਕੁਝ ਮਸ਼ਹੂਰ ਫਿਲਮੀ ਅਦਾਕਾਰਾਂ ਜਾਂ ਗੀਤਕਾਰਾਂ ਦੁਆਰਾ ਤਿਆਰ ਕੀਤੀਆਂ ਜਾਗਰੂਕਤਾ ਵੀਡੀਓ ਵੀ ਵਿਦਿਆਰਥੀਆਂ ਨੂੰ ਦਿਖਾਈਆਂ ਗਈਆਂ ਤਾਂ ਜੋ ਉਨ੍ਹਾਂ ਨੂੰ ਨਸ਼ੇ ਦੇ ਸੇਵਨ ਤੋਂ ਰੋਕਿਆ ਜਾ ਸਕੇ।

## ਵਾਟਰ ਸਪਲਾਈ ਲਾਈਨ ਪਾਉਣ ਦਾ ਕੰਮ ਹਲਕਾ ਵਿਧਾਇਕ ਨੇ ਸ਼ੁਰੂ ਕੀਤਾ



**ਬਟੇਰਾ (ਗੋਤਰਾਮ)**-ਆਮ ਆਦਮੀ ਪਾਰਟੀ ਦੀ ਸਰਕਾਰ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਰਿਹਾਇਸ਼ੀ ਇਲਾਕੇ ਵਿੱਚ ਜਿੱਥੇ ਪੀਣ ਵਾਲਾ ਪਾਣੀ ਨਹੀਂ ਪਹੁੰਚਦਾ ਸੀ, ਉੱਥੇ ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਦੀ ਮਿਹਨਤ ਸਦਕਾ 4 ਕਰੋੜ 40 ਲੱਖ ਦੀ ਲਾਗਤ ਨਾਲ ਅੰਮ੍ਰਿਤ-2 ਸਕੀਮ ਤਹਿਤ ਨਵੀਂ ਵਾਟਰ ਸਪਲਾਈ ਲਾਈਨ ਪਾਉਣ ਦਾ ਕੰਮ ਹਲਕਾ ਵਿਧਾਇਕ ਦੇ ਕਰ ਕਮਲਾਂ ਨਾਲ ਗੁਰਦੁਆਰਾ ਰੋਡ ਬਰੇਟਾ (ਰਾਜਮਹਿ ਵੱਲੀ ਦੇ ਘਰ ਕੋਲ) ਤਨੂੰ ਉਸ ਤੋਂ ਬਾਅਦ ਭਾਈ ਘਨੱਈਆ ਰੋਡ (ਗੁਲਜ਼ਾਰ ਮਾਸਟਰ ਦੀ ਗਲੀ) ਵਿਖੇ ਟੱਕ ਲਗਾ ਕੇ ਸ਼ੁਰੂ ਕੀਤਾ ਗਿਆ। ਇਸ ਮੌਕੇ ਆਮ ਆਦਮੀ ਪਾਰਟੀ ਬਰੇਟਾ ਦੇ ਸ਼ਹਿਰੀ ਪ੍ਰਧਾਨ ਕੇਵਲ ਸ਼ਰਮਾ, ਹਲਕਾ ਟ੍ਰੇਡ ਵਿੰਗ ਪ੍ਰਧਾਨ ਲਲਿਤ ਜੈਨ, ਯੂਥ ਪ੍ਰਧਾਨ ਗਗਨਦੀਪ ਸਿੰਘ, ਬਲਾਕ ਪ੍ਰਧਾਨ ਕਾਕੂ ਬਰੇਟਾ, ਨਗਰ ਕੌਂਸਲ ਪ੍ਰਧਾਨ ਗਾਂਧੀ ਰਾਮ, ਮੱਖੀ ਕੌਂਸਲਰ, ਗੁਲਜ਼ਾਰ ਮਾਸਟਰ, ਪਾਲਾ ਨੰਬਰਦਾਰ, ਦਿਲਾਵਰ ਸਿੰਘ, ਰਾਜਵੀਰ ਵੜੈਚ, ਜੋ ਵੀ ਰਮਨੀਕ ਕੁਮਾਰ ਤੇ ਬਰੇਟਾ ਦੇ ਪਤਵੰਤੇ ਸੱਜਣ ਹਾਜ਼ਰ ਰਹੇ।

## ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਵੱਲੋਂ ਬਿਜਲੀ ਸੋਧ ਬਿੱਲ ਤੇ ਸੀਡ ਬਿੱਲ ਖ਼ਿਲਾਫ਼ ਐੱਸ ਕੇ ਐੱਮ ਦੀ ਪੂਰਨ ਹਮਾਇਤ : ਧੰਨਾ ਮੱਲ ਗੋਇਲ



I, hitherto known as Amandeep Kaur wife of Balvir Singh resident of Village Lamme, PO. Jaid, District Kapurthala, Punjab have changed my name Amandeep Kaur to Kaur Amandeep. Now my given name is Amandeep and Surname is Kaur. All concerned note.

I Amandeep Kaur D/O Gurpal Singh Village Barwa PO Baghoran Tehsil Nawanshahr District SBS Nagar Punjab India declare that my given name is Amandeep and in which Kaur is my Surname.

I, Kirandeep Kaur W/o Harpreet Singh R/o Vill. Budo Punder, Po. Ibban, Distt. Kapurthala, Punjab, India do here by change my minor daughter's Name from Manpreet Kaur to Manpreet as given name and Kaur as surname with immediate effect. All concerned note please.

I am Lakhwinder Singh Gill S/o Balwant Singh, Agwar Nanak Nagri, Ghal Kalan, Distt. Moga Pb. 142048, I have changed my name Lakhwinder Singh Gill to Lakhwinder Singh (New Name)

I am Amarjeet Kaur W/o Lakhwinder Singh, Agwar Nanak Nagri, Ghal Kalan, Distt. Moga Pb. 142048, I have changed my name Amarjeet Kaur to Amarjit Kaur (New Name)

I, Inderjit W/O Sarbjit Singh R/O D-7/412, Gali No. 2, Sundar Nagar, Kot Khalsa, Amritsar, Punjab have changed my name from Inderjit to Inderjit Kaur. Concerned note.

I, Raj Ratna W/O Rakesh Kumar Saroop R/O H.NO.b94, Abadi New Amritsar, Amritsar, Punjab have changed my name after marriage from Raj Ratna to Ritu Saroop. Concerned note.

I, Sandeep Kaur W/o Gurmeet Singh, R/o vill. Nasirpur, PO. Chaudhriwal, Tehsil Batala, Distt. Gurdaspur. I have changed my minor son's name from Jaideep Singh Parmar to Jaideep Singh. Please All concerned note.

I, Kamaljit Kaur W/o Paramjit R/o Village Lambra Abadi, PO. Lambra, Distt. Jalandhar, Punjab have changed the name of my minor son Mangal Bhalwan to Mangal Bhalwan Sheemar. All concerned please note. (B)

I, Kamaljit Kaur W/o Paramjit R/o Village Lambra Abadi, PO. Lambra, Distt. Jalandhar, Punjab have changed my name of Kamaljit to Kamaljit Kaur. All concerned please note. (B)

I, Amreek Singh S/o Kulwant Singh R/o VPO Fouji Colony, Mohablipur, Teh. Sultanpur Lodhi, Distt. Kapurthala. I have changed my name Amrik Singh to Amreek Singh. Concerned please note.

I, Eshaan S/o Gurjeet Kumar R/o 439, 1 New Model Town, G.T. Road Khandwala, Chheharta Amritsar-143105 have changed my name from Eshaan to Eshaan Nakra.

I, Harita D/o Esuru Rukmandra R/o 351-E, Gagobua, Sur Singh Distt. Tarn Taran have changed my name to Harita Reddy.

I, Gurpreet Singh S/o Harjap Singh R/o Village Seham, P.O. Rasulpur Kalan, Nakodar, Jalandhar, Punjab changed my name Gurpreet as Given Name and Singh as Surname.

I, Gurpreet Singh S/o Harjap Singh R/o Village Seham, P.O. Rasulpur Kalan, Nakodar, Jalandhar, Punjab changed my name Gurpreet as Given Name and Singh as Surname.

I Mahinga Singh S/o Malkit Singh, R/o H.no. 09181, Ravidass School Road, Sector-4, Lamba Pind, Jalandhar have changed my minor son's name from Lakshya Deep Singh to Lakshyadeep Singh

I Kamal Kishore Bhagat S/o Ravinder Kumar H.no 761/4, Satnam Nagar, PO Grain Market, Jalandhar have changed my name from Kamal Kishore Bhagat to Kamal Kishore.

I Ranjit D/o Satnam Lal , R/o Village Mokhe, PO Nussi , Jalandhar Punjab have changed my name from Ranjit to Ranjit as first name and Kaur as surname . All concerned may note.

I Amarjit s/o Manohar Lal resident vpo Kotli than singh distt jalandhar 144101have change my name to Singh Amarjit.

I, Abhijeet Singh S/o Jasbir Singh R/o Vill. Hardan, PO. Dadiala Nazara, Teh. Batala, Gurdaspur have changed my name to Given Name as Abhijeet & Surname as Singh.

## Change of Name

I, Sagar Kumar Chounkaria S/o Labhu Ram R/o H.No. 337, Guru Amar Dass Nagar, Jalandhar have changed my name from Sagar Kumar Chounkaria to Sagar Kumar.

I, Mukesh S/o Sh. Joginder Paul R/o House No. 138, Ramneek Avenue, Nurpur, Jalandhar, Punjab-144004, India have changed my name from Mukesh to Mukesh Kumar , Mukesh as a Given Name, Kumar as a Surname. All concerned please note.

I, Ram Chand Gatt S/O Kushal Chand R/O H.No. 106, Near Byepass Amar Garden, I.Po Industrial Town, Jalandhar-144004 Punjab, Have Changed my Given Name Ram Chand And Surname Gatt. All concerned please note.

I, Pritam Kaur w/o Pannu Ram r/o VPO. Haripur, Teh. Nakodar, Distt. Jalandhar have changed my name from Pritam Kaur to Preeto Jaku. All Please Note.

I, Punnu Ram s/o Gurdatta Ram r/o VPO. Haripur, Teh. Nakodar, Distt. Jalandhar have changed my name from Punnu Ram to Pannu Ram. All Please Note.

I, Rajpal s/o Late Manohar Lal r/o H.No. C-394, Village Dhadda, Po. Hazara, Tehsil & Distt. Jalandhar, Punjab have changed my name from Rajpal to Rajpal Kumar. All Please Note.

I, Diksha w/o Rajpal Kumar r/o H.No. C-394, Village Dhadda, Po.Hazara, Tehsil & Distt. Jalandhar, Punjab have changed my name from Diksha to Diksha Kumar. All Please Note.

I, Kulwinder Kaur w/o Mukesh Kumar r/o VPO. Khambra, Distt. Jalandhar have changed my name to Given name as Kulwinder & Surname as Kaur. All Please Note.

I, Taranjot s/o Hardeep Singh R/o H. No. 64, Barring, Distt. Jalandhar, Punjab have changed my name from Taranjot to Taranjot Singh. All Please Note.

I, Rajender Singh S/o Gurbaksh Singh R/o H. No. 57, GTB Nagar Extension, Po. Wadala, Distt. Jalandhar have changed my name to Rajinder Singh Chadha. All Please Note.

I, Anwar Singh S/o Kuldeep Singh R/o Village Rajewal Khurd, PO. Talwandi Buttian, Teh. Shahkot, Distt. Jalandhar have changed my name from Anwar Singh to Singh Anwar (Surname as Singh). All Please Note.

## PUBLIC NOTICE

I, Sukhjinder Singh S/o Sikander Singh R/o Village Gunopur, PO. Saidowal Khurd, Distt. Gurdaspur, Punjab, India. Declare That my given name as Sukhjinder and my surname as Singh.

I, Surjit Singh S/o Suminder Singh R/o Village Gunopur, PO. Saidowal Khurd, Distt. Gurdaspur, Punjab, India. Declare that my given name as Surjit and my surname as Singh.

I, Sushil Rani W/o Rajinder Kumar R/o H.No. 1157, Dilbagh Nagar, Basti Danishmanda, Jalandhar, Punjab declare that my daughter in law Geetanjali Alias Shama is out of my control. I disinherit her from my moveable and immovable properties. I and my family shall not be held responsible for any of her acts, deeds and things. All please note.

I, Harbhajan Lal S/o Swaran Dass R/o H.No. B-9 741, Santokhpura, Jalandhar, Punjab declare that my son Manjit Lal and his wife Rani are out of my control. I disinherit them from my moveable and immovable properties. I and my family shall not be held responsible for any of their acts, deeds and things. All please note.

I Geeta Rani W/o Late Mangat Ray, R/o Tarn Enclave Dhilwan, Jalandhar declare that my son Monu, his wife Kavita and their child Shivaye all are out of my control. So I Disown all of them from my all moveable and immovable properties. Anybody deal with them at their own risk and responsibility. All concerned may note.

## ਨਾਂਅ ਦੀ ਬਦਲੀ

ਮੈਂ ਸਤਨਾਮ ਸਿੰਘ ਪੁੱਤਰ ਭਗਵਾਨ ਸਿੰਘ ਵਾਸੀ ਵਾਰਡ ਨੰਬਰ ਚਾਰ ਪਾਤੜਾਂ (ਪਟਿਆਲਾ) ਨੇ ਆਪਣਾ ਨਾਮ ਬਦਲ ਕੇ ਸਤਨਾਮ ਸਿੰਘ ਸੰਧੂ ਰੱਖ ਲਿਆ ਹੈ।

ਮੈਂ ਗਿਆਨ ਸਿੰਘ ਸੰਧੂ ਪੁੱਤਰ ਗੋਵਿੰਦ ਸਿੰਘ ਸੰਧੂ ਵਾਸੀ ਰਾਜਾਸਾਂਸੀ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੈਂ ਗਿਆਨ ਸਿੰਘ ਸੰਧੂ ਅਤੇ ਗਿਆਨ ਸੰਧੂ ਦੋਨਾਂ ਨਾਵਾਂ ਨਾਲ ਜਾਣਿਆ ਜਾਂਦਾ ਹਾਂ ਤੇ ਏਕੋ ਵਿਅਕਤੀ ਦੇ ਦੋਨੋ ਨਾਮ ਹਨ।

## ਬੇਦਖਲੀ ਨੋਟਿਸ

ਮੈਂ ਰਣਜੋਧ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਅਕਾਲਗੜ੍ਹ ਢਪਈਆਂ ਤਹਿਸੀਲ ਜਿਲਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਜਗਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ ਇਸ ਲਈ ਮੈਂ ਉਸ ਨੂੰ ਆਪਣੀ ਚੱਲ ਤੇ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ ਮੇਰਾ ਉਸ ਨਾਲ ਕੋਈ ਸੰਬੰਧ ਨਹੀਂ ਹੈ ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਅਸੀਂ, ਸਨਦੀਪ ਕੁਮਾਰ ਪੁੱਤਰ ਕੇਸਰ ਮੱਲ ਅਤੇ ਮੋਨਿਕਾ ਵਧਵਾ ਪਤਨੀ ਸਨਦੀਪ ਕੁਮਾਰ, ਵਾਸੀਆਨ ਮਕਾਨ ਨੰ: 9-ਬੀ, ਰਾਜਾ ਗਾਰਡਨ 43, ਬਸਤੀ ਬਾਵਾ ਖੇਲ, ਜਲੰਧਰ, ਪੰਜਾਬ, ਇੰਡੀਆ ਬਿਆਨ ਕਰਦੇ ਹਾਂ ਕਿ ਸਾਡੀ ਲੜਕੀ ਸੀਆ ਅਤੇ ਉਸ ਦਾ ਪਤੀ ਸਕਸ਼ਮ ਅਤੇ ਉਨ੍ਹਾਂ ਦਾ ਪੁੱਤਰ ਰੁਦਰਾ, ਵਾਸੀ 57, ਰਾਜਾ ਗਾਰਡਨ, ਨੇੜੇ ਨਾਗੀ ਕੰਪਲੈਕਸ, ਜਲੰਧਰ, ਪੰਜਾਬ, ਜੋ ਸਾਡੇ ਕਹਿਣੇ ਵਿਚ ਨਹੀਂ ਹਨ ਅਤੇ ਸਾਨੂੰ ਤੰਗ-ਪ੍ਰੇਸ਼ਾਨ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਅਮਰਜੀਤ ਸਿੰਘ ਸਪੁੱਤਰ ਚਰਨ ਸਿੰਘ, ਵਾਸੀ ਦੌਲੋ ਨੰਗਲ (ਅੰਮ੍ਰਿਤਸਰ) ਆਪਣੇ ਲੜਕੇ ਗੁਰਵਿੰਦਰ ਸਿੰਘ, ਨੂੰ ਕਹਿਣਿਓਂ ਬਾਹਰੀ ਹੋਣ ਕਾਰਣ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ ।

ਮੈਂ, ਮਲਕੀਤ ਸਿੰਘ ਸਪੁੱਤਰ ਸਵਰਨ ਸਿੰਘ, ਵਾਸੀ ਪੱਤੀ ਪੱਲ੍ਹਾ, ਪਿੰਡ ਬੁਤਾਲਾ (ਅੰਮ੍ਰਿਤਸਰ) ਆਪਣੇ ਲੜਕੇ ਮਨਜਿੰਦਰ ਸਿੰਘ, ਨੂੰ ਕਹਿਣਿਓਂ ਬਾਹਰੀ ਹੋਣ ਕਾਰਣ ਆਪਣੀ ਚੱਲ/ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ ਜਸਵਿੰਦਰ ਸਿੰਘ ਪੁੱਤਰ ਰਜਿੰਦਰ ਸਿੰਘ ਵਾਸੀ ਮਕਾਨ ਨੰਬਰ - 32 ਏ, ਮੈਡੀਕਲ ਕਾਲਜ, ਸਰਕੂਲਰ ਰੋਡ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਕਰਨਵੀਰ ਸਿੰਘ ਮਾਨਸਿਕ ਪੱਖੋਂ ਠੀਕ ਨਹੀਂ ਹੈ। ਮੈਂ ਇਸ ਨੂੰ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੈਂ ਜਾਂ ਮੇਰੇ ਪਰਿਵਾਰ ਦੇ ਕਿਸੇ ਹੋਰ ਮੈਂਬਰ ਦਾ ਇਹਨਾਂ ਨਾਲ ਕੋਈ ਤਲਕ ਵਾਸਤਾ ਨਹੀਂ ਹੋਵੇਗਾ।

ਮੈਂ ਮੁਖਤਿਆਰ ਸਿੰਘ ਪੁੱਤਰ ਲਛਮਣ ਸਿੰਘ ਵਾਸੀ ਪਿੰਡ ਭਾਈ ਲੱਧੂ, ਤਹਿਸੀਲ ਪੱਟੀ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਜਸਬੀਰ ਸਿੰਘ ਮੇਰੇ ਕੰਟਰੋਲ ਤੋਂ ਬਾਹਰ ਹੈ। ਮੈਂ ਉਸ ਨੂੰ ਆਪਣੀ ਸਾਰੀ ਚੱਲ ਅਤੇ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਹੈ । ਆਪਣੇ ਹਰ ਲੈਣ ਦੇਣ ਅਤੇ ਕਾਰ ਵਿਹਾਰ ਦਾ ਉਹ ਖੁਦ ਜ਼ਿੰਮੇਵਾਰ ਹੈ ।

ਅਸੀ ਜਸਬੀਰ ਸਿੰਘ ਪੁੱਤਰ ਕਿਰਪਾਲ ਸਿੰਘ, ਲਖਬੀਰ ਕੌਰ ਪਤਨੀ ਜਸਬੀਰ ਸਿੰਘ ਵਾਸੀ ਪਿੰਡ ਤੁਗਲਵਾਲ, ਜਿਲ੍ਹਾ ਗੁਰਦਾਸਪੁਰ । ਮੇਰਾ ਲੜਕਾ ਯਾਦਵਿੰਦਰ ਸਿੰਘ ਅਤੇ ਨੂੰਹ ਗੁਰਪ੍ਰੀਤ ਅਤੇ ਪੋਤਰੀ ਗੁਰਅਸ਼ੀਸ ਕੌਰ ਸਦਿਉੜਾ ਮੇਰੇ ਕਹਿਣੇ ਤੋਂ ਬਾਹਰ ਹੈ । ਅਸੀ ਇਹਨਾ ਤਿੰਨਾ ਨੂੰ ਆਪਣੀ ਚੱਲ - ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ । ਆਪਣੇ ਚੰਗੇ ਮਾੜੇ ਕੰਮਾ ਦੇ ਇਹ ਖੁਦ ਜ਼ਿੰਮੇਵਾਰ ਹੋਵੇਗੇ । ਲੈਣ ਦੇਣ ਕਰਨ ਵਾਲੇ ਖੁਦ ਜ਼ਿੰਮੇਵਾਰ ਹੋਣਗੇ ।

ਮੈਂ ਬਲਜੀਤ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਸੰਤ ਨਗਰ ਕਲੋਨੀ ਬਟਾਲਾ ਰੋਡ, ਮਹਿਤਾ ਚੌਂਕ, ਜਿਲ੍ਹਾ ਅੰਮ੍ਰਿਤਸਰ । ਮੇਰੀ ਲੜਕੀ ਪ੍ਰਭਜੋਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ । ਮੈਂ ਇਸ ਨੂੰ ਆਪਣੀ ਚੱਲ - ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ । ਲੈਣ ਦੇਣ ਕਰਨ ਵਾਲੇ ਖੁਦ ਜ਼ਿੰਮੇਵਾਰ ਹੋਣਗੇ ।

ਮੈਂ, ਸੁਰਿੰਦਰ ਕੁਮਾਰ ਪੁੱਤਰ ਕੁਲਵੰਤ ਰਾਏ, ਵਾਸੀ ਵਾਰਡ ਨੰ: 9, ਦਿੜ੍ਹਬਾ, ਤਹਿਸੀਲ ਦਿੜ੍ਹਬਾ, ਜ਼ਿਲ੍ਹਾ ਸੰਗਰੂਰ ਬਿਆਨ ਕਰਦਾ ਹਾਂ ਕਿ ਮੇਰੇ ਲੜਕੇ ਮੁਕੇਸ਼ ਕੁਮਾਰ ਅਤੇ ਤਰਕੇਸ਼ ਕੁਮਾਰ ਅਤੇ ਨੂੰਹਾਂ ਹਰਪ੍ਰੀਤ ਕੌਰ ਅਤੇ ਸ਼ੀਨਮ ਰਾਣੀ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਅਲੱਗ ਰਹਿੰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਹਰੀ ਬਿਲਾਸ ਪੁੱਤਰ ਸ੍ਰੀ ਉਦਿਤ ਸਿੰਘ ਵਾਸੀ ਮਕਾਨ ਨੰਬਰ 214, ਸ਼ਹੀਦ ਭਗਤ ਸਿੰਘ ਕਾਲੋਨੀ, ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਘਨਸ਼ਾਮ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੈਨੂੰ ਤੰਗ-ਪ੍ਰੇਸ਼ਾਨ ਕਰਦਾ ਹਾਂ। ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਮਹਿੰਦਰ ਲਾਲ ਪੁੱਤਰ ਪਾਥਰ ਰਾਮ, ਵਾਸੀ ਗਲੀ ਨੰਬਰ-02, ਅਮਰੀਕ ਨਗਰ, ਪਿੰਡ ਸੈਦੋ ਭੁਲਾਣਾ, ਤਹਿਸੀਲ ਵਾ ਜਿਲ੍ਹਾ ਕਪੂਰਥਲਾ, ਪੰਜਾਬ, ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਖਦੇਵ ਕੁਮਾਰ ਅਤੇ ਨੂੰਹ ਨਿਸ਼ਾ ਰਾਣੀ, ਮੇਰੇ ਕਹਿਣੇਕਾਰ ਵਿੱਚ ਨਹੀਂ ਹਨ, ਜਿਸ ਕਰਕੇ ਮੈਂ ਆਪਣੇ ਉਕਤ ਲੜਕੇ ਅਤੇ ਨੂੰਹ ਨੂੰ ਆਪਣੀ ਤਮਾਮ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਦੋਵਾਂ ਨਾਲ ਕਿਸੇ ਵੀ ਕਿਸਮ ਦਾ ਲੈਣ-ਦੇਣ ਕਰਨ ਵਾਲਾ ਵਿਅਕਤੀ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸਾਰੇ ਸਬੰਧਤ ਨੋਟ ਕਰਨ।

ਮੈਂ ਸੁਰਿੰਦਰ ਕੁਮਾਰ ਪੁੱਤਰ ਬੇਲੀ ਰਾਮ ਅਤੇ ਸਵਰਨਾ ਦੇਵੀ ਪਤਨੀ ਸੁਰਿੰਦਰ ਕੁਮਾਰ ਵਾਸੀ ਮਕਾਨ ਨੰਬਰ 65, ਗਲੀ ਨੰਬਰ 2, ਨੀਵੀਂ ਅਬਾਦੀ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਸ਼ੁਭ ਕੁਮਾਰ ਉਸਦੀ ਪਤਨੀ ਰਜਨੀ ਉਨਹਾਂ ਦੇ ਲੜਕੇ (1) ਕਾਰਤਿਕ (2) ਕਨਿਸ਼ ਅਤੇ ਉਨਹਾਂ ਦੀ ਲੜਕੀ ਕੰਜਕ ਨੂੰ ਆਪਣੀ ਚਲ ਅਚਲ ਜਾਇਦਾਦ ਤੋਂ ਬੇਦਖ਼ਲ ਕਰਦੇ ਹਾਂ ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜਿਮੇਦਾਰ ਹੋਵੇਗਾ।

ਮੈਂ, ਕੇਵਲ ਮਸੀਹ ਪੁੱਤਰ ਦਾਨੀ ਮਸੀਹ ਵਾਸੀ ਵਿਝਵਾ, ਡਾਕ: ਭੁੱਲਰ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਵਿਲੀਅਮ ਮਸੀਹ (ਕਾਲੂ) ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਦੇ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਹਰਵਿੰਦਰ ਸਿੰਘ ਪੁੱਤਰ ਦਰਸ਼ਨ ਸਿੰਘ, ਵਾਸੀ ਵਾਰਡ ਨੰ: 8, ਨੇੜੇ ਪਾਵਰ ਹਾਊਸ ਟਾਂਡਾ, ਤਹਿ. ਟਾਂਡਾ (ਹੁਸ਼ਿਆਰਪੁਰ) ਬਿਆਨ ਕਰਦਾ ਹਾਂ ਕਿ ਮੇਰੀ ਪੁੱਤਰੀ ਸਿਮਰਨਦੀਪ ਕੌਰ, ਜੋ ਮੇਰੇ ਕਹਿਣੇਕਾਰ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ, ਸੰਬੰਧ ਰੱਖਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

## ਬੇਦਖਲੀ ਨੋਟਿਸ

ਮੈਂ, ਬਲਵਿੰਦਰ ਕੌਰ ਪਤਨੀ ਮਨਜੀਤ ਸਿੰਘ, ਵਾਸੀ ਮੀਆਂਪੁਰ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦੀ ਹਾਂ ਕਿ ਮੇਰੇ ਬੇਟੇ ਗੁਰਪ੍ਰੀਤ ਸਿੰਘ ਅਤੇ ਮਨਪ੍ਰੀਤ ਸਿੰਘ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਮੇਰਾ ਤੇ ਮੇਰੇ ਬੇਟਿਆਂ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਕੁਲਵਿੰਦਰ ਸਿੰਘ ਪੁੱਤਰ ਸੁਰਜੀਤ ਸਿੰਘ, ਵਾਸੀ 103 ਬੀ, ਨਿਊ ਅਜ਼ਾਦ ਨਗਰ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜਗਪ੍ਰੀਤ ਸਿੰਘ ਅਤੇ ਉਸ ਦੀ ਪਤਨੀ ਮਨਪ੍ਰੀਤ ਕੌਰ ਮੇਰੀ ਕੋਈ ਗੱਲ ਨਹੀਂ ਮੰਨਦੇ ਅਤੇ ਮੈਨੂੰ ਪ੍ਰੇਸ਼ਾਨ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਲਕ-ਵਾਸਤਾ ਨਹੀਂ ਹੈ।

ਮੈਂ, ਕੁਮਾਰੀ ਦੇਵੀ ਪਤਨੀ ਰਾਜ ਕੁਮਾਰ ਵਾਸੀ ਮਕਾਨ ਨੰ. 2006, ਗੁਰੂ ਨਾਨਕਪੁਰਾ, ਰੋੜੇ ਸ਼ਾਹ ਕਾਲੋਨੀ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਸਿਮਰਨ (ਵਿਧਵਾ) ਮੇਰੇ ਕਹਿਣੇ ਵਿਚੋਂ ਬਾਹਰ ਹੈ ਅਤੇ ਕੋਈ ਗੱਲ ਸੁਣ ਕੇ ਰਾਜ਼ੀ ਨਹੀਂ ਹੈ ਅਤੇ ਆਪਣੀ ਮਨਮਰਜ਼ੀ ਕਰਦੀ ਹੈ। ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਹ ਆਪਣੇ ਕੀਤੇ ਕੰਮਾਂ ਦੀ ਆਪ ਜ਼ਿੰਮੇਵਾਰ ਹੋਵੇਗੀ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਤਲਕ-ਵਾਸਤਾ ਨਹੀਂ ਹੈ। ਸੰਬੰਧਤ ਨੋਟ ਕਰਨ।

## ਆਮ ਸੂਚਨਾ

ਮੈਂ, ਸੁਰਿੰਦਰ ਪਾਲ ਪੁੱਤਰ ਪਿਆਰਾ ਲਾਲ, ਵਾਸੀ ਮਕਾਨ ਨੰ: 1202, ਵਾਰਡ ਨੰ: 13, ਮੁਹੱਲਾ ਰਿਸ਼ੀ ਨਗਰ, ਕਰਤਾਰਪੁਰ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਰਾਧਿਕਾ ਦੇ 10ਵੀਂ ਜਮਾਤ ਦੇ ਸਰਟੀਫਿਕੇਟ ਲੜੀ ਨੰ: **TT14U**, ਰਜਿ. ਨੰਬਰ **BS/14/10097045009** ਰੋਲ ਨੰਬਰ 1016256-230 ਵਿਚ ਮੇਰਾ ਨਾਂਅ ਸੁਰਿੰਦਰ ਕੁਮਾਰ ਛਪਿਆ ਹੈ, ਜੋ ਕਿ ਗਲਤ ਹੈ, ਜਦ ਕਿ ਮੇਰੇ ਬਾਕੀ ਦਸਤਾਵੇਜ਼ਾਂ ਮੁਤਾਬਕ ਮੇਰਾ ਸਹੀ ਨਾਂਅ ਸੁਰਿੰਦਰ ਪਾਲ ਹੈ। ਇਸ ਲਈ ਮੇਰੀ ਲੜਕੀ ਰਾਧਿਕਾ ਦੇ 10ਵੀਂ ਜਮਾਤ ਦੇ ਵਿਦਿਅਕ ਯੋਗਤਾ ਸਰਟੀਫਿਕੇਟ 'ਤੇ ਮੇਰਾ ਨਾਂਅ ਸੁਰਿੰਦਰ ਕੁਮਾਰ ਤੋਂ ਦਰੁਸਤ ਕਰਕੇ ਸੁਰਿੰਦਰ ਪਾਲ ਦਰਜ ਕੀਤਾ ਜਾਵੇ।

ਮੈਂ, ਕੁਲਵਿੰਦਰ ਕੌਰ ਪਤਨੀ ਸੁਰਿੰਦਰ ਪਾਲ, ਵਾਸੀ ਮਕਾਨ ਨੰ: 1202, ਵਾਰਡ ਨੰ: 13, ਮੁਹੱਲਾ ਰਿਸ਼ੀ ਨਗਰ, ਕਰਤਾਰਪੁਰ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰੀ ਲੜਕੀ ਰਾਧਿਕਾ ਦੇ 10ਵੀਂ ਜਮਾਤ ਦੇ ਸਰਟੀਫਿਕੇਟ ਲੜੀ ਨੰ: **TT14U**, ਰਜਿ. ਨੰਬਰ **BS/14/10097045009** ਰੋਲ ਨੰਬਰ 1016256-230 ਵਿਚ ਮੇਰਾ ਨਾਂਅ ਰਾਣੀ ਛਪਿਆ ਹੈ, ਜੋ ਕਿ ਗਲਤ ਹੈ, ਜਦ ਕਿ ਮੇਰੇ ਬਾਕੀ ਦਸਤਾਵੇਜ਼ਾਂ ਮੁਤਾਬਕ ਮੇਰਾ ਸਹੀ ਨਾਂਅ ਕੁਲਵਿੰਦਰ ਕੌਰ ਹੈ। ਇਸ ਲਈ ਮੇਰੀ ਲੜਕੀ ਰਾਧਿਕਾ ਦੇ 10ਵੀਂ ਜਮਾਤ ਦੇ ਵਿਦਿਅਕ ਯੋਗਤਾ ਸਰਟੀਫਿਕੇਟ 'ਤੇ ਮੇਰਾ ਨਾਂਅ ਰਾਣੀ ਤੋਂ ਦਰੁਸਤ ਕਰਕੇ ਕੁਲਵਿੰਦਰ ਕੌਰ ਦਰਜ ਕੀਤਾ ਜਾਵੇ।

ਮੈਂ, ਰਜਨੀ ਪਤਨੀ ਰਵੀ ਕੁਮਾਰ ਵਾਸੀ ਮਕਾਨ ਨੰਬਰ 18, ਗ੍ਰੀਨ ਵੈਲੀ, ਬਸਤੀ ਦਾਨਿਸ਼ਮੰਦਾਂ, ਜਲੰਧਰ, ਪੰਜਾਬ ਬਿਆਨ ਕਰਦੀ ਹਾਂ ਕਿ ਮੇਰਾ ਪਤੀ ਰਵੀ ਕੁਮਾਰ ਮੇਰੇ ਕਹਿਣੇ ਤੋਂ ਬਾਹਰ, ਮੇਰੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਜੋ ਇਸ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਵਾਹ-ਵਾਸਤਾ ਨਹੀਂ ਹੈ। ਸੰਬੰਧਤ ਨੋਟ ਕਰਨ।

ਮੈਂ, **ShaikaLal Mahato** ਪੁੱਤਰ **Jiut Mahato** ਵਾਸੀ **Utari Teluas, Wet Champaran, Bihar** ਹਾਲ ਵਾਸੀ ਮਾਹਲ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੈਂ ਆਪਣੇ ਲੜਕੇ ਨਿਤਿਸ਼ ਕੁਮਾਰ (**Nitish Kumar**) ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ 26 ਸਤੰਬਰ 2025 ਨੂੰ ਨਵਾਂ ਜ਼ਮਾਨਾ ਅਖਬਾਰ ਅਤੇ ਪੰਜਾਬ ਐਕਸਪ੍ਰੈਸ ਦੋਵਾਂ ਅਖਬਾਰਾਂ ਰਾਹੀਂ ਆਪਣੀ ਜਾਇਦਾਦ ਤੋਂ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਨਿਤਿਸ਼ ਕੁਮਾਰ ਮੇਰੇ ਕਹਿਣੇ ਵਿੱਚ ਹੈ। ਇਸ ਲਈ ਮੈਂ ਇਸ ਦਾ ਬੇਦਖਲੀ ਨਾਮਾ ਵਾਪਸ ਲੈਂਦਾ ਹਾਂ। ਸੰਬੰਧਿਤ ਨੋਟ ਕਰਨ।

ਮੈਂ, ਬਲਦੇਵ ਸਿੰਘ ਪੁੱਤਰ ਸ. ਕਰਨੈਲ ਸਿੰਘ ਵਾਸੀ ਹਰਸੇ ਮਨਸਰ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ 20-02-2024 ਨੂੰ ਨਿਊ ਗੁਰੂ ਨਾਨਕ ਨਗਰ, ਪਿੰਡ ਨਾਗਰਾ, ਜ਼ਿਲ੍ਹਾ ਜਲੰਧਰ ਤੋਂ ਸ਼ਿਵ ਨਗਰ ਪਿੰਡ ਨਾਗਰਾ, ਜ਼ਿਲ੍ਹਾ ਜਲੰਧਰ ਅਸਲ ਬੈਨਾਮਾ ਨੰ: 3892 ਮਿਤੀ 24-10-2013 ਵਾ 3461 ਮਿਤੀ 23-08-2011 ਦੋਨੋ ਐਸ. ਆਰ ਜਲੰਧਰ ਦੀ ਫੋਟੋਸਟੇਟ ਕਰਾਨ ਜਾ ਰਿਹਾ ਸੀ ਪਰ ਰਸਤੇ ਵਿੱਚ ਹੀ ਗੁੰਮ ਹੋ ਗਈਆਂ। ਮੈਂ ਦੋਨਾ ਨੂੰ ਲੱਭਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਮੈਨੂੰ ਨਹੀਂ ਮਿਲੀਆਂ। ਜੇਕਰ ਕਿਸੇ ਵੀ ਬੈਂਕ/**NBFC Company/Any Financial Institution** ਨੂੰ **Objection** ਹੋਵੇ ਤਾਂ ਉਹ 7 ਦਿਨਾਂ ਦੇ ਅੰਦਰ ਵਕੀਲ ਵਿਕਾਸ ਸੂਦ ਐਡਵੋਕੇਟ ਨੂੰ 68, ਨਿਊ ਰਜਿੰਦਰ ਨਗਰ, ਜਲੰਧਰ ਜਾਂ 9814094356 ਤੇ ਦਰਜ ਕਰਵਾ ਸਕਦਾ ਹੈ।

ਕੁੰਦਣ ਸਿੰਘ ਪੁੱਤਰ ਸਾਧੂ ਸਿੰਘ ਵਾਸੀ ਸੋਹਲ ਤਹਿਸੀਲ ਤੇ ਜਿਲਾ ਤਰਨਤਾਰਨ ਦੇ ਨਾਂ ਤੇ ਚੱਲ ਰਿਹਾ 7.5 ਹਾਰਸ ਪਾਵਰ ਦਾ ਟਿਊਬਵੈੱਲ ਕੁਨੈਕਸ਼ਨ ਖਾਤਾ ਨੰਬਰ ਸੀ -1303 ਲਖਵਿੰਦਰ ਸਿੰਘ ਪੁੱਤਰ ਕੁੰਦਣ ਸਿੰਘ ਵਾਸੀ ਸੋਹਲ ਜ਼ਿਲਾ ਤਰਨਤਾਰਨ ਦੇ ਨਾਂ ਤਬਦੀਲ ਹੋ ਰਿਹਾ ਹੈ। ਜੇਕਰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਦੇ ਅੰਦਰ ਉਪ ਮੰਡਲ ਦਫ਼ਤਰ ਸੁਰ ਸਿੰਘ ਨਾਲ ਸੰਪਰਕ ਕੀਤਾ ਜਾਵੇ।

ਖਾਤਾ ਨੰਬਰ ਏ ਪੀ 38/182, ਜੋ ਕਿ ਪਿੰਡ ਬੀਰੇਵਾਲਾ ਵਿਖੇ ਬਿੰਦਰ ਸਿੰਘ ਪੁੱਤਰ ਦੇਵ ਸਿੰਘ ਵਾਸੀ ਬੀਰੇਵਾਲਾ ਦੇ ਨਾਂਅ 'ਤੇ ਚੱਲਦਾ ਹੈ। ਇਸ ਕੁਨੈਕਸ਼ਨ ਨੂੰ ਜਗਮੀਤ ਸਿੰਘ ਪੁੱਤਰ ਤਰਲੋਕ ਸਿੰਘ ਵਾਸੀ ਬੀਰੇਵਾਲਾ ਆਪਣੇ ਨਾਂਅ ਕਰਵਾਉਣਾ ਚਾਹੁੰਦਾ ਹੈ। ਇਸ ਸੰਬੰਧੀ ਜੇਕਰ ਕਿਸੇ ਵਿਅਕਤੀ ਨੂੰ ਇਤਰਾਜ਼ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਪੀ ਐੱਸ ਪੀ ਸੀ ਐੱਲ ਦਫ਼ਤਰ ਬਰੇਟਾ ਵਿਖੇ ਸੰਪਰਕ ਕਰ ਸਕਦਾ ਹੈ।

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਟਿਊਬਵੈਲ ਕੁਨੈਕਸ਼ਨ ਖਾਤਾ ਨੰਬਰ ਵਾਈ ਏ 3, 1867 ਹਾਰਸ ਪਾਵਰ 20, ਮਹਿੰਦਰ ਸਿੰਘ ਪੁੱਤਰ ਛੋਟੂ ਸਿੰਘ ਵਾਸੀ ਪਿੰਡ ਬਰਾਸ ਤਹਿਸੀਲ ਪਾਤੜਾਂ (ਪਟਿਆਲਾ) ਦੇ ਨਾਮ ਚੱਲਦਾ ਹੈ ਨੂੰ ਆਪਣੇ ਨਾਮ ਕਰਨ ਲਈ ਮੇਜਰ ਸਿੰਘ ਪੁੱਤਰ ਮਹਿੰਦਰ ਸਿੰਘ ਨੇ ਦਰਖਾਸਤ ਦਿੱਤੀ ਹੈ। ਅਗਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ 15 ਦਿਨਾਂ ਵਿੱਚ ਪੇਸ਼ ਕਰੇ। ਐਸ ਡੀ ਓ ਪਾਵਰਕਾਮ ਪਾਤੜਾਂ (ਦਿਹਾਤੀ)

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## AXIS BANK

Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana 141001., Registered Office: 'Trishul', 3rd Floor, Oppsite Samartheswar Temple, Law Garden, Ellisbridge, Ahmedabad-380006.

### ਅੰਤਿਕਾ-iv [ ਰੂਲ-8 (1) ਦਾ ਹਵਾਲਾ ]
### ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਸਕਿਊਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਕਟ 2002 ਅਤੇ ਸਕਿਊਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 7 ਮਾਰਚ 2025 ਨੂੰ ਡਿਮਾਂਡ ਨੋਟਿਸ ਜਾਰੀ ਕਰਦਿਆਂ ਮੈਸਰਜ਼ ਐੱਸ ਆਰ ਸਟੀਲਜ਼ ਰਾਹੀਂ ਇਸ ਦੇ ਮਾਲਕ ਸ੍ਰੀ ਸੁਮਿਤ ਬਾਂਸਲ ਨੂੰ 28-02-2025 ਨੂੰ ਨੋਟਿਸ 'ਚ ਦਰਸਾਈ ਬਕਾਇਆ ਰਕਮ ਰੁਪਏ 96,46,054/- (ਛਿਆਨਵੇਂ ਲੱਖ ਛਿਆਲੀ ਹਜ਼ਾਰ ਚੁਰੰਜਾ ਰੁਪਏ ਕੇਵਲ), ਸਮੇਤ ਹੋਰ ਅਨਲਾਗੂਯੋਗ ਵਿਆਜ ਅਤੇ ਇਸ 'ਤੇ ਲਾਗਤਾਂ ਰਕਮ ਦੀ ਅਦਾਇਗੀ ਦੀ ਮਿਤੀ ਤੱਕ, ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੱਤਾ ਸੀ। ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰ/ਸਹਿ ਕਰਜ਼ਦਾਰ/ਰਹਿਣਕਾਰ/ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਗਿਆ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 17 ਦਸੰਬਰ 2025 ਨੂੰ ਕਬਜ਼ਾ ਹਾਸਲ ਕਰ ਲਿਆ ਹੈ। ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਐਕਸਿਸ ਬੈਂਕ ਲਿਮਟਿਡ ਨੂੰ ਬਕਾਇਆ ਰਕਮ ਰੁਪਏ 25,87,704/- (ਪੱਚੀ ਲੱਖ ਰੁਪਏ 96,46,054/- (ਛਿਆਨਵੇਂ ਲੱਖ ਛਿਆਲੀ ਹਜ਼ਾਰ ਚੁਰੰਜਾ ਰੁਪਏ ਕੇਵਲ) ਸਮੇਤ ਇਸ 'ਤੇ ਹੋਰ ਵਿਆਜ, ਵਿਆਜ ਦੀ ਠੇਕਾ ਦਰ ਰਕਮ ਦੀ ਅਦਾਇਗੀ ਦੀ ਮਿਤੀ ਤੱਕ ਅਤੇ ਇਸ 'ਤੇ ਹੋਰ ਖਰਚੇ ਵਸੂਲੀ ਹੇਠ ਹੋਵੇਗੀ। ਤੁਸੀਂ 28-02-2025 ਤੋਂ ਹੋਰ ਵਿਆਜ ਅਤੇ ਇਸ ਉਪਰ ਹੋਰ ਚਾਰਜਿਜ਼/ਖਰਚੇ ਦੇਣ ਲਈ ਜਵਾਬਦੇਹ ਹੋਵੋਗੇ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ/ਸਹਿ-ਕਰਜ਼ਦਾਰ/ਰਹਿਣਕਾਰ/ਗਰੰਟਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

ਰਿਹਾਇਸ਼ੀ ਜਾਇਦਾਦ 8 ਮਰਲੇ 187 ਵਰਗ ਫੁੱਟ ਮਕਾਨ ਨੰ. 206/5 ਨਿਊ ਲਕਸ਼ਮੀਪੁਰਾ ਵਿਖੇ ਸਥਿਤ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ : ਪੂਰਬ : ਪਿਆਰੇ ਲਾਲ ਦਾ ਮਕਾਨ, ਪੱਛਮ : ਗਲੀ, ਉੱਤਰ : ਗਲੀ, ਦੱਖਣ : ਬਲਰਾਜ ਦਾ ਮਕਾਨ।

ਮਿਤੀ : 17 ਦਸੰਬਰ 2025 — ਸਹੀ/-(ਅਧਿਕਾਰਤ ਅਫਸਰ)
ਸਥਾਨ : ਜਲੰਧਰ — ਐਕਸਿਸ ਬੈਂਕ ਲਿਮਟਿਡ

## AXIS BANK

Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana 141001., Registered Office: 'Trishul', 3rd Floor, Oppsite Samartheswar Temple, Law Garden, Ellisbridge, Ahmedabad-380006.

### ਅੰਤਿਕਾ-IV ਰੂਲ-8 (1) ਦਾ ਹਵਾਲਾ
### ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ ਨਿਮਨਹਸਤਾਖਰੀ ਨੇ ਐਕਸਿਸ ਬੈਂਕ ਲਿਮਟਿਡ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐਕਟ 2002 ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 4 ਸਤੰਬਰ 2025 ਨੂੰ ਡਿਮਾਂਡ ਨੋਟਿਸ ਜਾਰੀ ਕਰਦਿਆਂ ਸ੍ਰੀ ਰਾਜ ਕੁਮਾਰ ਪੁੱਤਰ ਅਮਰਦੇਵ ਰਾਜ ਭਰ, ਨੂੰ 14 ਅਗਸਤ 2025 ਨੂੰ ਨੋਟਿਸ 'ਚ ਦਰਸਾਈ ਬਕਾਇਆ ਰਕਮ ਰੁਪਏ 25,87,704/- (ਪੱਚੀ ਲੱਖ ਸਤਾਸੀ ਹਜ਼ਾਰ ਸੱਤ ਸੌ ਚਾਰ ਰੁਪਏ ਕੇਵਲ), ਰਕਮ ਦੀ ਅਦਾਇਗੀ ਦੀ ਮਿਤੀ ਤੱਕ, ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੱਤਾ ਸੀ। ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਹੈ। ਕਰਜ਼ਦਾਰ/ਸਹਿ ਕਰਜ਼ਦਾਰ/ਰਹਿਣਕਾਰ/ਗਰੰਟਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਗਿਆ ਹੈ ਕਿ ਨਿਮਨਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 17 ਦਸੰਬਰ 2025 ਨੂੰ ਕਬਜ਼ਾ ਹਾਸਲ ਕਰ ਲਿਆ ਹੈ। ਕਰਜ਼ਦਾਰ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਐਕਸਿਸ ਬੈਂਕ ਲਿਮਟਿਡ ਨੂੰ ਬਕਾਇਆ ਰਕਮ ਰੁਪਏ 25,87,704/- (ਪੱਚੀ ਲੱਖ ਸਤਾਸੀ ਹਜ਼ਾਰ ਸੱਤ ਸੌ ਚਾਰ ਰੁਪਏ ਕੇਵਲ) ਸਮੇਤ 14 ਅਗਸਤ 2025 ਤੋਂ ਇਸ 'ਤੇ ਹੋਰ ਵਿਆਜ, ਵਿਆਜ ਦੀ ਠੇਕਾ ਦਰ ਰਕਮ ਦੀ ਅਦਾਇਗੀ ਦੀ ਮਿਤੀ ਤੱਕ ਅਤੇ ਇਸ 'ਤੇ ਹੋਰ ਖਰਚੇ ਵਸੂਲੀ ਹੇਠ ਹੋਵੇਗੀ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

**ਅਚੱਲ ਜਾਇਦਾਦ ਦਾ ਵੇਰਵਾ**

ਜਾਇਦਾਦ ਮਕਾਨ ਨੰ. 239, ਰਕਬਾ 00 ਕਨਾਲ 02 ਮਰਲਾ 03 ਸਰਸਾਈ (70 ਵਰਗ ਗਜ਼) ਕੁੱਲ ਜ਼ਮੀਨ ਰਕਬਾ 07 ਕਨਾਲ 08 ਮਰਲਾ ਦਾ 21/1332 ਹੱਦ ਹਿੱਸਾ, ਖੇਵਟ/ਖਤੌਨੀ ਨੰ. 145/148, ਖਸਰਾ ਨੰ. 33//18 (7-8), ਕਿੱਤਾ-1, ਜਰਨੈਲ ਇਨਕਲੇਵ ਵਿਖੇ ਸਥਿਤ, ਫੇਜ਼, 2, ਪਿੰਡ ਭਵਾਤ, ਹੱਦਬਸਤ ਨੰ. 234, ਐੱਮ ਸੀ ਅਤੇ ਸਬ-ਤਹਿਸੀਲ ਜ਼ੀਰਕਪੁਰ, ਜ਼ਿਲ੍ਹਾ ਐੱਸ ਏ ਐੱਸ ਨਗਰ ਮੁਹਾਲੀ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਸੜਕ, ਪੱਛਮ : ਹੋਰ ਮਾਲਕ, ਉੱਤਰ : ਪਲਾਟ ਨੰ. 240, ਦੱਖਣ : ਪਲਾਟ ਨੰ. 238

ਮਿਤੀ : 17 ਦਸੰਬਰ 2025 — ਸਹੀ/- (ਅਧਿਕਾਰਤ ਅਫਸਰ)
ਸਥਾਨ : ਭਵਾਤ — ਐਕਸਿਸ ਬੈਂਕ ਲਿਮਟਿਡ

## CRIMINAL COURTS, LUDHIANA

In The Court of Ms. Lovepreet Kaur Swaich
Judicial Magistrate - Ist Class Ludhiana

Next Date, Purpose of case, Orders and Judgments as well as other case information is available on http://ecourts.gov.in

Case No.:- COMA/39975/2024
Kotak Mahindra Bank Vs Kulwant Singh
Police Station/Fir No. Division 5//0
PPBLD03-040537-2024
NEXT DATE: 28-01-2026
138 of Negotiable Instruments Act Proclamation Requiring The Appearance of a Person Accused
Detail of offence:-
Notice To: Kulwant Singh
R/O Kot Mian Sahib, Gurdaspur-143512, Punjab

WHEREAS complaint/case has been made before me that KULWANT SINGH:- R/O KOT MIAN SAHIB, GURDASPUR-143512, PUNJAB has committed (or is suspected to have committed) the offence punishable under section 138 of Negotiable Instruments Act and it has been returned to a warrant of arrest thereupon issued that the said KULWANT SINGH cannot be found. and whereas it has been shown to my satisfaction that the said KULWANT SINGH has absconded (or is concealing himself/herself to avoid the service of the said warrant); Proclamation is hereby made that the said KULWANT SINGH is required to appear before this Court (or before me) on 28-01- 2026 to answer the said complaint/case.

Judicial Magistrate - Ist Class Ludhiana
Dated, this day of 17-12-2025.

## CRIMINAL COURTS, LUDHIANA

In The Court of Ms. Lovepreet Kaur Swaich
Judicial Magistrate - Ist Class Ludhiana

Next Date, Purpose of case, Orders and Judgments as well as other case information is available on http://ecourts.gov.in

Case No.:- COMA/39970/2024
Kotak Mahindra Bank Vs Jatinder Singh
Police Station/Fir No. Division 5//0
PPBLD03-040534-2024
NEXT DATE: 28-01-2026
138 of Negotiable Instruments Act Proclamation Requiring The Appearance of a Person Accused
Detail of offence:-
Notice To:
Jatinder Singh R/o Chogawan, Amritsar-143109, Punjab

Whereas complaint/case has been made before me that Jatinder Singh:- R/O Chogawan, Amritsar-143109, Punjab has committed (or is suspected to have committed) the offence punishable under section 138 of Negotiable Instruments Act and it has been returned to a warrant of arrest thereupon issued that the said JATINDER SINGH cannot be found, and whereas it has been shown to my satisfaction that the said JATINDER SINGH has absconded (or is concealing himself/herself to avoid the service of the said warrant); Proclamation is hereby made that the said JATINDER SINGH is required to appear before this Court (or before me) on 28-01-2026 to answer the said complaint/case.

Judicial Magistrate - Ist Class Ludhiana
Dated, this day of 17-12-2025.

## ਉੱਤਰ ਰੇਲਵੇ

### ਈ-ਨਿਵਿਦਾ ਸੂਚਨਾ

ਉਪ ਮੁੱਖ ਇੰਜੀਨੀਅਰ/ਇੰਚਾਰਜ/ਪੁਲ/ਕਾਰਜਸ਼ਾਲਾ, ਉਤਰ ਰੇਲਵੇ, ਜਲੰਧਰ ਛਾਉਣੀ ਦੇ ਦੁਆਰਾ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਓਪਨ ਈ-ਟੈਂਡਰ ਨੂੰ ਏਕਲ ਪੈਕੇਟ ਸਿਸਟਮ ਦੇ ਤਹਿਤ ਮੰਗ ਕੀਤੀ ਗਈ ਹੈ।

| ਲੜੀ ਨੰ. | ਨਿਵਿਦਾ ਨੰ. | ਕੰਮ ਦਾ ਵੇਰਵਾ | ਅੰਦਾਜਨ ਲਾਗਤ (ਰੁਪਏ) | ਬਿਆਨਾ ਰਾਸ਼ੀ (ਰੁਪਏ) | ਖੁੱਲਣ ਦੀ ਮਿਤੀ | IREPS 'ਤੇ ਬੋਲੀ ਲਗਾਉਣ ਦੀ ਮਿਤੀ | ਨਿਵਿਦਾ ਫਾਰਮ ਦੀ ਲਾਗਤ (ਰੁਪਏ) | ਕੰਮ ਸਮਾਪਤੀ ਦਾ ਸਮਾਂ |
|---|---|---|---|---|---|---|---|---|
| 1 | OT-21-JRC-2025 | ਅਪਰੂਵਡ ਡ੍ਰਾਇੰਗਸ ਦੇ ਆਧਾਰ ਉਤੇ 3.05 ਮੀਟਰ ਤੋਂ 12.2 ਮੀਟਰ ਤਕ ਦੇ ਪੀ.ਐਸ.ਸੀ. ਸਲੈਬ ਦੀ ਢਲਾਈ ਦਾ ਕੰਮ ਕਰਨਾ। | 8,19,50,587.69 | 5,59,800.00 | 09.01.2026 | 26.12.2025 ਤੋਂ 09.01.2026 | 0 | 14 ਮਹੀਨੇ |
| 2 | OT-JRC-22-2025 | SSE/BR/M/JUC ਦੇ ਖੇਤਰਾਧਿਕਾਰ ਦੇ ਤਹਿਤ ਆਉਣ ਵਾਲੇ ਸੈਕਸ਼ਨ KKP-FKA, JUC-LNK, JUC-NRO,LDH-ATT, PHR-NRO ਵਿਚ ਵਖ-ਵਖ ਪੁਲ ਗਡ੍ਰਰ ਘਟਕਾਂ ਦੀ ਪੇਂਟਿੰਗ ਦਾ ਕੰਮ ਕਰਨਾ। | 94,10,824.95 | 1,88,200.00 | 09.01.2026 | 26.12.2025 ਤੋਂ 09.01.2026 | 0 | 10 ਮਹੀਨੇ |

**ਨਿਵਿਦਾ ਪੇਸ਼ ਕਰਨ ਅਤੇ ਟੈਂਡਰ ਖੁਲਣ ਦੇ ਲਈ ਮਿਤੀ ਅਤੇ ਸਮਾਂ।** ਹਰੇਕ ਦੇ ਖਿਲਾਫ ਦਿਖਾਈਆਂ ਗਈਆਂ ਮਿਤੀਆਂ ਤੇ 15:00 ਵਜੇ ਤਕ ਅਤੇ ਉਸੇ ਸਮੇਂ 15:00 ਵਜੇ ਦੇ ਬਾਅਦ। **ਵੈਬਸਾਈਟ ਵੇਰਵਾ ਜਿਥੋਂ ਟੈਂਡਰ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ ਅਤੇ ਡਾਊਨਲੋਡ ਕੀਤਾ ਜਾ ਸਕਦਾ ਹੈ।** ਵਿਸਤ੍ਰਿਤ ਈ-ਨਿਵਿਦਾ ਸੂਚਨਾ ਉਤਰੀ ਰੇਲਵੇ ਵੈਬ ਸਾਈਟ www.nr.indianrailways.gov.in ਤੇ ਉਪਲਬਧ ਹੈ ਅਤੇ ਨਿਵਿਦਾ ਦਸਤਾਵੇਜ www.ireps.gov.in ਤੇ ਉਪਲਬਧ ਹੈ। **No. 80-W/30/Bridges/Invitation Dated: 18.12.2025** — **3916/2025**

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਉੱਤਰ ਰੇਲਵੇ

### ਈ-ਟੈਂਡਰ ਸੂਚਨਾ

**ਵ.ਮੰਡਲ ਵਿਯੁਤ ਇੰਜੀਨੀਅਰ/ਟੀ.ਆਰ.ਡੀ.** ਉ.ਰੇ. ਫ਼ਿਰੋਜ਼ਪੁਰ ਦੇ ਲਈ ਅਤੇ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਈ-ਟੈਂਡਰਾ ਆਖਰੀ ਮਿਤੀ 09.01.2026 ਨੂੰ 15.00 ਵਜੇ ਤਕ ਮੰਗ ਕੀਤੀ ਜਾਂਦੀ ਹੈ। ਟੈਂਡਰਕਾਰ ਅਪਨੀ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ 09.01.2026 ਨੂੰ 15.00 ਵਜੇ ਤਕ ਪੇਸ਼ ਕਰ ਸਕਦੇ ਹਨ। ਮੈਨੂੰਅਲ ਪ੍ਰਸਤਾਵ ਇਸ ਟੈਂਡਰ ਦੇ ਲਈ ਮਾਨਯ ਨਹੀਂ ਹੈ।

| ਟੈਂਡਰ ਨੰਬਰ | ਕੰਮਾਂ ਦਾ ਵੇਰਵਾ | ਅਨੁਮਾਨਿਤ ਲਾਗਤ (₹) | ਟੈਂਡਰ ਦੀ ਕੀਮਤ (Rs.) | ਟੈਂਡਰ ਪੂਰਾ ਕਰਨ ਦੀ ਮਿਤੀ ਤੇ ਸਮਾਂ | ਬਿਆਨਾ ਰਾਸ਼ੀ (₹) |
|---|---|---|---|---|---|
| 719A-ਟੀ.ਆਰ. ਡੀ-ਫ਼ਿਰੋਜ਼ਪੁਰ-2025-26 | ਫ਼ਿਰੋਜ਼ਪੁਰ ਡਵੀਜਨ ਵਿਚ CEU/TSS (01 ਨੰਬਰ) ਅਤੇ BTR/Tss (02 ਨੰਬਰ) ਦੇ 03 ਟ੍ਰੈਕਸ਼ਨ ਟ੍ਰਾਂਸਫਾਰਮਰਾਂ ਦਾ ਪੀਓਐਚ | 1,19,82,899.61 | ਸਿਫ਼ਰ | 09.01.2026 15:00 ਵਜੇ ਤਕ | 2,09,900/- |
| **ਕੰਮ ਦੀ ਸਮਾਨ ਪ੍ਰਕ੍ਰਿਤੀ (ਉਪਰੋਕਤ ਟੈਂਡਰ ਨੰ: 719 A -ਟੀ.ਆਰ.ਡੀ. ਫ਼ਿਰੋਜ਼ਪੁਰ-2025-26 ਦੇ ਲਈ :** (i) ਟ੍ਰਾਂਸਫਾਰਮਰ ਦਾ ਓਈਐਮ ਜਾਂ (ii) ਕੋਈ ਵੀ ਨਿਰਮਾਤਾ ਜਿਸਦੇ ਕੋਲ ਟੈਂਡਰ ਖੁਲਣ ਦੀ ਮਿਤੀ (ਖੁਲਣ ਦੀ ਮਿਤੀ ਨੂੰ ਛੱਡਕੇ) ਤਕ ਭਾਰਤੀਯ ਰੇਲਵੇ/ਕੇਂਦਰੀਯ ਸਾਰਵਜਨਿਕ ਖੇਤਰ ਦੇ ਉਪਕਰਮਾਂ/ਰਾਜਯ ਸਾਰਵਜਨਿਕ ਖੇਤਰ ਦੇ ਉਪਕਰਮਾਂ/ਮੈਟਰੋ/ਡੀਐਫਸੀਸੀਆਈਐਲ ਦੇ ਲਈ ਐਮਵੀਏ ਅਤੇ ਕੇਵੀ ਦੋਨੋ ਦੇ ਸਬੰਧ ਵਿਚ ਸਮਾਨ ਜਾਂ ਉੱਚਰ ਰੇਟਿੰਗ ਦੇ ਟ੍ਰਾਂਸਫਾਰਮਰ ਦੇ ਚਾਲੂ ਹੋਣ ਦੀ ਮਿਤੀ ਤੋਂ 30 ਮਹੀਨੇ ਦਾ ਸੰਤੋਸ਼ਜਨਕ ਪ੍ਰਦਰਸ਼ਨ ਹੋਵੇ। **ਸੰਦਰਭ : ਪ੍ਰਧਾਨ ਮੁੱਖ ਬਿਜਲੀ ਇੰਜੀਨੀਅਰ/ਉੱਤਰ ਰੇਲਵੇ ਦੇ ਪੱਤਰ ਨੰਬਰ 230-ਇਲੇਕਟ/ਟੀਆਰਡੀ/73 ਮਿਤੀ 24.09.2025, ਰੇਲਵੇ ਬੋਰਡ ਦੇ ਪੱਤਰ ਨੰਬਰ 2003/ਇਲੇਕਟ (ਜੀ)/161/1 ਖੰਡ-III /ਭਾਗ ਈ-3260334, ਮਿਤੀ 22.09.2025 ਦੇ ਬਿੰਦੂ ਨੰਬਰ-1-2 ਦੇ ਸੰਦਰਭ ਵਿਚ)।** | | | | | |
| 720A-ਟੀ.ਆਰ. ਡੀ-ਫ਼ਿਰੋਜ਼ਪੁਰ-2025-26 | ਫ਼ਿਰੋਜ਼ਪੁਰ/ਐਲਆਰ ਡਵੀਜਨ ਦੇ ਸਾਰੇ ਸੈਕਸ਼ਨਾਂ ਵਿਚ ਮੌਜੂਦਾ ਐਸਸੀਏਡੀਏ (SCADA) ਪ੍ਰਣਾਲੀ ਵਿਚ ਸਾਈਬਰ ਸੁਰੱਖਿਆ ਦੇ ਕਾਰਯਨਵਯਨ ਦੇ ਲਈ ਕੰਮ। | 2,19,73,503.27 | ਸਿਫ਼ਰ | 09.01.2026 15:00 ਵਜੇ ਤਕ | 2,59,900/- |
| **ਕੰਮ ਦੀ ਸਮਾਨ ਪ੍ਰਕ੍ਰਿਤੀ (ਉਪਰੋਕਤ ਟੈਂਡਰ ਨੰ: 720 A -ਟੀ.ਆਰ.ਡੀ. ਫ਼ਿਰੋਜ਼ਪੁਰ-2025-26 ਦੇ ਲਈ :** (i) ਪਾਤਰਤਾ ਮਾਨਦੰਡ ਦੇ ਲਈ ਰੇਲਵੇ ਬੋਰਡ/ਆਰਡੀਐਸਓ ਦਿਸ਼ਾਨਿਰਦੇਸ਼ਾਂ ਦਾ ਪਾਲਨ ਕੀਤਾ ਜਾਣਾ ਚਾਹੀਦਾ। **ਜਾਂ** (ii) ਆਈਈਸੀ ਪ੍ਰੋਟੋਕਾਲ ਉਤੇ ਆਧਾਰਿਤ ਸੀਰੀਯਲ ਕੰਮਯੂਨਿਕੇਸ਼ਨ ਪੋਰਟ ਦੇ ਦੁਵਰਾ ਤੋਂ ਸੰਖਯਾਤਮਕ ਰਿਲੇ ਐਸਸੀਏਡੀਏ ਸਿਸਟਮ ਤੋਂ ਇੰਟਰਫੇਸ ਕਰਨਾ। **(ਸੰਦਰਭ : ਪ੍ਰਧਾਨ ਮੁੱਖ ਬਿਜਲੀ ਇੰਜੀਨੀਅਰ/ਐਨਆਰ ਦੇ ਪੱਤਰ ਨੰਬਰ 181-ਇਲੇਕਟ/ਟੀਆਰਡੀ/189-II, ਮਿਤੀ 29.07.2021 ਦੇ ਬਿੰਦੂ ਨੰਬਰ 2.8 ਅਤੇ 2.9)।** | | | | | |

| ਕੰਮ ਦਾ ਸਮਾਂ | 12 ਮਹੀਨੇ | ਟੈਂਡਰ ਖੁਲਣ ਦੀ ਮਿਤੀ ਅਤੇ ਸਮਾਂ | 09.01.2026 15:00 ਵਜੇ ਦੇ ਬਾਦ | ਵੇਬਸਾਈਟ | www.ireps.gov.in |
|---|---|---|---|---|---|

ਨੋਟ : #ਟੈਂਡਰਕਰਤਾ ਕ੍ਰਿਪਾ ਧਿਆਨ ਦੇਣ ਕਿ ਬੋਲੀ ਸੁਰੱਖਿਆ ਦੇ ਬਗੈਰ ਪ੍ਰਾਪਤ ਪ੍ਰਸਤਾਵ ਜਾਂ ਤਾਂ ਈ-ਪੇਮੇਂਟ ਗੇਟਵੇ ਦੇ ਦੁਵਾਰਾ ਤੋਂ ਨਕਦ ਵਿਚ ਜਾਂ ਭਾਰਤ ਦੇ ਕਿਸੀ ਅਨੁਸੂਚਿਤ ਵਾਨਿਜਿਯਕ ਬੈਂਕ ਤੋਂ ਬੈਂਕ ਗਰੰਟੀ ਬਾਂਡ ਦੇ ਰੂਪ ਵਿਚ ਜਾਂ ਟੈਂਡਰ ਦਸਤਾਵੇਜਾਂ ਵਿਚ ਉਲੇਖਿਤ (ਅਨੁਲਗਨਕ-21 ਦੇ ਅਨੁਸਾਰ) ਇਕ ਸਮੇਂ ਦੇ ਲਈ ਵੈਧ ਹੈ। ਬੋਲੀ ਦੀ ਵੈਧਤਾ ਸਮੇਂ ਦੇ ਬਾਦ 90 ਦਿਨਾਂ ਦੇ ਲਈ ਅਪੂਰਣ ਅਤੇ ਅਮਾਨਯ ਪ੍ਰਸਤਾਵ ਦੇ ਰੂਪ ਵਿਚ ਮੰਨਿਆ ਜਾਵੇਗਾ ਅਤੇ ਜਿਸਦੇ ਲਈ ਠੇਕੇਦਾਰ ਦਾ ਰੇਲਵੇ ਉਤੇ ਕੋਈ ਦਾਵਾ ਨਹੀਂ ਹੋਵੇਗਾ। **ਨੰ: 719A ਅਤੇ 720Aਟੀ.ਆਰ.ਡੀ.ਫ਼ਿਰੋਜ਼ਪੁਰ-2025-26 ਮਿਤੀ : 18.12.2025**

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ — 3907/25

## COURT NOTICE

(U/o 5 Rule 20 CPC)
In the Court of
Ms. Minakshi Mahajan
Additional Civil Judge (Senior Division), Payal
CNR No. PBLDD0-000542-2025
Next Date:- 29-01-2026
Hardeep Kaur
Vs.
General Public
Publication Issued To:
General Public
: General Public

In above titled case, the defendant(s)/respondent(s) could not be served. It is ordered that defendant(s) /respondent(s) should appear in person or through counsel on 29-01-2026 at 10:00 a.m.
For details logon to https://highcourtchd.gov.in/?trs=district_notice&district=ludhiana

Additional Civil Judge (Senior Division) Payal
Dated, this day of 03-12-2025

19 Dec Page 8.qxd 12/18/2025 10:54 PM Page 1



# ਨਸ਼ਾ ਤਸਕਰ ਦੀ ਨਾਜਾਇਜ਼ ਉਸਾਰੀ 'ਤੇ ਚੱਲਿਆ ਪੀਲਾ ਪੰਜਾ

**ਕਪੂਰਥਲਾ (ਮਨਜੀਤ ਮਾਨ, ਪ੍ਰੀਤ ਸੰਗੋਜਲਾ)**- ਪੰਜਾਬ ਸਰਕਾਰ ਦੀ ਨਸ਼ਾ ਤਸਕਰਾਂ ਖ਼ਿਲਾਫ਼ ਚੱਲ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸਿਵਲ ਤੇ ਪੁਲਸ ਪ੍ਰਸ਼ਾਸਨ ਵੱਲੋਂ ਬੀ ਡੀ ਪੀ ਓ ਨਡਾਲਾ ਦੇ ਹੁਕਮਾਂ 'ਤੇ ਨਸ਼ਾ ਤਸਕਰ ਦੀ ਨਾਜਾਇਜ਼ ਉਸਾਰੀ ਨੂੰ ਢਾਹਿਆ ਗਿਆ। ਪਿੰਡ ਲੱਖਣ ਖੋਲੇ, ਥਾਣਾ ਸੁਭਾਨਪੁਰ ਅਧੀਨ ਜਗੀਰ ਕੌਰ ਉਰਫ ਬਿੱਲੋ ਪਤਨੀ ਕਿਸ਼ਨ ਸਿੰਘ, ਵਾਸੀ ਲੱਖਣ ਖੋਲੇ ਵੱਲੋਂ ਪੰਚਾਇਤੀ ਜ਼ਮੀਨ ਉੱਪਰ ਕੀਤੇ ਕਬਜ਼ੇ 'ਤੇ ਪ੍ਰਸ਼ਾਸਨ ਵੱਲੋਂ ਪੀਲਾ ਪੰਜਾ ਚਲਾਇਆ ਗਿਆ। ਇਸ ਸੰਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਐੱਸ ਐੱਸ ਪੀ ਕਪੂਰਥਲਾ ਗੌਰਵ ਤੂਰਾ ਨੇ ਦੱਸਿਆ ਕਿ ਬੀ ਡੀ ਪੀ ਓ ਨਡਾਲਾ ਵੱਲੋਂ ਜਾਰੀ ਹੁਕਮਾਂ ਅਨੁਸਾਰ ਦੱਸਿਆ ਗਿਆ ਸੀ ਕਿ ਸਮਾਜ ਵਿਰੋਧੀ ਗਤੀਵਿਧੀਆਂ ਵਿਚ ਚਿੰਨ੍ਹਿਤ ਹੋਏ ਜਗੀਰ ਕੌਰ ਉਰਫ ਬਿੱਲੋ ਪਿੰਡ ਲੱਖਣ ਖੋਲੇ ਵੱਲੋਂ ਪੰਚਾਇਤੀ ਜ਼ਮੀਨ 'ਤੇ ਕਬਜ਼ਾ ਕਰਕੇ ਘਰ ਬਣਾਇਆ ਹੋਇਆ ਸੀ। ਬੀ ਡੀ ਪੀ ਓ ਅਨੁਸਾਰ ਜਗੀਰ ਕੌਰ ਨੂੰ ਬਾਰ-ਬਾਰ ਨੋਟਿਸ ਜਾਰੀ ਕਰਕੇ ਨਜਾਇਜ਼ ਕਬਜ਼ਾ ਖਾਲੀ ਕਰਨ ਲਈ ਕਿਹਾ ਗਿਆ,ਪਰ ਉਸ ਨੇ ਨਾਜਾਇਜ਼ ਕਬਜ਼ਾ ਨਹੀਂ ਛੱਡਿਆ, ਜਿਸ ਕਰਕੇ ਪੁਲਿਸ ਦੀ ਮਦਦ ਮੰਗੀ ਗਈ ਸੀ। ਉਨ੍ਹਾਂ ਕਿਹਾ ਕਿ ਜਗੀਰ ਕੌਰ ਉਰਫ ਬਿੱਲੋ ਵਿਰੁੱਧ ਵੱਖ-ਵੱਖ ਥਾਣਿਆਂ ਵਿਚ 8 ਮਾਮਲੇ ਦਰਜ ਸਨ। ਇਸ ਵਿਚ ਐੱਫ ਆਈ ਆਰ ਨੰਬਰ 30,127,183,85 ਤੇ 239 ਤਹਿਤ ਥਾਣਾ ਸੁਭਾਨਪੁਰ ਅਤੇ ਐੱਫ ਆਈ ਆਰ ਨੰਬਰ 33 ਤਹਿਤ ਥਾਣਾ ਭੋਗਪੁਰ (ਜਲੰਧਰ) ਵਿਖੇ ਮਾਮਲੇ ਦਰਜ ਹੈ। ਉਨ੍ਹਾਂ ਸਪੱਸ਼ਟ ਸ਼ਬਦਾਂ ਵਿਚ ਕਿਹਾ ਕਿ ਪੰਜਾਬ ਸਰਕਾਰ ਦੇ ਸਖ਼ਤ ਨਿਰਦੇਸ਼ਾਂ ਦੇ ਤਹਿਤ ਜ਼ਿਲ੍ਹਾ ਪੁਲਸ ਨਸ਼ਾ ਤਸਕਰੀ ਨੂੰ ਪੂਰੀ ਤਰ੍ਹਾਂ ਠੱਲ ਪਾਉਣ ਲਈ ਵਚਨਬੱਧ ਹੈ ਅਤੇ ਕਿਸੇ ਵੀ ਨਸ਼ਾ ਤਸਕਰੀ ਨਾਲ ਜੁੜੇ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ ਅਤੇ ਕਾਨੂੰਨ ਅਨੁਸਾਰ ਸਖ਼ਤ ਕਦਮ ਚੁੱਕੇ ਜਾਣਗੇ।



# ਪੇਂਡੂ ਮਜ਼ਦੂਰ ਯੂਨੀਅਨ ਵੱਲੋਂ ਭਾਜਪਾ ਸਰਕਾਰ ਵਿਰੁੱਧ ਪੁਤਲਾ ਸਾੜ ਮੁਜ਼ਾਹਰਾ

**ਅੱਡਾ ਸਰਾਂ/ ਟਾਂਡਾ ਉੜਮੁੜ (ਜਸਵੀਰ ਕਾਜਲ , ਓਂਕਾਰ ਸਿੰਘ)**- ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਨੇ ਸੂਬਾਈ ਸੱਦੇ ਤਹਿਤ ਪਿੰਡ ਟਾਹਲੀ ਵਿਖੇ ਮਜ਼ਦੂਰਾਂ ਕਰਕੇ ਬਿਜਲੀ ਬਿੱਲਾਂ ਦੀ ਸਹੂਲਤ ਖੋਹਣ ਲਈ ਸਰਕਾਰ ਵੱਲੋਂ ਲਿਆਂਦੇ ਬਿਜਲੀ ਸੋਧ ਬਿੱਲ 2025, ਕਿਰਤ ਕਾਨੂੰਨਾਂ ਨੂੰ ਤਬਦੀਲ ਕਰਕੇ ਬਣਾਏ ਕਿਰਤ ਕੋਡ ਅਤੇ ਨਾਂ ਬਦਲ ਕੇ ਮਗਨਰੇਗਾ ਨੂੰ ਖ਼ਤਮ ਕਰਨ ਵਿਰੁੱਧ ਤਿੱਖਾ ਵਿਰੋਧ ਕਰਦਿਆਂ ਬਦ ਇਲਾਕੇ ਦੇ ਪਿੰਡਾਂ ਵਿਚ ਇਨ੍ਹਾਂ ਕਾਲ਼ੇ ਕਾਨੂੰਨਾਂ ਅਤੇ ਕੇਂਦਰ ਸਰਕਾਰ ਦਾ ਪੁਤਲਾ ਫੂਕ ਕੇ ਨਾਅਰੇਬਾਜ਼ੀ ਕੀਤੀ।ਇਸ ਮੌਕੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ, ਯੂਥ ਵਿੰਗ ਦੇ ਆਗੂ ਗੁਰਪ੍ਰੀਤ ਸਿੰਘ ਚੀਦਾ ਅਤੇ ਤਹਿਸੀਲ ਪ੍ਰਧਾਨ ਨਾਵਲ ਗਿੱਲ ਟਾਹਲੀ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਇੱਕ ਤੋਂ ਬਾਅਦ ਇੱਕ ਲੋਕ ਵਿਰੋਧੀ ਕਾਨੂੰਨਾਂ ਦੀ ਝੜੀ ਨਿਰੰਤਰ ਲਾਈ ਜਾ ਰਹੀ ਹੈ। ਕਿਰਤ ਕਾਨੂੰਨਾਂ ਵਿੱਚ ਤਬਦੀਲੀਆਂ ਅਤੇ ਹੁਣ ਬਿਜਲੀ ਸੋਧ ਬਿਲ 2025 ਅਤੇ ਵੈਬ-ਜੀ ਰਾਮ ਜੀ ਕਾਨੂੰਨ ਲਿਆ ਕੇ ਮਨਰੇਗਾ ਦਾ ਸਿਰਫ ਨਾਮ ਹੀ ਨਹੀਂ ਬਦਲਿਆ ਜਾ ਰਿਹਾ ਸਗੋਂ ਇਸ ਵਿੱਚ ਕੀਤੀਆਂ ਮਜ਼ਦੂਰ ਮਾਰੂ ਸੋਧਾਂ ਨੂੰ ਇਸ ਕਾਨੂੰਨ ਤਹਿਤ ਮਜ਼ਦੂਰ ਵਰਗ ਨੂੰ ਮਿਲਦਾ ਨਾ ਮਾਤਰ ਰੁਜ਼ਗਾਰ ਖੋਹ ਕੇ ਕਿਰਤੀ ਲੋਕਾਂ ਦੇ ਚੁੱਲ੍ਹੇ ਠੰਢੇ ਕਰਨ ਦੀ ਸਾਜ਼ਿਸ਼ ਘੜੀ ਹੈ।ਉਨ੍ਹਾਂ ਆਖਿਆ ਕਿ ਇੱਕ ਤਾਂ ਪਹਿਲਾਂ ਹੀ ਕੇਂਦਰ ਸੂਬਿਆਂ ਦੇ ਅਧਿਕਾਰ ਖੋਹ ਕੇ ਸੂਬਿਆਂ ਨੂੰ ਕੇਂਦਰ ਕੋਲ ਹੱਥ ਅੱਡਣ ਜੋਗੇ ਛੱਡਿਆ ਹੈ। ਕੇਂਦਰ ਤੇ ਸੂਬਾਈ ਸਰਕਾਰਾਂ ਵਲੋਂ ਇੱਕ ਦੂਜੇ 'ਤੇ ਮਨਰੇਗਾ ਬਜਟ ਨਾ ਜੁਟਾਉਣ ਦੇ ਦੋਸ਼ ਮੜ੍ਹ ਕੇ ਮਜ਼ਦੂਰਾਂ ਦੇ ਰੁਜ਼ਗਾਰ ਨੂੰ ਹੋਰ ਖੋਰਾ ਲਾਇਆ ਜਾਵੇਗਾ। ਉਨ੍ਹਾਂ ਦੋਸ਼ ਲਗਾਇਆ ਕਿ ਸੰਸਾਰ ਬੈਂਕ ਤੇ ਕੌਮਾਂਤਰੀ ਮੁਦਰਾ ਕੋਸ਼ ਵਰਗੀਆਂ ਸਾਮਰਾਜੀ ਸੰਸਥਾਵਾਂ ਦੁਆਰਾ ਦੇਸ਼ ਭਲਾਈ ਯੋਜਨਾਵਾਂ 'ਤੇ ਖ਼ਰਚੇ ਜਾਂਦੇ ਬਜਟਾਂ ਉਪਰ ਉਹਨਾਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਕੇਂਦਰ ਸਰਕਾਰ ਵੱਲੋਂ ਲੋਕ ਵਿਰੋਧੀ ਕਾਨੂੰਨ ਪਾਸ ਕਰਕੇ ਇਹਨਾਂ ਸਕੀਮਾਂ ਨੂੰ ਖੋਰਾ ਲਾਇਆ ਜਾ ਰਿਹਾ ਹੈ। ਮਜ਼ਦੂਰ ਆਗੂਆਂ ਨੇ ਇਹ ਵੀ ਦੋਸ਼ ਲਾਇਆ ਕਿ ਮੋਦੀ ਸਰਕਾਰ ਮਨਰੇਗਾ ਦਾ ਨਾਂਅ ਬਦਲ ਕੇ ਵੈਬ- ਜੀ ਰਾਮ ਜੀ ਕਰਨ ਰਾਹੀਂ ਮੂੰਹ ਚੋਂ ਰਾਮ ਰਾਮ ਤੇ ਬਗ਼ਲ ਮੇਂ ਛੁਰੀ ਵਾਲੀ ਕਹਾਵਤ ਵਾਂਗ ਆਰ ਐੱਸ ਐੱਸ ਤੇ ਬੀ ਜੇ ਪੀ ਦੇ ਵਿਚਾਰਧਾਰਕ ਏਜੰਡੇ ਨੂੰ ਲਾਗੂ ਕਰਨ ਵਿੱਚ ਤੇਜ਼ੀ ਲਿਆਉਣਾ ਚਾਹੁੰਦੀ ਹੈ। ਇਸ ਦਿਸ਼ਾ ਵਿੱਚ ਹੀ ਸੰਘਰਸ਼ਾਂ ਰਾਹੀਂ ਪ੍ਰਾਪਤ ਕੀਤੇ 29 ਕਿਰਤ ਕਾਨੂੰਨਾਂ ਨੂੰ ਬਦਲ ਕੇ ਕਾਰਪੋਰੇਟ ਘਰਾਣਿਆਂ ਅਤੇ ਮਾਲਕਾਂ ਪੱਖੀ ਚਾਰ ਕਿਰਤ ਕੋਡ ਲਿਆ ਕੇ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਛੇ ਸਾਲ ਤੋਂ ਵੱਧ ਸਮਾਂ ਪੁਲਸ, ਬਿਜਲੀ ਅਧਿਕਾਰੀਆਂ ਨਾਲ ਭਿੜਦਿਆਂ ਬਿੱਲਾਂ ਦਾ ਬਾਈਕਾਟ ਕਰਕੇ ਲੰਬਾ ਸੰਘਰਸ਼ ਕਰਕੇ ਪ੍ਰਾਪਤ ਕੀਤੀ ਘਰੇਲੂ ਬਿਜਲੀ ਬਿੱਲਾਂ ਦੀ ਮੁਆਫ਼ੀ ਦੀ ਸਹੂਲਤ ਖੋਹਣ ਲਈ ਸਰਕਾਰ ਚਿੱਪਾਂ ਵਾਲੇ ਮੀਟਰ ਲਗਾ ਕੇ ਬਿਜਲੀ ਪ੍ਰਾਈਵੇਟ ਕਰਨ ਲਈ ਮੋਦੀ ਸਰਕਾਰ ਬਿਜਲੀ ਸੋਧ ਬਿੱਲ 2025 ਲੈ ਕੇ ਆਈ ਹੈ।ਉਨ੍ਹਾਂ ਕੇਂਦਰ ਸਰਕਾਰ ਵੱਲੋਂ ਲਿਆਂਦੇ ਲੋਕ ਵਿਰੋਧੀ ਬਿੱਲਾਂ, ਕਾਨੂੰਨਾਂ ਨੂੰ ਵਾਪਸ ਕਰਵਾਉਣ ਲਈ ਸਮੁੱਚੇ ਲੋਕਾਂ ਨੂੰ ਇੱਕਜੁੱਟ ਹੋ ਕੇ ਸੰਘਰਸ਼ ਤੇਜ਼ ਕਰਨ ਦਾ ਸੱਦਾ ਦਿੱਤਾ।ਉਨ੍ਹਾਂ ਇਹ ਐਲਾਨ ਵੀ ਕੀਤਾ ਕਿ ਕੇਂਦਰ ਸਰਕਾਰ ਦੇ ਇਸ ਕਦਮ ਖ਼ਿਲਾਫ਼ ਜਿੱਥੇ ਸੰਘਰਸ਼ ਜਾਰੀ ਰੱਖਿਆ ਜਾਵੇਗਾ ਉੱਥੇ ਹੀ ਮਜ਼ਦੂਰ ਮੰਗਾਂ ਨੂੰ ਲੈ ਕੇ 6 ਤੇ 7 ਜਨਵਰੀ ਨੂੰ ਡਿਪਟੀ ਕਮਿਸ਼ਨਰ ਦਫ਼ਤਰਾਂ ਅੱਗੇ ਦਿੱਤੇ ਜਾ ਰਹੇ ਧਰਨਿਆਂ ਦੌਰਾਨ ਇਸ ਕਦਮ ਨੂੰ ਵਾਪਸ ਲੈਣ ਸਬੰਧੀ ਵੀ ਜ਼ੋਰਦਾਰ ਅਵਾਜ਼ ਬੁਲੰਦ ਕੀਤੀ ਜਾਵੇਗੀ।ਇਸ ਮੌਕੇ ਯੂਨੀਅਨ ਦੇ ਤਹਿਸੀਲ ਆਗੂ ਸੋਨੂੰ ਟਾਹਲੀ ਅਤੇ ਧਰਮਿੰਦਰ ਆਦਿ ਨੇ ਵੀ ਸੰਬੋਧਨ ਕੀਤਾ।



# ਜਗਤ ਗੁਰੂ ਨਾਨਕ ਜੀ ਓਪਨ 'ਵਰਸਿਟੀ ਰਾਹੀਂ ਹੁਨਰ ਸਿੱਖਿਆ ਨੂੰ ਦਿੱਤਾ ਨਵਾਂ ਆਕਾਰ : ਸਿੱਖਿਆ ਮੰਤਰੀ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਜਗਤ ਗੁਰੂ ਨਾਨਕ ਜੀ ਓਪਨ ਯੂਨੀਵਰਸਿਟੀ ਦੇ ਮਾਧਿਅਮ ਰਾਹੀਂ ਸਿੱਖਿਆ ਖੇਤਰ ਵਿੱਚ ਇਕ ਨਵਾਂ ਯਤਨ ਕੀਤਾ ਜਾ ਰਿਹਾ ਹੈ, ਜਿਸ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਰਵਾਇਤੀ ਪੜ੍ਹਾਈ ਦੇ ਨਾਲ-ਨਾਲ ਹੁਨਰਮੰਦ ਬਣਾਉਣਾ ਹੈ। ਉਨ੍ਹਾਂ ਕਿਹਾ ਕਿ ਪ੍ਰਿੰਸੀਪਲ ਸਾਹਿਬਾਨ, ਨੌਜਵਾਨ ਅਧਿਆਪਕਾਂ ਅਤੇ ਸਾਰੀ ਟੀਮ ਵੱਲੋਂ ਕੀਤੀ ਜਾ ਰਹੀ ਇਹ ਕੋਸ਼ਿਸ਼ ਕਾਬਿਲ-ਏ-ਤਾਰੀਫ਼ ਹੈ। ਸਿੱਖਿਆ ਮੰਤਰੀ ਨੇ ਅਨਮੋਲ ਸਿੱਖਿਆ ਕੇਂਦਰ ਚੇਰ ਵਿਖੇ ਦੱਸਿਆ ਕਿ ਸ੍ਰੀ ਅਨੰਦਪੁਰ ਸਾਹਿਬ ਦੇ ਸਰਕਾਰੀ ਕੰਨਿਆ ਸੀਨੀ ਸੈਕੰਡਰੀ ਸਕੂਲ ਨੂੰ ਹੁਣ ਹੁਨਰ ਸਿੱਖਿਆ ਸਕੂਲ ਦੇ ਰੂਪ ਵਿੱਚ ਵਿਕਸਤ ਕੀਤਾ ਗਿਆ ਹੈ, ਜਿੱਥੇ ਵਿਦਿਆਰਥਣਾਂ ਨੂੰ ਨੌਵੀਂ ਜਮਾਤ ਤੋਂ ਹੀ ਅਜਿਹੀ ਸਿੱਖਿਆ ਦਿੱਤੀ ਜਾ ਰਹੀ ਹੈ, ਜੋ ਬਾਰ੍ਹਵੀਂ ਪਾਸ ਕਰਨ ਉਪਰੰਤ ਉਨ੍ਹਾਂ ਨੂੰ ਸਿੱਧੇ ਰੁਜ਼ਗਾਰ ਯੋਗ ਬਣਾਉਂਦੀ ਹੈ। ਉਨ੍ਹਾਂ ਕਿਹਾ ਕਿ ਚਾਰ ਵੱਖ-ਵੱਖ ਕੋਰਸ ਮਾਹਿਰਾਂ ਦੁਆਰਾ ਤਿਆਰ ਕਰਵਾਏ ਗਏ ਹਨ, ਜਿਵੇਂ ਕਿ ਹੈਲਥ ਕੇਅਰ ਕੋਰਸ, ਜੋ ਅੱਜੋਕੇ ਵਰਗੀਆਂ ਸੰਸਥਾਵਾਂ ਨਾਲ ਸਾਂਝੇਦਾਰੀ ਰਾਹੀਂ ਕਰਵਾਇਆ ਜਾ ਰਿਹਾ ਹੈ। ਇਸ ਕੋਰਸ ਤਹਿਤ ਵਿਦਿਆਰਥਣਾਂ ਨੂੰ ਬੋਰਡ ਦੇ ਸਰਟੀਫਿਕੇਟ ਦੇ ਨਾਲ-ਨਾਲ ਉਦਯੋਗਕ ਸਰਟੀਫਿਕੇਟ ਵੀ ਮਿਲੇਗਾ, ਜਿਸ ਨਾਲ ਉਨ੍ਹਾਂ ਨੂੰ ਹਸਪਤਾਲਾਂ ਵਿੱਚ ਨੌਕਰੀ ਮਿਲਣਾ ਆਸਾਨ ਹੋਵੇਗਾ।ਉਨ੍ਹਾਂ ਕਿਹਾ ਕਿ ਫ਼ੈਸ਼ਨ ਡਿਜ਼ਾਇਨਿੰਗ, ਪੇਂਟਿੰਗ, ਅਕਾਊਂਟਿੰਗ, ਕੰਪਿਊਟਰ ਅਤੇ ਡਿਜ਼ੀਟਲ ਮਾਰਕੀਟਿੰਗ ਵਰਗੇ ਕੋਰਸਾਂ ਰਾਹੀਂ ਵਿਦਿਆਰਥਣਾਂ ਨੂੰ ਸਵੈ-ਰੋਜ਼ਗਾਰ ਵੱਲ ਪ੍ਰੇਰਿਤ ਕੀਤਾ ਜਾ ਰਿਹਾ ਹੈ। ਕੋਰਸ ਨੇ ਵਿਦਿਆਰਥਣਾਂ ਨੂੰ ਅਪੀਲ ਕੀਤੀ ਕਿ ਮੋਬਾਈਲ ਅਤੇ ਸੋਸ਼ਲ ਮੀਡੀਆ ਦਾ ਸਹੀ ਇਸਤੇਮਾਲ ਕਰਕੇ ਆਪਣੇ ਉਤਪਾਦਾਂ ਨੂੰ ਆਨਲਾਈਨ ਪਲੇਟਫਾਰਮਾਂ ਰਾਹੀਂ ਮਾਰਕੀਟ ਤੱਕ ਪਹੁੰਚਾਇਆ ਜਾਵੇ।

# ਵਾਲੀਬਾਲ ਤੇ ਖੋ-ਖੋ ਦੇ ਮੁਕਾਬਲੇ ਸੰਪੰਨ



**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਸ਼ਾਹਬਾਜ਼ਪੁਰ ਵਿਖੇ ਹਾਊਸ ਵਾਈਜ ਵਾਲੀਬਾਲ ਅਤੇ ਖੋ-ਖੋ ਦੇ ਮੁਕਾਬਲੇ ਕਰਾਏ ਗਏ। ਸੰਸਥਾ ਦੇ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਵਿੱਚ ਖੇਡ ਵਿਭਾਗ ਦੇ ਅਧਿਆਪਕ ਸੁਰੇਸ਼ ਸਿੰਘ, ਬਲਦੇਵ ਰਾਜ, ਅਮਰਜੀਤ ਕੌਰ ਸੈਣੀ, ਅਤੇ ਸੁਸ਼ੀਲ ਦੀ ਦੇਖਰੇਖ ਵਿੱਚ ਇਹ ਮੁਕਾਬਲੇ ਸੰਪੰਨ ਹੋਏ। ਇਸ ਮੌਕੇ ਤੇ ਮੁੱਖ ਮਹਿਮਾਨ ਵਜੋਂ ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਨੇ ਸ਼ਿਰਕਤ ਕੀਤੀ ਅਤੇ ਬੱਚਿਆਂ ਦਾ ਹੌਸਲਾ ਵਧਾਇਆ। ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹਨਾਂ ਮੁਕਾਬਲਿਆਂ ਦੇ ਵਿੱਚੋਂ ਵਾਲੀਬਾਲ ਦੇ ਵਿੱਚ ਅਰਥ ਹਾਊਸ ਪਹਿਲੇ ਸਥਾਨ ਤੇ ਰਿਹਾ ਜਦਕਿ ਮਾਰਸ ਹਾਊਸ ਨੇ ਦੂਸਰਾ ਸਥਾਨ ਪ੍ਰਾਪਤ ਕੀਤਾ, ਜੁਪੀਟਰ ਅਤੇ ਮਰਕਰੀ ਹਾਊਸ ਤੀਸਰੇ ਸਥਾਨ ਤੇ ਰਹੇ। ਇਸ ਦੇ ਨਾਲ ਹੀ ਖੋ-ਖੋ ਵਿੱਚ ਵੀ ਅਰਥ ਹਾਊਸ ਦੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਮਰਕਰੀ ਹਾਊਸ ਦੀ ਟੀਮ ਦੂਸਰੇ ਸਥਾਨ ਤੇ ਰਹੀ ਇਸ ਦੇ ਨਾਲ ਹੀ ਜੁਪੀਟਰ ਅਤੇ ਮਾਰਸ ਹਾਊਸ ਦੀਆਂ ਟੀਮਾਂ ਤੀਜੇ ਸਥਾਨ ਤੇ ਰਹੀਆਂ। ਚੇਅਰਮੈਨ ਤਰਲੋਚਨ ਸਿੰਘ ਨੇ ਦੱਸਿਆ ਕਿ ਅਜਿਹੇ ਮੁਕਾਬਲੇ ਹੋਣ ਤੇ ਬੱਚਿਆਂ ਦੇ ਵਿੱਚ ਕੰਪੀਟੀਸ਼ਨ ਦੀ ਭਾਵਨਾ ਵੱਧਦੀ ਹੈ ਅਤੇ ਉਹ ਆਪਣੀ ਕਾਬਲੀਅਤ ਦਿਖਾਉਣ ਦਾ ਮੌਕਾ ਮਿਲਦਾ ਹੈ। ਉਹਨਾਂ ਬੱਚਿਆਂ ਦੀ ਸ਼ਾਨਦਾਰ ਖੇਡ ਦੇਖ ਕੇ ਖੁਸ਼ੀ ਦਾ ਇਜ਼ਹਾਰ ਕੀਤਾ। ਇਹਨਾਂ ਮੁਕਾਬਲਿਆਂ ਦੇ ਜੇਤੂ ਖਿਡਾਰੀਆਂ ਨੂੰ ਚੇਅਰਮੈਨ ਤਰਲੋਚਨ ਸਿੰਘ ਅਤੇ ਪ੍ਰਿੰਸੀਪਲ ਮੁਨੀਸ਼ਾ ਸੰਗਰ ਨੇ ਮੈਡਲਾਂ ਦੇ ਨਾਲ ਸਨਮਾਨਤ ਕੀਤਾ। ਇਸ ਮੌਕੇ ਤੇ ਮੈਨੇਜਰ ਗਜਿੰਦਰ ਪਾਲ ਸਿੰਘ, ਤਰਨ ਸੈਣੀ, ਬਿਕਰਮਜੀਤ ਸਿੰਘ ਭੇਲਾ, ਜਗਬੰਧਨ ਸਿੰਘ, ਹਰਮਿੰਦਰ, ਹਰਜੀਤ, ਸਿਲਪਾ, ਅੰਕਿਤਾ, ਸੋਨੂ, ਆਚਲ, ਗੁਰਿੰਦਰ,ਹਰਜਿੰਦਰ, ਨੀਤੂ, ਵਿਸ਼ਾਲੀ, ਰਾਜਵਿੰਦਰ, ਰਾਜਵੀਰ, ਅਰਚਨਾ, ਗੁਰਪ੍ਰੀਤ, ਡੌਲੀ, ਜਸਵਿੰਦਰ, ਆਸ਼ਾ ਅਤੇ ਹੋਰ ਅਧਿਆਪਕ ਮੌਜੂਦ ਸਨ।

# ਕਮਲਾ ਨਹਿਰੂ ਕਾਲਜ ਫ਼ਾਰ ਵੂਮੈਨ ਵਿਖੇ ਐੱਨ ਐੱਸ ਐੱਸ ਸੱਤ ਰੋਜ਼ਾ ਵਿਸ਼ੇਸ਼ ਕੈਂਪ

**ਫਗਵਾੜਾ (ਡਾ. ਰਮਨ)**- ਕਮਲਾ ਨਹਿਰੂ ਕਾਲਜ ਫ਼ਾਰ ਵੂਮੈਨ ਫਗਵਾੜਾ ਦੇ ਪ੍ਰਿੰਸੀਪਲ ਡਾ ਸਵਿੰਦਰ ਪਾਲ ਦੀ ਸੁਯੋਗ ਅਗਵਾਈ ਹੇਠ ਐਨ ਐਸ ਐਸ ਸੱਤ-ਰੋਜ਼ਾ ਵਿਸ਼ੇਸ਼ ਕੈਂਪ ਦਾ ਤੀਜਾ ਦਿਨ ਸਵੇਰ ਦੀ ਕਸਰਤ ਅਤੇ ਵਾਰਮ-ਅੱਪ ਗਤੀਵਿਧੀਆਂ ਨਾਲ ਸ਼ੁਰੂ ਹੋਇਆ, ਜਿਸ ਤੋਂ ਬਾਅਦ ਵਾਲੰਟੀਅਰਾਂ ਵਿੱਚ ਅਨੁਸ਼ਾਸਨ, ਸਕਾਰਾਤਮਕਤਾ ਅਤੇ ਸਮੂਹਿਕ ਭਾਵਨਾ ਪੈਦਾ ਕਰਨ ਲਈ ਪ੍ਰਾਰਥਨਾ ਸੈਸ਼ਨ ਹੋਇਆ। ਰਿਫਰੈਸ਼ਮੈਂਟ ਤੋਂ ਬਾਅਦ, ਐਨ ਐਸ ਐਸ ਵਲੰਟੀਅਰ ਸਫਾਈ, ਰਚਨਾਤਮਕਤਾ ਅਤੇ ਸਮਾਜਿਕ ਜਾਗਰੂਕਤਾ ਨੂੰ ਉਤਸ਼ਾਹਿਤ ਕਰਦੇ ਹੋਏ ਕੰਧ ਪੇਂਟਿੰਗ ਗਤੀਵਿਧੀਆਂ ਵਿੱਚ ਸਰਗਰਮੀ ਨਾਲ ਸ਼ਾਮਲ ਹੋਏ। ਅਕਾਦਮਿਕ ਸੈਸ਼ਨ ਦੀ ਸ਼ੁਰੂਆਤ ਪ੍ਰਿੰਸੀਪਲ ਡਾ. ਸਵਿੰਦਰ ਪਾਲ ਦੁਆਰਾ ਸਵਾਗਤ ਨਾਲ ਹੋਈ, ਜਿਨ੍ਹਾਂ ਨੇ ਸਰੋਤ ਵਿਅਕਤੀ, ਡਾ. ਪੁਨੀਤ ਪੁਰੀ ਮੁਖੀ ਪੋਸਟ ਗ੍ਰੈਜੂਏਟ ਜ਼ੂਆਲੋਜੀ ਵਿਭਾਗ; ਡੀਨ ਐਲੂਮਨੀ; ਕੋਆਰਡੀਨੇਟਰ, ਆਈ ਆਈ ਸੀ ਇਨੋਵੇਟਿਵ ਐਕਟੀਵਿਟੀਜ਼; ਅਤੇ ਓਵਰਆਲ ਕੋਆਰਡੀਨੇਟਰ, ਡੀ ਏ ਵੀ ਕਾਲਜ ਜਲੰਧਰ ਦਾ ਨਿੱਘਾ ਸਵਾਗਤ ਕੀਤਾ।ਉਨ੍ਹਾਂ ਨੇ ਨੌਜਵਾਨਾਂ ਲਈ ਨਵੀਨਤਾ ਅਤੇ ਮੌਕਿਆਂ 'ਤੇ ਇੱਕ ਗਿਆਨਵਾਨ ਭਾਸ਼ਣ ਦਿੱਤਾ। ਉਨ੍ਹਾਂ ਵਿਦਿਆਰਥੀਆਂ ਨੂੰ ਸਵੈ-ਰੁਜ਼ਗਾਰ ਦੇ ਮੌਕਿਆਂ ਦੀ ਪੜਚੋਲ ਕਰਨ ਅਤੇ ਨਵੀਨਤਾਕਾਰੀ ਵਿਚਾਰਾਂ ਨੂੰ ਟਿਕਾਊ ਉੱਦਮਾਂ ਵਿੱਚ ਬਦਲਣ ਲਈ ਪ੍ਰੇਰਿਤ ਕੀਤਾ। ਭਾਸ਼ਣ ਤੋਂ ਬਾਅਦ ਐਨ ਐਸ ਐਸ ਵੰਲਟੀਅਰਾਂ ਨੇ ਸਫਾਈ ਮੁਹਿੰਮ ਵਿੱਚ ਹਿੱਸਾ ਲਿਆ, ਗਮਲਿਆਂ ਅਤੇ ਰੁੱਖਾਂ ਦੀ ਪੇਂਟਿੰਗ ਦੇ ਨਾਲ, ਕੈਂਪਸ ਦੇ ਸੁੰਦਰੀਕਰਨ ਅਤੇ ਵਾਤਾਵਰਣ ਚੇਤਨਾ ਵਿੱਚ ਯੋਗਦਾਨ ਪਾਇਆ। ਦੂਜੇ ਸੈਸ਼ਨ ਵਿੱਚ ਮੈਡਮ ਨਿਧੀ ਜੱਸਲ, ਸਹਾਇਕ ਪ੍ਰੋਫੈਸਰ, ਵਣਜ ਵਿਭਾਗ ਅਤੇ ਐਨ ਐਸ ਐਸ ਪ੍ਰੋਗਰਾਮ ਅਫਸਰ, ਨੇ 'ਵਿਕਸਤ ਭਾਰਤ 2047 ਦੇ ਮਸ਼ਾਲ ਧਾਰਕਾਂ ਵਜੋਂ ਨੌਜਵਾਨ' ਵਿਸ਼ੇ 'ਤੇ ਇੱਕ ਵਿਚਾਰ-ਉਕਸਾਊ ਭਾਸ਼ਣ ਦਿੱਤਾ। ਉਨ੍ਹਾਂ ਨੇ ਰਾਸ਼ਟਰ ਨਿਰਮਾਣ ਵਿੱਚ ਨੌਜਵਾਨਾਂ ਦੀ ਮਹੱਤਵਪੂਰਨ ਭੂਮਿਕਾ 'ਤੇ ਚਾਨਣਾ ਪਾਇਆ ਅਤੇ 2047 ਤੱਕ ਇੱਕ ਵਿਕਸਤ ਰਾਸ਼ਟਰ ਬਣਨ ਦੇ ਭਾਰਤ ਦੇ ਦ੍ਰਿਸ਼ਟੀਕੋਣ ਨੂੰ ਸਾਕਾਰ ਕਰਨ ਵਿੱਚ ਹਰੇਕ ਨਾਗਰਿਕ ਦੀ ਜ਼ਿੰਮੇਵਾਰੀ 'ਤੇ ਜ਼ੋਰ ਦਿੱਤਾ। ਦਿਨ ਦਾ ਸਮਾਪਨ ਨਵੇਂ ਉਤਸ਼ਾਹ ਅਤੇ ਉਦੇਸ਼ ਦੀ ਡੂੰਘੀ ਭਾਵਨਾ ਨਾਲ ਹੋਇਆ।




# ਪੰਜਾਬ ਕਲਾ ਮੰਚ ਨੇ 'ਚਾਰ ਸਾਹਿਬਜ਼ਾਦੇ' ਫਿਲਮ ਦਿਖਾਈ



**ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**- ਪੰਜਾਬ ਕਲਾ ਮੰਚ ਚਮਕੌਰ ਸਾਹਿਬ ਦੇ ਉਪਰਾਲੇ ਸਦਕਾ ਸ਼੍ਰੋਮਣੀ ਕਮੇਟੀ, ਕਾਰ ਸੇਵਾ ਵਾਲੇ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਚਾਰ ਸਾਹਿਬਜ਼ਾਦੇ ਫ਼ਿਲਮ ਗੁਰੂਦੁਆਰਾ ਸ੍ਰੀ ਗੜ੍ਹੀ ਸਾਹਿਬ ਵਿਖੇ ਵਿਖਾਈ ਗਈ ਜਿਸ ਦੀ ਸ਼ੁਰੂਆਤ ਹੈੱਡ ਗ੍ਰੰਥੀ ਭਾਈ ਜਸਵੀਰ ਸਿੰਘ ਵੱਲੋਂ ਗੜ੍ਹੀ ਦਾ ਸੰਖੇਪ ਇਤਿਹਾਸ ਦੱਸ ਕੇ ਕੀਤੀ ਗਈ ।ਫ਼ਿਲਮ ਦੇ ਨਿਰਦੇਸ਼ਕ ਹੈਰੀ ਬਵੇਜਾ ਅਤੇ ਪੰਮੀ ਬਵੇਜਾ ਦੁਆਰਾ ਬਣਾਈ ਗਈ ਇਸ ਐਨੀਮੇਸ਼ਨ ਫ਼ਿਲਮ ਨੂੰ ਦੇਖਕੇ ਸੰਗਤਾਂ ਨੇ ਸ੍ਰੀ ਅਨੰਦਪੁਰ ਸਾਹਿਬ, ਭੱਠਾ ਸਾਹਿਬ, ਚਮਕੌਰ ਸਾਹਿਬ ਅਤੇ ਫਤਹਿਗੜ੍ਹ ਸਾਹਿਬ ਦੇ ਮਹਾਨ ਸਿੱਖ ਇਤਿਹਾਸ ਬਾਰੇ ਜਾਣਕਾਰੀ ਹਾਸਿਲ ਕੀਤੀ । ਫ਼ਿਲਮ ਦੀ ਸਮਾਪਤੀ ਤੋਂ ਬਾਅਦ ਮੰਚ ਦੇ ਪ੍ਰਧਾਨ ਕੁਲਜਿੰਦਰਜੀਤ ਸਿੰਘ ਵੱਲੋਂ ਸੰਗਤਾਂ ਤੋਂ ਫ਼ਿਲਮ ਨਾਲ ਸੰਬੰਧਤ ਪ੍ਰਸ਼ਨ ਉੱਤਰ ਮੁਕਾਬਲੇ ਕਰਵਾਏ ਅਤੇ ਜੇਤੂਆਂ ਨੂੰ ਮੰਚ ਵੱਲੋਂ ਮੈਡਲਾਂ ਨਾਲ ਸਨਮਾਨਤ ਕੀਤਾ ਗਿਆ । ਇਸੇ ਦੌਰਾਨ ਸੇਵਾ ਸਿੰਘ ਭੂਰੜੇ ਦੇ ਪਰਵਾਰ ਵੱਲੋਂ ਚਾਹ, ਮੱਠੀਆਂ ਅਤੇ ਬਿਸਕੁਟਾਂ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੈਨੇਜਰ ਭਾਈ ਗੁਰਮੁੱਖ ਸਿੰਘ, ਬੈਂਕ ਮੈਨੇਜਰ ਗੁਰਜੀਤ ਸਿੰਘ, ਡਾ: ਰਾਜਪਾਲ ਸਿੰਘ, ਡਾ: ਸੁਦੇਸ਼ ਸ਼ਰਮਾ, ਡਾ: ਸੋਹਣ ਸਿੰਘ, ਸਵਰਨ ਸਿੰਘ, ਰਘਵੀਰ ਸਿੰਘ, ਗ੍ਰੰਥੀ ਗੁਰਜੀਤ ਸਿੰਘ,ਚਰਨਜੀਤ ਸਿੰਘ, ਤਰਲੋਚਨ, ਇੰਗਲੈਂਡ ਤੋਂ ਤਨਵੀਰ ਕੌਰ, ਗੁਰਦਰਸ਼ਨ ਕੌਰ ਅਤੇ ਲਖਵੀਰ ਕੌਰ ਆਦਿ ਹਾਜ਼ਰ ਸਨ।

# ਵਾਤਾਵਰਨ ਮੇਲਾ ਅੱਜ



**ਫਗਵਾੜਾ (ਡਾ ਰਮਨ)**- 'ਵਾਤਾਵਰਨ ਮੇਲਾ' ਡਾ. ਅੰਬੇਦਕਰ ਭਵਨ, ਪੀ. ਡਬਲਯੂ.ਡੀ ਰੈਸਟ ਹਾਉਸ, ਜੀ ਟੀ ਰੋਡ, ਨਜ਼ਦੀਕ ਫਇਰ ਬਰਗੇਡ, ਫਗਵਾੜਾ ਵਿਖੇ ਪ੍ਰੋ. ਅਲਟੀਮੇਟ ਜ਼ਿਮਸ ਫਗਵਾੜਾ ਵਲੋਂ ਲੀਓ ਹੈਲਥ ਕੱਲਬ ਫਗਵਾੜਾ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ ਹੈ। ਲੀਓ ਹੈਲਥ ਕੱਲਬ ਦੇ ਸੰਚਾਲਕ ਸੁਨੀਲ ਪਾਬਲਾ ਅਤੇ ਪ੍ਰੋ. ਅਲਟੀਮੇਟ ਜ਼ਿਮਸ ਦੇ ਅਜੈ ਕੁਮਾਰ ਜੰਜੂਆ ਅਤੇ ਅਭਿਸ਼ੇਕ ਸੋਂਧੀ ਨੇ ਸਾਂਝੇ ਬਿਆਨ ਵਿਚ ਦੱਸਿਆ ਕਿ ਇਹ ਚੈਂਪਿਅਨਸ਼ਿਪ ਨੈਸ਼ਨਲ ਜੱਜ ਰਣਜੀਤ ਪਾਲ ਪਾਬਲਾ (ਵਰਲਡ ਰਿਕਾਰਡ ਹੋਲਡਰ) ਦੀ ਦੇਖ-ਰੇਖ ਵਿਚ ਚਾਰ ਭਾਰ ਵਰਗ ਵਿਚ ਕਰਵਾਈ ਜਾਵੇਗੀ ਅਤੇ ਜੇਤੂਆਂ ਨੂੰ ਪ੍ਰੋ. ਅਲਟੀਮੇਟ ਜ਼ਿਮਸ ਵਲੋਂ ਨਕਦ ਇਨਾਮ + ਟਰਾਫ਼ੀ ਅਤੇ ਸਰਟੀਫਿਕੇਟ ਨਾਲ ਸਨਮਾਨਤ ਕੀਤਾ ਜਾਵੇਗਾ। ਓਵਰਆਲ ਮਿਸਟਰ ਇੰਵਾਇਰਮੈਂਟ ਨੂੰ ਨਕਦ ਇਨਾਮ ਅਤੇ ਟਰਾਫੀ ਨਾਲ ਸਨਮਾਨਿਤ ਕੀਤਾ ਜਾਵੇਗਾ।ਸੁਨੀਲ ਪਾਬਲਾ ਨੇ ਦੱਸਿਆ ਕੇ ਖਿਡਾਰੀਆਂ ਦੇ ਭਾਰ ਦੁਪਿਹਰ 1.00 ਤੋਂ 2.00 ਵਜੇ ਤੱਕ ਤੋਲੇ ਜਾਣਗੇ ਅਤੇ 2.00 ਵਜੇ ਮੁਕਾਬਲੇ ਸ਼ੁਰੂ ਹੋਣਗੇ । ਮੁਕਾਬਲਿਆਂ ਦੌਰਾਣ ਖਿਡਾਰੀ ਆਪਣੇ ਸਰੀਰ ਤੇ ਤੇਲ ਦੇ ਇਲਾਵਾ ਕਿਸੇ ਵੀ ਕਿਸਮ ਦਾ ਰੰਗ ਨਹੀਂ ਲਗਾਵੇਗਾ। ਇਹਨਾਂ ਮੁਕਾਬਲਿਆਂ ਵਿਚ ਪੰਜਾਬ ਦੇ ਸਾਰੇ ਸਕੂਲ, ਕਾਲਜ਼, ਹੈਲਥ ਕੱਲਬ ਅਤੇ ਅਖਾੜਿਆਂ ਦੇ ਲੜਕੇ ਹਿੱਸਾ ਲੈ ਸਕਦੇ ਹਨ ।

# ਕਿਸਾਨ, ਮਜ਼ਦੂਰ ਤੇ ਮੁਲਾਜ਼ਮ ਜਥੇਬੰਦੀਆਂ ਵੱਲੋਂ ਸਾਂਝੀ ਮੀਟਿੰਗ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਹਰਬੰਸ ਸਿੰਘ ਸੰਘਾ ਮੈਂਬਰ ਐਸ ਕੇ ਐਮ ਪੰਜਾਬ ਨੇ ਪ੍ਰੈੱਸ ਦੇ ਨਾਂਅ ਇੱਕ ਬਿਆਨ ਜਾਰੀ ਕਰਦਿਆਂ ਦੱਸਿਆ ਹੈ ਕਿ ਬੀਤੇ ਦਿਨ ਐਸ ਕੇ ਐਮ ਪੰਜਾਬ ਨਾਲ ਸਬੰਧਿਤ ਕਿਸਾਨ ਜਥੇਬੰਦੀਆਂ ਅਤੇ ਮਜ਼ਦੂਰ ਤੇ ਮੁਲਾਜ਼ਮ ਜਥੇਬੰਦੀਆਂ ਵੱਲੋਂ ਸਾਂਝੀ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿੱਚ ਬਿਜਲੀ ਸੋਧ ਬਿਲ 2025 ਬਾਰੇ ਵਿਸਥਾਰ ਨਾਲ ਵਿਚਾਰ ਕੀਤੀ ਗਈ, ਇਸ ਬਿੱਲ ਦੇ ਪਾਸ ਹੋਣ ਉਪਰੰਤ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਅਤੇ ਆਮ ਲੋਕਾਂ ਤੇ ਪੈਣ ਵਾਲੇ ਨੁਕਸਾਨ ਬਾਰੇ ਜਾਣਕਾਰੀ ਦਿੱਤੀ ਗਈ ।ਇਸ ਮੀਟਿੰਗ ਵਿੱਚ ਬੀਜ ਬਿੱਲ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ । ਇਸ ਮੌਕੇ ਹੋਰ ਮੁੱਦਿਆਂ ਬਾਰੇ ਵੀ ਵਿਚਾਰ ਚਰਚਾ ਹੋਈ।ਮੀਟਿੰਗ ਵਿੱਚ ਫੈਸਲਾ ਲਿਆ ਗਿਆ ਕਿ ਜੇ ਬਿਜਲੀ ਬਿੱਲ ਪਾਰਲੀਮੈਂਟ ਵਿੱਚ ਪੇਸ਼ ਕੀਤਾ ਗਿਆ ਤਾਂ ਅਗਲੇ ਦਿਨ ਨੂੰ ਕਾਲੇ ਦਿਵਸ ਵੱਜੋਂ ਮਨਾਇਆ ਜਾਵੇਗਾ।ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਵਾਈਪਾਸ ਤੇ ਸੀਂਗੜੀਵਾਲ ਫਾਟਕ ਤੇ ਧਰਨਾ ਲਾ ਕੇ ਰੇਲ ਲਾਈਨ ਰੋਕੀ ਜਾਵੇਗੀ ਅਤੇ ਚੌਲਾਂਗ ਟੋਲ ਪਲਾਜਾ ਫ੍ਰੀ ਕੀਤਾ ਜਾਵੇਗਾ । ਸਮਾਂ 12 ਤੋਂ 3 ਵਜੇ ਦਾ ਹੋਵੇਗਾ । ਇਸ ਤੋਂ ਬਾਅਦ 28 ਦਸੰਬਰ ਤੋਂ 4 ਜਨਵਰੀ 2026 ਤੱਕ ਪੰਜਾਬ ਵਿੱਚ ਜਾਗਰੂਕਤਾ ਕੰਪੇਨ ਚਲਾਈ ਜਾਵੇਗੀਜਿਸ ਤਹਿਤ ਹੁਸ਼ਿਆਰਪੁਰ ਜ਼ਿਲ੍ਹਾ ਵਿੱਚ ਵੱਖ-ਵੱਖ ਜ਼ੋਨਾਂ ਵਿੱਚ ਵਹੀਕਲ ਮਾਰਚ ਕੱਢੇ ਜਾਣਗੇ, ਬਿਜਲੀ ਬਿੱਲ ਖ਼ਿਲਾਫ਼ ਪਰਚੇ ਵੰਡੇ ਜਾਣਗੇ ਅਤੇ ਪ੍ਰਚਾਰ ਕੀਤਾ ਜਾਵੇਗਾ ।16 ਜਨਵਰੀ 2026 ਐਸ ਸੀ ਬਿਜਲੀ ਦੇ ਟਾਂਡਾ ਰੋਡ ਹੁਸ਼ਿਆਰਪੁਰ ਵਿਖੇ ਸਾਰੀਆਂ ਜਥੇਬੰਦੀਆਂ ਵਲੋਂ ਧਰਨਾ ਦਿੱਤਾ ਜਾਵੇਗਾ ।ਇਸ ਮੀਟਿੰਗ ਵਿੱਚ ਹਰਬੰਸ ਸਿੰਘ ਸੰਘਾ,ਸਤੀਸ਼ ਰਾਣਾ ,ਬਲਦੇਵ ਸਿੰਘ ਸਤੌਰ, ਤੀਰਥ ਸਿੰਘ, ਮੰਗਤ ਸਿੰਘ ਹੁਸ਼ਿਆਰਪੁਰ, ਦਵਿੰਦਰ ਸਿੰਘ ਕਕੋ, ਭੁਪਿੰਦਰ ਸਿੰਘ ਭੂੰਗਾ,ਰਜਿੰਦਰ ਸਿੰਘ, ਸ਼ੰਗਾਰਾ ਸਿੰਘ, ਕਾ. ਗੁਰਮੇਸ਼ ਸਿੰਘ,ਹਰਮੇਸ਼ ਸਿੰਘ ਢੇਸੀ,ਹੰਸ ਰਾਜ, ਸਤਪਾਲ ਸਿੰਘ, ਬਲਵਿੰਦਰ ਸਿੰਘ ਸੋਢੀ,ਸੰਤੋਸ਼ ਰੋੜੀਆਂ ਅਤੇ ਓਮ ਸਿੰਘ ਸ਼ਾਮਿਲ ਹੋਏ।ਮੀਟਿੰਗ ਦੀ ਪ੍ਰਧਾਨਗੀ ਸ਼ੰਗਾਰਾ ਸਿੰਘ ਅਤੇ ਕਾ. ਗੁਰਮੇਸ਼ ਸਿੰਘ ਨੇ ਕੀਤੀ ।



# ਪ੍ਰਭਜੋਤ ਸਿੰਘ ਸੰਘਾ ਬਾਬਾ ਮੱਟ ਸਾਹਿਬ ਦੇ ਦਰਬਾਰ 'ਤੇ ਨਤਮਸਤਕ ਹੋਏ



**ਬਸਤੀ ਸ਼ੇਖ (ਜਲੰਧਰ) ( ਲਖਵਿੰਦਰ ਸਿੰਘ)**- ਬਲਾਕ ਸੰਮਤੀ ਦੀ ਚੋਣ ਜਿੱਤਣ ਤੋਂ ਬਾਅਦ ਪ੍ਰਭਜੋਤ ਸਿੰਘ ਸੰਘਾ ਨੇ ਪਿੰਡ ਆਧੀ ਵਿਖੇ ਬਾਬਾ ਮੱਟ ਸਹਿਬ ਦੇ ਦਰਬਾਰ ਤੇ ਨਮਸਤਕ ਹੋਏ ਤੇ ਨਗਰ ਨਿਵਾਸੀਆਂ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ । ਪ੍ਰਭਜੋਤ ਨੇ ਨਗਰ ਨਿਵਾਸੀਆਂ ਦਾ ਧੰਨਵਾਦ ਕੀਤਾ ਤੇ ਕਿਹਾ ਮੈਂ ਸਦਾ ਨਗਰ ਦਾ ਰਿਣੀ ਰਹਾਗਾ ਜਿਨ੍ਹਾਂ ਨੇ ਮੈਨੂੰ ਵੋਟਾਂ ਪਾ ਕਿ ਕਾਮਯਾਬ ਕੀਤਾ। ਪਾਰਟੀ ਬਾਜੀ ਤੋਂ ਬਿਨਾਂ ਭੇਦ ਭਾਵ ਤੋਂ ਮੈਂ ਇਲਾਕੇ ਦੇ ਲੋਕਾਂ ਦਾ ਕੰਮ ਕਰਾਂਗਾ ਤੇ ਕਾਂਗਰਸ ਪਾਰਟੀ ਨੂੰ ਮਜ਼ਬੂਤ ਕਰਨ ਲਈ ਦਿਨ ਰਾਤ ਮਿਹਨਤ ਕਰਕੇ ਜਿਵੇਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਦੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਦੀਆਂ ਨੀਤੀਆਂ ਤੇ ਵੋਟ ਪਾ ਸਾਬਤ ਕਰ ਦਿੱਤਾ ਤੇ 2027 ਵਿਚ ਕਾਂਗਰਸ ਪਾਰਟੀ ਬਹੁਮਤ ਹਾਸਲ ਕਰਕੇ ਸਰਕਾਰ ਬਣਾਵੇਗੀ। ਉਨ੍ਹਾਂ ਕਿਹਾ ਕਿ ਪ੍ਰਮਾਤਮਾ ਦੇ ਸ਼ੁਕਰਾਨੇ ਲਈ ਗੁਰਦੁਆਰਾ ਬਾਬਾ ਮੱਟ ਸਹਿਬ ਵਿਖੇ 20 ਦਸੰਬਰ ਦਿਨ ਸ਼ਨੀਵਾਰ ਨੂੰ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਜਾਣਗੇ। ਇਸ ਮੌਕੇ ਤੇ ਬਲਾਕ ਸੰਮਤੀ ਮੈਂਬਰ ਪ੍ਰਭਜੋਤ ਸਿੰਘ ਸੰਘਾ , ਹਰਪ੍ਰੀਤ ਸਿੰਘ ਡਿਪਲ ਸਾਬਕਾ ਸਰਪੰਚ, ਲੰਬੜਦਾਰ ਬਲਜੀਤ ਸਿੰਘ ਨਾਹਰ, ਹਰਨੇਕ ਸਿੰਘ ਸਾਬਕਾ ਪੰਚ ਯਾਦਵਿੰਦਰ ਸਿੰਘ ਯਾਦੋਂ, ਆਸ਼ੂ ਪੰਡਿਤ, ਗੁਰਦੇਵ ਸਿੰਘ ਬਿੱਟੂ ਸੁਖਦੇਵ ਸਿੰਘ ਸੋਨਾ, ਸੁਖਜੀਤ ਸਿੰਘ ਸੁੱਖਾ, ਹਰਜਾਪ ਸਿੰਘ, ਅਮਨਦੀਪ ਸਿੰਘ, ਤੀਰਥ ਸਿੰਘ, ਜਸਵਿੰਦਰ ਸਿੰਘ ਮੱਧੂ,ਅਜੈਬ ਸਿੰਘ,ਅਕਾਸ਼ਦੀਪ ਸਿੰਘ, ਮਨਵੀਰ ਕੌਰ,ਰਾਜਵੀਦਰ ਹੋਰ, ਸੁਰਿੰਦਰ ਕੌਰ, ਨਰਿੰਦਰ ਕੌਰ, ਮਨਦੀਪ ਕੌਰ, ਕਮਲਜੀਤ ਕੌਰ, ਕਮਲਜੀਤ ਕੌਰ, ਗੁਰਸਿਮਰਤ ਸਿਮਰਤ ਕੋਰ, ਆਦਿ ਹੋਰ ਵੀ ਨਗਰ ਨਿਵਾਸੀਆਂ ਬਾਬਾ ਜੀ ਦੇ ਦਰਬਾਰ ਤੇ ਹਾਜ਼ਰ ਸਨ।

# ਨਵਜਾਤ ਬੱਚਿਆਂ ਨੂੰ ਮੈਡੀਕਲ ਸਹੂਲਤਾਂ ਤੋਂ ਵਾਂਝੇ ਨਹੀਂ ਰਹਿਣ ਦਿੱਤਾ ਜਾਵੇਗਾ : ਰਾਓ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੀ ਸਿਹਤ ਮੰਤਰੀ ਆਰਤੀ ਸਿੰਘ ਰਾਓ ਨੇ ਕਿਹਾ ਕਿ ਗਰੀਬ ਪਰਵਾਰਾਂ ਦੇ ਨਵਜਾਤ ਬੀਮਾਰ ਬੱਚਿਆਂ ਨੂੰ ਮੈਡੀਕਲ ਸਹੂਲਤਾਂ ਤੋਂ ਵਾਂਝੇ ਨਹੀਂ ਰਹਿਣ ਦਿੱਤਾ ਜਾਵੇਗਾ, ਸੂਬਾ ਸਰਕਾਰ ਰਾਜ ਦੇ ਹਰੇਕ ਬੱਚਿਆਂ ਤੋਂ ਲੈ ਕੇ ਬੁਜ਼ੁਰਗ ਤੱਕ ਸਿਹਤਮੰਦ ਰਖਣ ਲਈ ਯਤਨਸ਼ੀਲ ਹੈ।ਪੀ ਜੀ ਆਈ ਐੱਮ ਐੱਸ ਰੋਹਤਕ ਦੇ ਪੀਡਿਯਾਟ੍ਰਿਕ ਵਿਭਾਗ ਵਿੱਚ 28 ਬੈਡ ਦੀ ਨਿਯੋਨੇਟਲ ਆਈ ਸੀ ਯੂ ਦੀ ਸ਼ੁਰੂਆਤ ਹੋ ਗਈ ਹੈ। ਇਸ ਨਾਲ ਗਰੀਬ ਤਬਕੇ ਨੂੰ ਵਿਸ਼ੇਸ਼ ਲਾਭ ਹੋਵੇਗਾ।ਸਿਹਤ ਮੰਤਰੀ ਨੇ ਕਿਹਾ ਕਿ ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਜਿਨ੍ਹਾਂ ਬੱਚਿਆਂ ਦਾ ਪੀ ਜੀ ਆਈ ਐੱਮ ਐੱਸ ਤੋਂ ਬਾਹਰ ਜਨਮ ਹੁੰਦਾ ਹੈ ਅਤੇ ਕਿਸੇ ਬੀਮਾਰੀ ਕਾਰਨ ਉਨ੍ਹਾਂ ਨੂੰ ਆਈ ਸੀ ਯੂ ਦੀ ਲੋੜ ਪੈਂਦੀ ਸੀ ਤਾਂ ਇੱਥੇ ਆਈ ਸੀ ਯੂ ਨਾ ਹੋਣ ਕਾਰਨ ਨਵਜਾਤ ਬੱਚਿਆਂ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਬਹੁਤਾ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਕਈ ਸਾਲਾਂ ਤੋਂ ਰੋਹਤਕ ਪੀ ਜੀ ਆਈ ਐੱਮ ਐੱਸ ਵਿੱਚ ਬਾਹਰੀ ਨਵਜਾਤ ਬੱਚਿਆਂ ਲਈ ਆਈ ਸੀ ਯੂ ਦੀ ਘਾਟ ਮਹਿਸੂਸ ਕੀਤੀ ਜਾ ਰਹੀ ਸੀ।ਉਨ੍ਹਾਂ ਨੇ ਕਿਹਾ ਕਿ ਪੀ ਜੀ ਆਈ ਐੱਮ ਐੱਸ ਵਿੱਚ ਪੂਰੇ ਸੂਬੇ ਤੋਂ ਮਰੀਜ ਆਉਂਦੇ ਹਨ ਅਜਿਹੇ ਵਿੱਚ ਗਰੀਬ ਮਰੀਜਾਂ ਦੇ ਹਿਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸੂਬਾ ਸਰਕਾਰ ਵੱਲੋਂ ਆਧੁਨਿਕ ਸਹੂਲਤਾਂ ਨਾਲ ਲੈਸ ਆਈ ਸੀ ਯੂ ਤਿਆਰ ਕਰਵਾਇਆ ਗਿਆ ਹੈ। ਇਹ ਆਈ ਸੀ ਯੂ ਗੰਭੀਰ ਨਵਜਾਤ ਬੱਚਿਆਂ ਦੀ ਸੇਵਾ ਲਈ ਸੌਂਪ ਦਿੱਤਾ ਗਿਆ ਹੈ।

# ਮਨੁੱਖੀ ਜਾਮੇ ਨੂੰ ਨਾਮ ਸਿਮਰਨ ਕਰਕੇ ਸ.ਫਲ ਬਣਾਉਣਾ ਚਾਹੀਦਾ : ਬਾਬਾ ਸ਼ੇਰ ਸਿੰਘ

**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਕਈ ਜਨਮਾਂ ਬਾਅਦ ਮਿਲੇ ਇਸ ਮਨੁੱਖੀ ਜੀਵਨ ਵਿੱਚ ਰੋਜ਼ਾਨਾ ਸਤਿਗੁਰ ਦਾ ਨਾਮ ਸਿਮਰਨ ਕਰਕੇ ਇਸ ਨੂੰ ਸ.ਫਲ ਬਣਾਉਣਾ ਚਾਹੀਦਾ ਹੈ ਤਾਂ ਜੋ ਆਵਾਗਵਣ ਦੇ ਇਸ 84 ਲੱਖ ਦੇ ਗੇੜ ਵਿੱਚੋਂ ਹਮੇਸ਼ਾ ਲਈ ਛੁਟਕਾਰਾ ਮਿਲ ਸਕੇ। ਜੇਕਰ ਇਸ ਮਨੁੱਖੀ ਜੀਵਨ ਨੂੰ ਵਿਅਰਥ ਹੀ ਗਵਾ ਦਿੱਤਾ ਤਾਂ ਫਿਰ ਕਦੇ ਵੀ ਮੌਕਾ ਨਹੀਂ ਮਿਲਣਾ, ਇਸ ਲਈ ਹਰ ਰੋਜ਼ ਸਵੇਰੇ ਸ਼ਾਮ ਪ੍ਰਭੂ ਦਾ ਨਾਮ ਸਿਮਰਨ ਜ਼ਰੂਰ ਕਰਨਾ ਚਾਹੀਦਾ ਹੈ।ਉਪਰੋਕਤ ਸ਼ਬਦਾਂ ਦਾ ਪ੍ਰਗਟਾਵਾ ਸਾਬਿਰ ਪਾਕ ਸੱਚੀ ਦਰਗਾਹ ਅਤੇ ਦੂਜੇ ਕਲੀਅਰ ਸ਼ਰੀਫ ਅਹੀਆਪੁਰ ਵਿਖੇ ਜੇਠੇ ਵੀਰਵਾਰ ਨੂੰ ਸਜਾਏ ਗਏ ਦਰਬਾਰ 'ਚ ਹਾਜ਼ਰ ਸੰਗਤ ਨੂੰ ਗੁਰੂ ਚਰਨਾਂ ਨਾਲ ਜੋੜਦੇ ਹੋਏ ਦਰਗਾਹ ਦੇ ਮੁੱਖ ਸੇਵਾਦਾਰ ਬਾਬਾ ਸ਼ੇਰ ਸਿੰਘ ਘੋੜੀਆਂ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਕੀਤਾ। ਉਨਾਂ ਕਿਹਾ ਕਿ ਲੱਖਾਂ ਸਾਲਾਂ ਬਾਅਦ ਮਿਲੇ ਇਸ ਮਨੁੱਖੀ ਜਨਮ ਵਿੱਚ ਚੰਗੇ ਕਰਮ ਕਰਦੇ ਹੋਏ ਹਰ ਸਮੇਂ ਪ੍ਰਭੂ ਸਿਮਰਨ ਨਾਲ ਜੁੜੇ ਰਹਿਣਾ ਚਾਹੀਦਾ ਹੈ ਅਤੇ ਹਰ ਸਮੇਂ ਉਹ ਜਿਸ ਵੀ ਭਾਣੇ ਵਿੱਚ ਰੱਖੇ ਹਮੇਸ਼ਾ ਹੀ ਸਤਿਗੁਰ ਦਾ ਸ਼ੁਕਰਾਨਾ ਕਰਦੇ ਰਹਿਣਾ ਚਾਹੀਦਾ ਹੈ।ਸਾਰਾ ਦਿਨ ਬਾਬਾ ਜੀ ਦਾ ਅਤੁੱਟ ਲੰਗਰ ਵਰਤਾਇਆ ਗਿਆ। ਇਸ ਮੌਕੇ ਬੀਬੀ ਬਲਜੀਤ ਕੌਰ, ਸੇਵਾਦਾਰ ਮੀਰ ਕਮਲ ਸਾਬਰੀ, ਸ਼ਹਿਜ਼ਾਦਾ ਡਾਕਟਰ ਮੀਰ ਹਸਨ, ਦੇਵਿਕਾ, ਸੇਵਾਦਾਰ ਗੋਪੀ, ਅਮਨ ਸੈਣੀ, ਤਲਵਿੰਦਰ ਕੂੰਦਾ, ਉਂਕਾਰ ਸਿੰਘ, ਭਜਨ ਸੈਣੀ ਅਤੇ ਹੋਰ ਸੰਗਤ ਨੇ ਦਰਗਾਹ 'ਤੇ ਆਪਣੀ ਹਾਜ਼ਰੀ ਲਗਵਾਈ ।



# ਸਾਬਕਾ ਵਿਧਾਇਕ ਅੰਗਦ ਸਿੰਘ ਵੱਲੋਂ ਚੋਣਾਂ 'ਚ ਭਰਪੂਰ ਸਹਿਯੋਗ ਲਈ ਲੋਕਾਂ ਦਾ ਧੰਨਵਾਦ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਕਾਂਗਰਸ ਪਾਰਟੀ ਦੇ ਸਾਬਕਾ ਵਿਧਾਇਕ ਅੰਗਦ ਸਿੰਘ ਨੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਦੌਰਾਨ ਜ਼ਿਲ੍ਹੇ ਭਰ ਦੇ ਵੋਟਰਾਂ ਵੱਲੋਂ ਦਿੱਤੇ ਗਏ ਭਰਪੂਰ ਸਹਿਯੋਗ ਲਈ ਲੋਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਮਿਲੀ ਲੋਕ ਹਮਾਇਤ ਨੇ ਇਹ ਸਪੱਸ਼ਟ ਕਰ ਦਿੱਤਾ ਹੈ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ 'ਚ ਸਾਡੀ ਜਿੱਤ ਹੋਈ ਹੈ, ਆਪ ਦੀ ਸਰਕਾਰ ਵੱਲੋਂ ਲੋਕਾਂ ਨਾਲ ਕੀਤੇ ਗਏ ਵਾਅਦੇ ਪੂਰੇ ਨਹੀਂ ਕੀਤੇ ਗਏ, ਜਿਸ ਕਾਰਨ ਆਮ ਜਨਤਾ 'ਚ ਨਿਰਾਸ਼ਾ ਵਧੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਬੁਨਿਆਦੀ ਸਹੂਲਤਾਂ, ਰੋਜ਼ਗਾਰ, ਕਿਸਾਨੀ ਮਸਲੇ, ਨੌਜਵਾਨਾਂ ਦੇ ਭਵਿੱਖ ਅਤੇ ਪਿੰਡ ਪੱਧਰੀ ਵਿਕਾਸ ਵਰਗੇ ਮੁੱਦਿਆਂ 'ਤੇ ਸਰਕਾਰ ਨਾਕਾਮ ਰਹੀ ਹੈ। ਇਸੀ ਕਾਰਨ ਲੋਕਾਂ ਦਾ ਰੁਝਾਨ ਤੇ ਭਰੋਸਾ ਹੁਣ ਕਾਂਗਰਸ ਪਾਰਟੀ ਵੱਲ ਵਧਿਆ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਲੋਕਾਂ ਦੀ ਆਵਾਜ਼ ਬਣ ਕੇ ਖੜ੍ਹੀ ਰਹੀ ਹੈ ਅਤੇ ਅੱਗੇ ਵੀ ਪਿੰਡਾਂ, ਕਿਸਾਨਾਂ, ਮਜ਼ਦੂਰਾਂ ਅਤੇ ਨੌਜਵਾਨਾਂ ਦੇ ਹੱਕਾਂ ਲਈ ਸੰਘਰਸ਼ ਕਰਦੀ ਰਹੇਗੀ। ਕਾਗਰਸ ਪਾਰਟੀ ਦੇ ਸਾਬਕਾ ਵਿਧਾਇਕ ਅੰਗਦ ਸਿੰਘ ਨੇ ਪਾਰਟੀ ਦੇ ਵੋਟਰਾਂ ਤੇ ਸਪੋਰਟਰਾਂ ਦਾ ਤੈਅ ਦਿਲੋਂ ਧੰਨਵਾਦ ਕੀਤਾ ਜਿਨ੍ਹਾ ਨੇ ਦਿਨ ਰਾਤ ਮਿਹਨਤ ਕਰਕੇ ਪਾਰਟੀ ਦੀ ਜਿੱਤ ਨੂੰ ਯਕੀਨੀ ਬਣਾਇਆ । ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਭਾਰੀ ਲੀਡ ਨਾਲ ਜਿੱਤ ਹਾਸਲ ਕਰੇਗੀ।



# ਚੱਕ ਰਾਮੂੰ ਵਿਖੇ ਸਾਲਾਨਾ ਚੌਥਾ ਕਬੱਡੀ ਕੱਪ 20 ਤੇ 21 ਨੂੰ

**ਬੰਗਾ (ਅਵਤਾਰ ਕਲੇਰ)**- ਪਿੰਡ ਚੱਕ ਰਾਮੂੰ ਵਿਖੇ ਟੂਰਨਾਮੈਂਟ ਪ੍ਰਬੰਧਕ ਕਮੇਟੀ ਵੱਲੋਂ ਚਾਰ ਸਾਹਿਬਜ਼ਾਦਿਆਂ ਦੀ ਯਾਦ ਨੂੰ ਸਮਰਪਿਤ ਸਲਾਨਾ ਚੌਥਾ ਕਬੱਡੀ ਕੱਪ ਟੂਰਨਾਮੈਂਟ ਗ੍ਰਾਮ ਪੰਚਾਇਤ, ਐਨ ਆਰ ਆਈ ਵੀਰਾਂ, ਯੰਗ ਸਪੋਰਟਸ ਕਲੱਬ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 20 ਤੇ 21 ਦਸੰਬਰ ਨੂੰ ਸਰਕਾਰੀ ਹਾਈ ਸਕੂਲ ਚੱਕ ਰਾਮੂੰ ਦੀ ਗਰਾਊਂਡ ਵਿੱਚ ਕਰਵਾਇਆ ਜਾਵੇਗਾ। ਕਮੇਟੀ ਮੈਂਬਰ ਰਾਣਾ ਸਿੰਘ ਬੱਲ ਅਤੇ ਮਾਸਟਰ ਬਲਵਿੰਦਰ ਸਿੰਘ ਢਿੱਲੋਂ ਨੇ ਦੱਸਿਆ ਕਿ 20 ਦਸੰਬਰ ਨੂੰ ਆਲ ਓਪਨ ਦੀਆਂ 6 ਕਲੱਬਾਂ ਦੀਆਂ ਟੀਮਾਂ ਵਿਚਕਾਰ ਮੁਕਾਬਲੇ ਕਰਵਾਏ ਜਾਣਗੇ।ਪਹਿਲਾ ਇਨਾਮ 51000 ਰੁਪਏ ਨਕਦ ਤੇ ਟਰਾਫੀ ਅਤੇ ਦੂਜਾ ਇਨਾਮ 41000 ਰੁਪਏ ਤੇ ਟਰਾਫੀ ਦਿੱਤਾ ਜਾਵੇਗਾ। ਬੈਸਟ ਰੇਡਰ ਅਤੇ ਜਾਫੀ ਨੂੰ 21- 21 ਹਜ਼ਾਰ ਰੁਪਏ ਨਾਲ ਸਨਮਾਨਿਤ ਕੀਤਾ ਜਾਵੇਗਾ। 21 ਦਸੰਬਰ ਨੂੰ 6 ਇੰਟਰਨੈਸ਼ਨਲ ਕਲੱਬਾਂ ਜਿਨ੍ਹਾਂ 'ਚ ਵੇਅ ਆਫ ਪੈਲੰਟੀ ਨਿਊਜ਼ੀਲੈਂਡ, ਸ਼ਹੀਦ ਨੰਗਲ ਅੰਬੀਆਂ ਕਲੱਬ ਸ਼ਾਹਕੋਟ, ਗੁਰਦਾਸਪੁਰ ( ਗੋਰਭ ਚੀਮਾਂ), ਗੁਰਦੁਆਰਾ ਬੇਰ ਸਾਹਿਬ ਸੁਲਤਾਨਪੁਰ ਲੋਧੀ ਕਲੱਬ, ਐਨ ਆਰ ਆਈ ਕਲੱਬ ਨਕੋਦਰ, ਸ਼ਹੀਦ ਨੰਗਲ ਅੰਬੀਆਂ ਗੱਗੀ ਲੋਪੋ ਕਲੱਬ (ਮਾਲਵਾ) ਦੀਆਂ ਟੀਮਾਂ ਵਿਚਕਾਰ ਫਸਵੇਂ ਮੁਕਾਬਲੇ ਹੋਣਗੇ। ਪਹਿਲਾ ਇਨਾਮ 151000 ਰੁਪਏ ਤੇ ਟਰਾਫੀ ਅਤੇ ਦੂਜਾ ਇਨਾਮ 125000 ਰੁਪਏ ਤੇ ਟਰਾਫੀ ਦਿੱਤਾ ਜਾਵੇਗਾ। ਬੈਸਟ ਰੇਡਰ ਤੇ ਜਾਫੀ ਨੂੰ ਮੋਟਰਸਾਈਕਲਾਂ ਨਾਲ ਸਨਮਾਨਿਤ ਕੀਤਾ ਜਾਵੇਗਾ। ਸੰਤ ਸੁਆਮੀ ਪਰਮੇਸ਼ਵਰਾ ਨੰਦ ਡੇਰਾ ਧੂਰਕੋਟ (ਬਰਨਾਲਾ) ਸੰਤ ਕੁਟੀਆ ਚੱਕ ਰਾਮੂੰ, ਮੁੱਖ ਮਹਿਮਾਨ ਡਾ. ਸੁਖਵਿੰਦਰ ਕੁਮਾਰ ਸੁੱਖੀ ਹਲਕਾ ਵਿਧਾਇਕ ਬੰਗਾ ਖਿਡਾਰੀਆਂ ਨੂੰ ਆਸ਼ੀਰਵਾਦ ਦੇਣ ਲਈ ਵਿਸ਼ੇਸ਼ ਤੌਰ 'ਤੇ ਪਹੁੰਚਣਗੇ। ਉਨ੍ਹਾਂ ਦੱਸਿਆ ਕਿ ਦਰਸ਼ਕਾਂ ਲਈ ਦੋਵੇਂ ਦਿਨ ਐਲ ਸੀ ਡੀ ਅਤੇ ਸਾਇਕਲਾਂ ਦੇ ਲੱਕੀ ਡਰਾਅ ਕੱਢੇ ਜਾਣਗੇ। ਇਸ ਮੌਕੇ ਪ੍ਰਬੰਧਕ ਕਮੇਟੀ ਮੈਂਬਰ ਅਤੇ ਸਮੂਹ ਨਗਰ ਨਿਵਾਸੀ ਹਾਜ਼ਰ ਸਨ।

# ਸਾਲਾਨਾ ਭੰਡਾਰਾ ਭਲਕੇ



**ਭਲਾਣ (ਹਰਭਜਨ ਸਿੰਘ ਢਿੱਲੋਂ)**- ਨੇੜਲੇ ਕਸਬਾ ਮੋਜੋਵਾਲ ਵਿਖੇ 20 ਦਸੰਬਰ ਨੂੰ ਹੋ ਰਹੇ ਬਾਬਾ ਸਿੱਧ ਚਾਨਣ ਜੀ ਦਾ 30ਵਾਂ ਸਲਾਨਾ ਭੰਡਾਰਾ ਸਮਾਗਮ ਵਿਧੀ ਪੂਰਵਕ ਪੂਜਾ ਹਵਨ ਕਰਨ ਉਪਰੰਤ ਸ਼ੁਰੂ ਕਰਵਾਇਆ ਗਿਆ। ਇਸ ਮੌਕੇ ਪਿੰਡਾਂ ਵਿੱਚੋਂ ਸ਼ੋਭਾ ਯਾਤਰਾ ਕੱਢੀ ਗਈ । ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਇਲਾਕੇ ਦੀ ਸੁੱਖ ਸ਼ਾਂਤੀ ਲਈ ਹਰ ਸਾਲ ਬਾਬਾ ਸਿੱਧ ਚਾਨਣ ਜੀ ਦਾ ਭੰਡਾਰਾ ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ 20 ਦਸੰਬਰ ਨੂੰ ਝੰਡਾ ਚੜ੍ਹਾਉਣ ਦੀ ਰਸਮ ਉਪਰੰਤ ਹਰ ਸਾਲ ਦੀ ਤਰ੍ਹਾਂ ਭੰਡਾਰਾ ਅਟੁੱਟ ਵਰਤਾਇਆ ਜਾਵੇਗਾ। ਇਸ ਮੌਕੇ ਕਮੇਟੀ ਦੇ ਸਮੁੱਚੇ ਮੈਂਬਰ ਅਤੇ ਹਲਕੇ ਦੇ ਮੋਹਤਵਾਰ ਪਤਵੰਤੇ ਹਾਜ਼ਰ ਸਨ।



ਬਲਾਕ ਸ਼ਾਹਕੋਟ ਦੇ ਜ਼ੋਨ ਨੰਬਰ ਚਾਰ (ਸਾਹਲਾ ਨਗਰ) ਤੋਂ ਕਾਂਗਰਸ ਪਾਰਟੀ ਦੇ ਜੇਤੂ ਉਮੀਦਵਾਰ ਗੀਤਾ ਆਰ ਓ ਮਨਦੀਪ ਸਿੰਘ ਅਤੇ ਏ ਆਰ ਓ ਵਿਕਰਮ ਸਿੰਘ ਪਾਸੋਂ ਸਰਟੀਫਿਕੇਟ ਪ੍ਰਾਪਤ ਕਰਦੇ ਹੋਏ। ਇਸ ਮੌਕੇ ਜਸਵੀਰ ਸਿੰਘ ਸ਼ੀਰਾ ਸਾਬਕਾ ਸਰਪੰਚ ਸਾਹਲਾ ਨਗਰ, ਕੁਲਵੀਰ ਸਿੰਘ,ਬੰਟੀ ਬਠਲਾ ਅਤੇ ਅਮਨਦੀਪ ਸੈਦਪੁਰੀ ਹਾਜ਼ਰ ਸਨ।
(ਫੋਟੋ ਤੇ ਵੇਰਵਾ : ਗਿਆਨ ਸੈਦਪੁਰੀ, ਸ਼ਾਹਕੋਟ)



ਬਲਾਕ ਸ਼ਾਹਕੋਟ ਦੇ ਜੋਨ ਨੰਬਰ ਤਿੰਨ (ਮੱਲੀਵਾਲ) ਤੋਂ ਕਾਂਗਰਸ ਪਾਰਟੀ ਦੇ ਜੇਤੂ ਉਮੀਦਵਾਰ ਹਰਦੀਪ ਕੌਰ ਆਰ ਓ ਮਨਦੀਪ ਸਿੰਘ ਅਤੇ ਏ ਆਰ ਓ ਵਿਕਰਮ ਸਿੰਘ ਪਾਸੋਂ ਸਰਟੀਫਿਕੇਟ ਪ੍ਰਾਪਤ ਕਰਦੇ ਹੋਏ। ਇਸ ਮੌਕੇ ਅਰਸ਼ਦੀਪ ਸਿੰਘ ਮਲਸੀਆਂ, ਅਮਨਦੀਪ ਸੈਦਪੁਰੀ, ਬੰਟੀ ਬੱਠਲਾ ਅਤੇ ਨਾਇਬ ਸਿੰਘ ਬਾਜਵਾ ਕਲਾਂ ਮੌਜੂਦ ਸਨ।
(ਫੋਟੋ ਤੇ ਵੇਰਵਾ : ਗਿਆਨ ਸੈਦਪੁਰੀ, ਸ਼ਾਹਕੋਟ)

# ਈ ਡੀ ਨੇ ਟ੍ਰੈਵਲ ਏਜੰਟ ਰਿਚੀ ਦੇ ਦਫ਼ਤਰ ਤੇ ਘਰ 'ਤੇ ਛਾਪਾ ਮਾਰਿਆ

**ਜਲੰਧਰ (ਸੁਰਿੰਦਰ ਕੁਮਾਰ)**-ਈ ਡੀ ਦੀ ਟੀਮ ਨੇ ਜਲੰਧਰ, ਹਰਿਆਣਾ ਅਤੇ ਦਿੱਲੀ ਵਿੱਚ 13 ਵਪਾਰਕ ਅਤੇ ਰਿਹਾਇਸ਼ੀ ਥਾਵਾਂ 'ਤੇ ਛਾਪੇਮਾਰੀ ਕੀਤੀ। ਈ ਡੀ ਨੇ ਰਿਚੀ ਟ੍ਰੈਵਲ ਏਜੰਟ ਦੇ ਦਫ਼ਤਰ 'ਤੇ ਵੀ ਛਾਪਾ ਮਾਰਿਆ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਰਿਚੀ ਟ੍ਰੈਵਲ ਦੇ ਮਾਲਕ ਦੇ ਜਸਵੰਤ ਨਗਰ ਦੇ ਘਰ 'ਤੇ ਵੀ ਛਾਪਾ ਮਾਰਿਆ ਗਿਆ। ਈ ਡੀ ਦੀ ਇਹ ਕਾਰਵਾਈ ਡੌਂਕੀ ਰੂਟ 'ਤੇ ਕੰਮ ਕਰਨ ਵਾਲੇ ਟ੍ਰੈਵਲ ਏਜੰਟਾਂ ਵਿਰੁੱਧ ਕੀਤੀ ਜਾ ਰਹੀ ਹੈ ਕਿਉਂਕਿ ਹਾਲ ਹੀ ਵਿੱਚ ਕਈ ਭਾਰਤੀਆਂ ਨੂੰ ਅਮਰੀਕਾ ਤੋਂ ਡਿਪੋਰਟ ਕੀਤਾ ਗਿਆ ਸੀ। ਸੂਤਰਾਂ ਅਨੁਸਾਰ, ਰਿਚੀ ਟ੍ਰੈਵਲਜ਼ ਦੇ ਨਾਲ ਤਰੁਣ ਖੋਸਲਾ (ਦਿੱਲੀ) ਅਤੇ ਬਲਵਾਨ ਸ਼ਰਮਾ (ਪਾਣੀਪਤ) 'ਤੇ ਵੀ ਛਾਪੇਮਾਰੀ ਕੀਤੀ ਜਾ ਰਹੀ ਹੈ।ਐੱਫ ਆਈ ਆਰ ਦੇ ਆਧਾਰ 'ਤੇ ਜਾਂਚ ਸ਼ੁਰੂ ਕੀਤੀ ਗਈ। ਦੱਸਿਆ ਜਾਂਦਾ ਹੈ ਕਿ ਈਡੀ ਦੀ ਟੀਮ ਨੇ ਫਰਵਰੀ 2025 ਵਿੱਚ ਅਮਰੀਕਾ ਤੋਂ 330 ਭਾਰਤੀਆਂ ਨੂੰ ਡਿਪੋਰਟ ਕਰਨ ਤੋਂ ਬਾਅਦ ਦਰਜ ਐੱਫ ਆਈ ਆਰ ਦੇ ਆਧਾਰ 'ਤੇ ਇਹ ਜਾਂਚ ਸ਼ੁਰੂ ਕੀਤੀ ਸੀ। ਇਨ੍ਹਾਂ ਭਾਰਤੀਆਂ ਨੂੰ ਅਮਰੀਕੀ ਫੌਜੀ ਕਾਰਗੋ ਜਹਾਜ਼ਾਂ ਰਾਹੀਂ ਵਾਪਸ ਭੇਜਿਆ ਗਿਆ ਸੀ। ਜਾਂਚ ਵਿੱਚ ਖੁਲਾਸਾ ਹੋਇਆ ਕਿ ਇਨ੍ਹਾਂ ਵਿਅਕਤੀਆਂ ਨੂੰ ਡੌਂਕੀ ਰੂਟ ਰਾਹੀਂ ਗੈਰ-ਕਾਨੂੰਨੀ ਤੌਰ 'ਤੇ ਅਮਰੀਕਾ ਭੇਜਿਆ ਗਿਆ ਸੀ।




# ਪੱਲੀਝਿੱਕੀ ਨੇ ਵੋਟਰਾਂ ਤੇ ਸਪੋਰਟਰਾਂ ਦਾ ਕੀਤਾ ਧੰਨਵਾਦ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਕਾਂਗਰਸ ਪਾਰਟੀ ਸਾਬਕਾ ਹਲਕਾ ਇੰਚਾਰਜ ਤੇ ਸਾਬਕਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸ਼ਹੀਦ ਭਗਤ ਸਿੰਘ ਨਗਰ ਸਤਵੀਰ ਸਿੰਘ ਪੱਲੀਝਿੱਕੀ ਨੇ ਪਾਰਟੀ ਦੇ ਵੋਟਰਾਂ ਤੇ ਸਪੋਰਟਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਿਨ੍ਹਾ ਨੇ ਦਿਨ ਰਾਤ ਮਿਹਨਤ ਕਰਕੇ ਪਾਰਟੀ ਦੀ ਜਿੱਤ ਨੂੰ ਯਕੀਨੀ ਬਣਾਇਆ। ਉਨ੍ਹਾਂ ਕਿਹਾ ਕਿ ਲੋਕ ਆਮ ਆਦਮੀ ਪਾਰਟੀ ਦੀਆਂ ਮਾਰੂ ਨੀਤੀਆਂ ਤੋਂ ਖਾਸੇ ਤੰਗ ਆ ਚੁੱਕੇ ਹਨ ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਕਾਰਜਕਾਲ ਦੌਰਾਨ ਲੋਕ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰ ਰਹੇ ਹਨ । ਇਸ ਲਏ ਲੋਕ ਇਸ ਪਾਰਟੀ ਨੂੰ ਚੱਲਦਾ ਕਰਨ ਲਈ ਮੰਨ ਬਣਾਈ ਬੈਠੇ ਹਨ। ਪੱਲੀਝਿੱਕੀ ਨੇ ਕਿਹਾ ਕਿ ਕਾਂਗਰਸੀ ਵੋਟਰਾਂ, ਵਰਕਰਾਂ ਅਤੇ ਆਗੂ ਸਾਹਿਬਾਨ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਕਿਹਾ ਕਿ ਜ਼ਮੀਨੀ ਪੱਧਰ 'ਤੇ ਪਾਰਟੀ ਵਰਕਰਾਂ ਨੇ ਇਕਜੁੱਟ ਹੋ ਕੇ ਮਿਹਨਤ ਕੀਤੀ, ਜਿਸ ਦਾ ਨਤੀਜਾ ਚੋਣਾਂ 'ਚ ਲੋਕ ਹਮਾਇਤ ਦੇ ਰੂਪ 'ਚ ਸਾਹਮਣੇ ਆ ਰਿਹਾ ਹੈ। ਇਹ ਸਹਿਯੋਗ ਕਾਂਗਰਸ ਪਾਰਟੀ ਲਈ ਨਵੀਂ ਤਾਕਤ ਅਤੇ ਜ਼ਿੰਮੇਵਾਰੀ ਦੋਵੇਂ ਹੈ, ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਭਾਰੀ ਲੀਡ ਨੇ ਜਿੱਤ ਹਾਸਲ ਕਰੇਗੀ।

# ਅਕਾਦਮਿਕ ਸਿੱਖਿਆ ਦੇ 150 ਸਾਲਾਂ ਦਾ ਸ਼ਾਨਦਾਰ ਜਸ਼ਨ ਭਲਕੇ

**ਜਲੰਧਰ (ਸ਼ੈਲੀ ਐਲਬਰਟ)**- ਸਰਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਲਾਡੋਵਾਲੀ ਰੋਡ ਜਲੰਧਰ ਦੀ ਸਾਬਕਾ ਵਿਦਿਆਰਥੀ ਐਸੋਸੀਏਸ਼ਨ ਵੱਲੋਂ ਇੱਕ ਇਤਿਹਾਸਕ ਮੀਲ ਪੱਥਰ ਮਨਾਇਆ ਜਾ ਰਿਹਾ ਹੈ। ਇਹ ਪ੍ਰਸਿੱਧ ਸਿੱਖਿਆ ਸੰਸਥਾ ਆਪਣੀ ਅਕਾਦਮਿਕ ਸ਼ਾਨਦਾਰਤਾ ਦੇ 150 ਗੌਰਵਮਈ ਸਾਲ ਪੂਰੇ ਕਰ ਰਹੀ ਹੈ। ਇਸ ਮੌਕੇ ਵੱਡਾ ਸਮਾਰੋਹ 20 ਦਸੰਬਰ ਨੂੰ ਸਵੇਰੇ 10:00 ਵਜੇ ਤੋਂ ਦੁਪਹਿਰ 2:00 ਵਜੇ ਤੱਕ ਸਕੂਲ ਕੈਂਪਸ ਵਿੱਚ ਆਯੋਜਿਤ ਕੀਤਾ ਜਾਵੇਗਾ।ਸਾਬਕਾ ਵਿਦਿਆਰਥੀ ਐਸੋਸੀਏਸ਼ਨ ਦੇ ਪ੍ਰਧਾਨ ਡਾ. ਐਸ.ਪੀ.ਐਸ. ਗਰੋਵਰ ਨੇ ਦੱਸਿਆ ਕਿ ਇਹ ਸਮਾਰੋਹ 'ਸਕੂਲ ਆਫ਼ ਐਮੀਨੈਂਸ' ਦੇ 150 ਸਾਲਾਂ ਦੀ ਸ਼ਾਨਦਾਰ ਯਾਤਰਾ ਦਾ ਪ੍ਰਤੀਕ ਹੈ। ਇਸ ਸਮਾਰੋਹ ਦੀ ਸ਼ੋਭਾ ਜਲੰਧਰ ਦੇ ਮੇਅਰ ਵਨੀਤ ਧੀਰ ਮੁੱਖ ਮਹਿਮਾਨ ਵਜੋਂ ਵਧਾਉਣਗੇ, ਜਦਕਿ ਜਲੰਧਰ ਸੈਂਟਰਲ ਦੇ ਹਲਕਾ ਇੰਚਾਰਜ ਨਿਤਿਨ ਕੋਹਲੀ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਲ ਹੋਣਗੇ। ਇਸ ਤੋਂ ਇਲਾਵਾ ਅਜੀਤ ਗਰੁੱਪ ਆਫ਼ ਨਿਊਜ਼ ਪੇਪਰਜ਼ ਦੇ ਮੁੱਖ ਸੰਪਾਦਕ ਅਤੇ ਸਾਬਕਾ ਰਾਜ ਸਭਾ ਮੈਂਬਰ ਡਾ. ਬਰਜਿੰਦਰ ਸਿੰਘ ਹਮਦਰਦ ਵੀ ਵਿਸ਼ੇਸ਼ ਮਹਿਮਾਨ ਵਜੋਂ ਸਮਾਰੋਹ ਦੀ ਰੌਣਕ ਵਧਾਉਣਗੇ।ਇਸ ਜਸ਼ਨ ਦਾ ਇੱਕ ਖਾਸ ਆਕਰਸ਼ਣ ਸੀਟੀ ਗਰੁੱਪ ਆਫ਼ ਇੰਸਟੀਟਿਊਸ਼ਨਜ਼ ਦੇ ਚੇਅਰਮੈਨ ਅਤੇ ਇਸ ਸਕੂਲ ਦੇ ਗੌਰਵਮਈ ਪੁਰਾਣੇ ਵਿਦਿਆਰਥੀ ਚਰਨਜੀਤ ਸਿੰਘ ਚੰਨੀ ਦੀ ਹਾਜ਼ਰੀ ਹੋਵੇਗੀ।ਆਪਣੇ ਭਾਵ ਪ੍ਰਗਟ ਕਰਦੇ ਹੋਏ ਚੰਨੀ ਨੇ ਕਿਹਾ, ਇਸ ਸੰਸਥਾ ਨੇ ਮੇਰੇ ਜੀਵਨ ਦੇ ਮੁੱਲਾਂ ਅਤੇ ਸੋਚ ਦੀ ਨੀਂਹ ਰੱਖੀ। ਇੱਕ ਪੁਰਾਣੇ ਵਿਦਿਆਰਥੀ ਵਜੋਂ ਇਸ ਪ੍ਰਤਿਸ਼ਠਤ ਸਕੂਲ ਦੀ 150 ਸਾਲਾਂ ਦੀ ਯਾਤਰਾ ਨਾਲ ਜੁੜਨਾ ਮੇਰੇ ਲਈ ਵੱਡਾ ਮਾਣ ਹੈ। ਇਹ ਜਸ਼ਨ ਉਹਨਾਂ ਅਧਿਆਪਕਾਂ ਨੂੰ ਸ਼ਰਧਾਂਜਲੀ ਹੈ ਜਿਨ੍ਹਾਂ ਨੇ ਸਾਨੂੰ ਸੰਵਾਰਿਆ ਅਤੇ ਉਹਨਾਂ ਪੀੜ੍ਹੀਆਂ ਨੂੰ ਸਨਮਾਨ ਹੈ ਜਿਨ੍ਹਾਂ ਨੇ ਸਕੂਲ ਦਾ ਨਾਂਅ ਸ਼ਾਨੋ-ਸ਼ੌਕਤ ਨਾਲ ਉੱਚਾ ਕੀਤਾ। ਇਸ ਮੌਕੇ ਡਾ. ਐਸ.ਪੀ.ਐਸ. ਗਰੋਵਰ ਨੇ ਕਿਹਾ, 150 ਸਾਲ ਪੂਰੇ ਹੋਣਾ ਸਿਰਫ਼ ਇੱਕ ਮੀਲ ਪੱਥਰ ਨਹੀਂ, ਸਗੋਂ ਸ਼ਾਨਦਾਰਤਾ, ਸਮਰਪਣ ਅਤੇ ਇਸ ਸੰਸਥਾ ਦੀ ਅਟੱਲ ਆਤਮਾ ਦਾ ਜਸ਼ਨ ਹੈ।



19 Dec Page 9.qxd 12/18/2025 10:52 PM Page 1



# ਮਨਰੇਗਾ ਲੇਬਰ ਮੂਵਮੈਂਟ ਵੱਲੋਂ ਰੋਸ ਮੁਜ਼ਾਹਰਾ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**

ਮਨਰੇਗਾ ਲੇਬਰ ਮੂਵਮੈਂਟ ਵਲੋਂ ਮਲ ਮਜਾਰਾ ਵਿਖੇ ਮਨਰੇਗਾ ਵਰਕਰ ਵਲੋਂ ਕੇਂਦਰ ਸਰਕਾਰ ਦੀ 150 ਦਿਨਾਂ ਦਾ ਕੰਮ ਦੇਣ ਅਤੇ ਘੱਟੋ ਘੱਟ ਉਜਰਤ ਨੂੰ ਲਾਗੂ ਕਰਨ ਦੀ ਥਾਂ ਮਨਰੇਗਾ ਦਾ ਨਾਂਅ ਬਦਲੀ ਕਰਨ ਨੂੰ ਲੈ ਕੇ ਮੂਵਮੈਂਟ ਵਲੋਂ



ਪ੍ਰਧਾਨ ਜੈ ਗੋਪਾਲ ਧੀਮਾਨ ਦੀ ਅਗਵਾਈ ਵਿੱਚ ਰੋਸ ਮੁਜਾਹਰਾ ਕੀਤਾ ਗਿਆ ਤੇ ਕਿਹਾ ਕਿ ਨਾਂਅ ਬਦਲੀ ਕਰਨ ਨਾਲ ਪ੍ਰੇਦਸ਼ ਸਰਕਾਰਾਂ ਤੇ ਕੇਂਦਰ ਸਰਕਾਰ ਉਤੇ ਜਿਥੇ ਵਾਧੂ ਆਰਥਿਕ ਬੋਝ ਵਧਿਆ ਹੈ ਅਤੇ ਨਾਲ ਹੀ ਸਾਰਾ ਰਿਕਾਰਡ ਹੇਠਾਂ ਤੋਂ ਲੈ ਕੇ ਉਪਰ ਤੱਕ ਬਦਲੀ ਕਰਨਾ ਪਵੇਗਾ।ਅਜਿਹਾ ਕਰਨ ਨਾਲ ਮਹਾਤਮਾ ਗਾਂਧ ਦਾ ਨਿਰਾਦਰ ਵੀ ਕੀਤਾ ਗਿਆ ਹੈ।ਦੂਸਰੇ ਪਾਸੇ ਜਦੋਂ ਕਿ ਮਨਰੇਗਾ ਦਾ ਸਾਰਾ ਖਰਚਾ ਕੇਂਦਰ ਸਰਕਾਰ ਕਰਦੀ ਸੀ ਤੇ ਹੁਣ ਪ੍ਰਦੇਸ਼ ਸਰਕਾਰਾਂ ਉਤੇ 40% ਦਾ ਭਾਰ ਪਵੇਗਾ ਤੇ ਪ੍ਰਦੇਸ਼ ਸਰਕਾਰਾਂ ਤਾ ਪਹਿਲਾਂ ਹੀ ਕਰਜੇ ਦੀ ਹਾਲਤ ਵਿਚ ਹਨ।ਉਨ੍ਹਾਂ ਕਿਹਾ ਕਿ ਅਸਲ ਵਿਚ ਕੇਂਦਰ ਸਰਕਾਰ ਮਨਰੇਗਾ ਐਕਟ ਦੇ ਅਸਲ ਨਿਸ਼ਾਨੇ ਨੂੰ ਕਮਜ਼ੋਰ ਕਰਕੇ ਮਨਰੇਗਾ ਨੂੰ ਖਤਮ ਕਰਨ ਵੱਲ ਤੁਰੀ ਹੋਈ ਹੈ।ਮਨਰੇਗਾ ਵਰਕਰਾਂ ਨੂੰ 150 ਦਿਨਾਂ ਦਾ ਬਿਨ੍ਹਾਂ ਕਿਸੇ ਸਿਫਾਰਸ਼ ਅਤੇ ਬਿਨ੍ਹਾਂ ਭੇਦ ਭਾਵ ਤੋਂ ਗਰੰਟੀ ਕੰਮ ਦੇਣਾ ਚਾਹੀਦਾ ਹੈ ਅਤੇ ਮਨਰੇਗਾ ਦੇ ਕੰਮਾਂ ਵਿਚ ਭ੍ਰਿਸ਼ਟਾਚਾਰ ਖਤਮ ਕਰਕੇ ਪਾਰਦਰਸ਼ਤਾ ਪੈਦਾ ਕਰਨੀ ਚਾਹੀਦੀ ਹੈ।ਉਨ੍ਹਾਂ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰਾਂ ਮਨਰੇਗਾ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਖਤਮ ਨਹੀਂ ਕਰਨਾ ਚਾਹੁੰਦੀਆਂ ਤੇ ਉਲਟਾ ਇਸਦਾ ਰਾਜਨੀਤੀਵਾਨ ਅਤੇ ਉਚ ਅਧਿਕਾਰੀ ਅਪਣੀਆਂ ਜੇਬਾਂ ਭਰਨ ਵਿਚ ਲੱਗੇ ਹੋਏ ਹਨ।ਜੇਕਰ ਮਨਰੇਗਾ ਐਕਟ ਲਾਗੂ ਹੁੰਦਾ ਹੈ ਤਾਂ ਗਰੀਬ ਪਰਵਾਰਾਂ ਨੂੰ ਗਰੀਬੀ ਵਿਚੋਂ ਬਾਹਰ ਨਿਕਲਣ ਲਈ ਅਨੇਕਾਂ ਮੌਕੇ ਮਿਲਣੇ ਸਨ ਤੇ ਮੁਫਤ ਵਾਲੀਆਂ ਸਕੀਮਾਂ ਦੀ ਜ਼ਰੂਰਤ ਨਹੀਂ ਸੀ ਪੈਣੀ ਅਤੇ ਪਿੰਡਾਂ ਦਾ ਵਿਕਾਸ ਵੀ ਵੇਖਣ ਨੂੰ ਮਿਲਣਾ ਸੀ।

# ਸਾਂਝੇ ਮੋਰਚੇ ਵੱਲੋਂ ਮਨਰੇਗਾ 'ਚ ਤਬਦੀਲੀ ਮਜ਼ਦੂਰਾਂ ਦੇ ਚੁੱਲ੍ਹੇ ਠੰਢੇ ਕਰਨ ਦੀ ਸਾਜ਼ਿਸ਼ ਕਰਾਰ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਨੇ ਕੇਂਦਰ ਸਰਕਾਰ ਵੱਲੋਂ ਮਨਰੇਗਾ ਦਾ ਸਿਰਫ ਨਾਂਅ ਹੀ ਨਹੀਂ ਬਦਲਿਆ ਗਿਆ ਸਗੋਂ ਇਸ ਵਿੱਚ ਕੀਤੀਆਂ ਮਜ਼ਦੂਰ ਮਾਰੂ ਸੋਧਾਂ ਨੂੰ ਇਸ ਸਕੀਮ ਤਹਿਤ ਮਜ਼ਦੂਰ ਵਰਗ ਨੂੰ ਮਿਲਦਾ ਨਾ ਮਾਤਰ ਰੁਜ਼ਗਾਰ ਖੋਹ ਕੇ ਕਿਰਤੀ ਲੋਕਾਂ ਦੇ ਚੁੱਲ੍ਹੇ ਠੰਢੇ ਕਰਨ ਦੀ ਸਾਜ਼ਿਸ਼ ਕਰਾਰ ਦਿੱਤਾ।ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਆਗੂਆਂ ਦੇਵੀ ਕੁਮਾਰੀ ਸਰਹਾਲੀ ਕਲਾਂ,ਦਰਸ਼ਨ ਨਾਹਰ, ਤਰਸੇਮ ਪੀਟਰ,ਲਛਮਣ ਸਿੰਘ ਸੇਵੇਵਾਲਾ, ਗੁਰਮੇਸ਼ ਸਿੰਘ,ਲਖਵੀਰ ਸਿੰਘ ਲੌਂਗੋਵਾਲ, ਮੁਕੇਸ਼ ਮਲੌਦ ਤੇ ਗੋਬਿੰਦ ਸਿੰਘ ਛਾਜਲੀ ਵੱਲੋਂ ਜਾਰੀ ਕੀਤੇ ਬਿਆਨ ਰਾਹੀਂ ਆਖਿਆ ਹੈ ਕਿ ਹਰੀ ਕ੍ਰਾਂਤੀ ਅਤੇ ਨਿੱਜੀਕਰਨ ਦੀਆਂ ਨੀਤੀਆਂ ਤਹਿਤ ਅਥਾਹ ਬੇਰੁਜ਼ਗਾਰੀ ਦਾ ਸੰਤਾਪ ਹੰਢਾਉਂਦੇ ਪੇਂਡੂ ਤੇ ਖੇਤ ਮਜ਼ਦੂਰਾਂ ਨੂੰ ਮਨਰੇਗਾ ਤਹਿਤ ਪਹਿਲਾਂ ਹੀ ਨਿਗੂਣਾ ਰੁਜ਼ਗਾਰ ਦਿੱਤਾ ਜਾ ਰਿਹਾ ਸੀ ਪਰ ਹੁਣ ਮੋਦੀ ਸਰਕਾਰ ਇਸ ਸਕੀਮ'ਤੇ ਹੋਣ ਵਾਲੇ ਖਰਚੇ ਦਾ ਕੇਂਦਰ ਸਰਕਾਰ ਦੁਆਰਾ ਪਾਇਆ ਜਾਂਦਾ 90 ਫੀਸਦੀ ਬਜਟ ਹਿੱਸਾ ਘਟਾਕੇ 60 ਫੀਸਦੀ ਕਰਨ ਅਤੇ ਸੂਬਾ ਸਰਕਾਰਾਂ ਵੱਲੋਂ 40 ਫੀਸਦੀ ਹਿੱਸਾ ਪਾਉਣ ਦੀ ਸ਼ਰਤ ਲਾ ਕੇ ਇਸ ਸਕੀਮ ਦਾ ਭੋਗ ਪਾਉਣ ਜਾ ਰਹੀ ਹੈ। ਉਹਨਾਂ ਆਖਿਆ ਕਿ ਇੱਕ ਤਾਂ ਪਹਿਲਾਂ ਹੀ ਕੇਂਦਰ ਦੇ ਮੁਕਾਬਲੇ ਸੂਬਿਆਂ ਦੀ ਮਾਲੀ ਹਾਲਤ ਪਤਲੀ ਹੈ ਅਤੇ ਦੂਜਾ ਕੇਂਦਰ ਤੇ ਸੂਬਾਈ ਸਰਕਾਰਾਂ ਵੱਲੋਂ ਇੱਕ ਦੂਜੇ 'ਤੇ ਬਜਟ ਨਾ ਜੁਟਾਉਣ ਦੇ ਦੋਸ਼ ਮੜ੍ਹਕੇ ਮਜ਼ਦੂਰਾਂ ਦੇ ਰੁਜ਼ਗਾਰ ਨੂੰ ਹੋਰ ਵੀ ਖੋਰਾ ਲਾਇਆ ਜਾਵੇਗਾ। ਉਹਨਾਂ ਦੋਸ਼ ਲਾਇਆ ਕਿ ਕੇਂਦਰ ਸਰਕਾਰ ਵੱਲੋਂ ਵਰਲਡ ਬੈਂਕ ਤੇ ਕੌਮਾਂਤਰੀ ਮੁਦਰਾ ਕੋਸ਼ ਵਰਗੀਆਂ ਸਾਮਰਾਜੀ ਸੰਸਥਾਵਾਂ ਦੁਆਰਾ ਲੋਕ ਭਲਾਈ ਯੋਜਨਾਵਾਂ 'ਤੇ ਖ਼ਰਚੇ ਜਾਂਦੇ ਬਜਟਾਂ ਨੂੰ ਛਾਂਗਣ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਹੀ ਇਹ ਕਦਮ ਚੁੱਕਿਆ ਗਿਆ ਹੈ। ਮਜ਼ਦੂਰ ਆਗੂਆਂ ਨੇ ਆਖਿਆ ਕਿ ਖੇਤੀ ਸੀਜ਼ਨ ਦੌਰਾਨ ਦੋ ਮਹੀਨੇ ਮਨਰੇਗਾ ਦਾ ਕੰਮ ਬੰਦ ਰੱਖਣ ਦੀ ਹਦਾਇਤ ਵੀ ਇਸ ਸਕੀਮ ਤੋਂ ਪੱਲਾ ਝਾੜਨ ਤੇ ਜਗੀਰਦਾਰਾਂ ਨੂੰ ਸਸਤੇ ਮੁੱਲ ਤੇ ਕਿਰਤ ਸ਼ਕਤੀ ਮੁਹਈਆ ਕਰਾਉਣ ਦੀ ਹੀ ਕੋਸ਼ਿਸ਼ ਹੈ ਕਿਉਂਕਿ ਜਦੋਂ ਪੂਰਾ ਸਾਲ ਕੰਮ ਦੇਣ ਦੀ ਵਿਵਸਥਾ ਦੇ ਬਾਵਜੂਦ ਮਜ਼ਦੂਰਾਂ ਨੂੰ ਕਦੇ 100 ਦਿਨ ਕੰਮ ਨਹੀਂ ਦਿੱਤਾ ਗਿਆ ਤਾਂ 10 ਮਹੀਨਿਆਂ 'ਚ 125 ਦਿਨ ਕੰਮ ਦੇਣ ਦਾ ਐਲਾਨ ਮਹਿਜ਼ ਛਲਾਵਾ ਹੀ ਹੈ। ਮਜ਼ਦੂਰ ਆਗੂਆਂ ਨੇ ਇਹ ਵੀ ਦੋਸ਼ ਲਾਇਆ ਕਿ ਮੋਦੀ ਸਰਕਾਰ ਮਨਰੇਗਾ ਦਾ ਨਾਂਅ ਬਦਲ ਕੇ 'ਵੈਬ-ਜੀ ਰਾਮ ਜੀ' ਕਰਨ ਰਾਹੀਂ ਆਰ ਐਸ ਐਸ ਤੇ ਬੀ ਜੇ ਪੀ ਦੇ ਵਿਚਾਰਧਾਰਕ ਫਿਰਕੂ ਏਜੰਡੇ ਨੂੰ ਹੋਰ ਅੱਗੇ ਵਧਾ ਰਹੀ ਹੈ।

# ਬਿਜਲੀ ਨੂੰ ਮੰਡੀ ਦੀ ਵਸਤੂ ਬਣਾਇਆ ਜਾ ਰਿਹੈ : ਕਿਸਾਨ 'ਤੇ ਮਜ਼ਦੂਰ ਆਗੂ

**ਸ਼ਾਹਕੋਟ (ਗਿਆਨ ਸੈਦਪੁਰੀ)**- ਬਿਜਲੀ ਨੂੰ ਜਨਤਕ ਸੇਵਾ ਵਾਲੀਆਂ ਸਹੂਲਤਾਂ ਵਿੱਚ ਰੱਖਿਆ ਗਿਆ ਸੀ। ਬਿਜਲੀ ਦੀ ਸੇਵਾ ਮੁਨਾਫਾ ਰਹਿਤ ਸੀ। ਬਿਜਲੀ ਬਿੱਲ 2025 ਨੂੰ ਐਕਟ ਬਣਾ ਕੇ ਬਿਜਲੀ ਨੂੰ ਮੰਡੀ ਦੀ ਵਸਤੂ ਬਣਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਕਰਵਾਉਣ ਅਤੇ ਠੇਕਾ ਕਰਮੀਆਂ ਦੀ ਭਰਵੀਂ ਹਮਾਇਤ ਸਬੰਧੀ ਘੋਲ ਨੂੰ ਤਿੱਖੇਰੀ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ ਦੀ ਪ੍ਰਧਾਨਗੀ ਕਾਮਰੇਡ ਵਰਿੰਦਰ ਪਾਲ ਕਾਲਾ, ਬੂਟਾ ਸਿੰਘ ਮੁਰੀਦਵਾਲ, ਗੁਰਬਖ਼ਸ਼ ਕੌਰ ਤੇ ਰਣਜੀਤ ਸਿੰਘ ਨੇ ਕੀਤੀ। ਮੀਟਿੰਗ ਵਿੱਚ



ਸਰਕਾਰ ਦੇ ਇਸ ਮਨਸੂਬੇ ਨੂੰ ਰੋਕਣ ਲਈ ਬੱਝਵੇਂ ਤੇ ਸਾਂਝੇ ਸੰਘਰਸ਼ ਦੀ ਲੋੜ ਹੈ। ਇਸ ਸੰਘਰਸ਼ ਨੂੰ ਵਿਸ਼ਾਲਤਾ ਦੇਣ ਲਈ ਸੰਯੁਕਤ ਕਿਸਾਨ ਮੋਰਚੇ ਵੱਲੋਂ ਕੀਤੀ ਪਹਿਲ ਕਦਮੀ ਤਹਿਤ ਅੱਜ ਇੱਕ ਦਰਜਨ ਤੋਂ ਵੱਧ ਜਥੇਬੰਦੀਆਂ ਦੇ ਆਧਾਰ ਸਥਾਨਕ ਅਨਾਜ ਮੰਡੀ ਵਿੱਚ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਬਿਜਲੀ ਸੋਧ ਬਿੱਲ 225 ਤੇ ਸੀਡ ਬਿੱਲ ਨੂੰ ਵਾਪਸ ਕਰਵਾਉਣ, ਚਾਰ ਲੇਬਰ ਕੋਡ ਰੱਦ ਫੈਸਲਾ ਕੀਤਾ ਗਿਆ ਕਿ ਕੇਂਦਰ ਸਰਕਾਰ ਵੱਲੋਂ ਬਿਜਲੀ ਸੋਧ ਬਿੱਲ ਪਾਰਲੀਮੈਂਟ ਵਿੱਚ ਪੇਸ਼ ਕਰਨ ਦੇ ਅਗਲੇ ਦਿਨ ਪੰਜਾਬ ਵਿੱਚ ਕਾਲਾ ਦਿਨ ਮਨਾਇਆ ਜਾਵੇਗਾ। ਇਸ ਦਿਨ ਰੇਲਾਂ ਰੋਕਣ ਦੇ ਫੈਸਲੇ ਤਹਿਤ ਫਿਲੌਰ ਰੇਲਵੇ ਫਾਟਕ 'ਤੇ ਰੇਲਾਂ ਰੋਕੀਆਂ ਜਾਣਗੀਆਂ। 28 ਦਸੰਬਰ ਨੂੰ ਸ਼ਾਹਕੋਟ ਵਿੱਚ ਮੋਟਰਸਾਈਕਲ ਮਾਰਚ ਕੀਤਾ ਜਾਵੇਗਾ। ਇਹ ਮਾਰਚ ਸ਼ਾਹਕੋਟ ਤੋਂ ਸ਼ੁਰੂ ਹੋ ਕੇ ਪਿੰਡ ਢੰਡੋਵਾਲ ਤੇ ਹੋਰ ਪਿੰਡਾਂ ਤੋਂ ਹੁੰਦਾ ਹੋਇਆ ਪਰਜੀਆਂ ਕਲਾਂ ਰੁਕੇਗਾ। ਇਥੋਂ ਚੱਲ ਕੇ ਮਾਡਲ ਥਾਣਾ ਸ਼ਾਹਕੋਟ ਅੱਗੇ ਰੁਕੇਗਾ।ਮੀਟਿੰਗ ਵਿੱਚ ਮਾਸਟਰ ਗੁਰਚਰਨ ਸਿੰਘ ਚਾਹਲ ਜ਼ਿਲ੍ਹਾ ਆਗੂ ਭਾਰਤੀ ਕਿਸਾਨ ਯੂਨੀਅਨ ਏਕਤਾ (ਉਗਰਾਹਾਂ), ਕਾਮਰੇਡ ਵਰਿੰਦਰ ਪਾਲ ਕਾਲਾ ਸੀਨੀਅਰ ਆਗੂ ਕੁੱਲ ਹਿੰਦ ਕਿਸਾਨ ਸਭਾ, ਗਿਆਨ ਸੈਦਪੁਰੀ ਸੂਬਾ ਪ੍ਰੈੱਸ ਸਕੱਤਰ ਪੰਜਾਬ ਖੇਤ ਮਜ਼ਦੂਰ ਸਭਾ, ਬੂਟਾ ਸਿੰਘ ਭਾਰਤੀ ਕਿਸਾਨ ਯੂਨੀਅਨ (ਲੱਖੋਵਾਲ), ਰਣਜੀਤ ਸਿੰਘ ਭਾਰਤੀ ਕਿਸਾਨ ਯੂਨੀਅਨ (ਕਾਦੀਆਂ), ਸੁਖਜਿੰਦਰ ਲਾਲੀ ਪੰਜਾਬ ਖੇਤ ਮਜ਼ਦੂਰ ਯੂਨੀਅਨ, ਗੁਰਮੀਤ ਕੋਟਲੀ ਆਗੂ ਡੀ ਟੀ ਐਫ, ਜਿੰਦਰ ਬਾਗਪੁਰ ਆਗੂ ਤਰਕਸ਼ੀਲ ਸੋਸਾਇਟੀ ਪੰਜਾਬ, ਗੁਰਬਖ਼ਸ਼ ਕੌਰ ਸੀਨੀਅਰ ਆਗੂ ਪੇਂਡੂ ਮਜ਼ਦੂਰ ਯੂਨੀਅਨ, ਮੱਖਣ ਸਿੰਘ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ, ਕਾਮਰੇਡ ਗੁਰਸੇਵਕ ਸੇਠ, ਬਲਕਾਰ ਸਿੰਘ ਨੰਬਰਦਾਰ ਫਾਜਲਵਾਲ, ਬਲਰਾਜ ਸਿੰਘ ਕਾਹਲੋ, ਵਿਜੇ ਕੁਮਾਰ, ਜਸਪਾਲ ਸਿੰਘ ਸੰਢਾਵਾਲ, ਕਰਮਜੀਤ ਸਿੰਘ, ਜਸਵੀਰ ਸਿੰਘ, ਪਰਮਜੀਤ ਸਿੰਘ ਧੰਜੂ, ਬਿੱਟੂ ਰੂਪੇਵਾਲੀ, ਨਾਨਕ ਰਾਮ ਆਦਿ ਸ਼ਾਮਿਲ ਸਨ।

# ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ 'ਚ ਕਾਂਗਰਸ-ਬਸਪਾ ਗਠਜੋੜ ਨੂੰ 9, ਆਪ 3, ਅਕਾਲੀ ਦਲ 2, ਆਜ਼ਾਦ 1 ਉਮੀਦਵਾਰ ਜੇਤੂ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**- ਨੂਰਮਹਿਲ ਦੇ ਨਾਇਬ ਤਹਿਸੀਲਦਾਰ ਕਮ ਰਿਟਰਨਿੰਗ ਅਫ਼ਸਰ ਮਨਦੀਪ ਸਿੰਘ ਨੇ ਦੱਸਿਆ ਕਿ ਜਿਲਾ ਪ੍ਰੀਸ਼ਦ ਜੋਨ ਕੰਦੋਲਾ ਕਲਾਂ ਤੋਂ ਕਾਂਗਰਸ ਬਸਪਾ ਦੇ ਉਮੀਦਵਾਰ ਹਰਜਿੰਦਰ ਕੌਰ ਤੇ ਜ਼ਿਲ੍ਹਾ ਪ੍ਰੀਸ਼ਦ ਜੋਨ ਤਲਵਣ ਤੋ ਉਮੀਦਵਾਰ ਕਮਲਜੀਤ ਕੌਰ ਜੇਤੂ ਰਹੇ ।ਇਸ ਤਰ੍ਹਾਂ



ਹੀ ਬਲਾਕ ਸੰਮਤੀ ਜ਼ੋਨ ਨੰ 1 ਸੁੰਨੜ ਕਲਾ ਤੋਂ ਪਰਮਜੀਤ ਕੌਰ ਬਲਾਕ ਸੰਮਤੀ ਮੈਂਬਰ ਆਮ ਆਦਮੀ ਪਾਰਟੀ ਤੋਂ ਜੇਤੂ ਕਰਾਰ ਦਿੱਤੇ ਗਏ, ਜ਼ੋਨ 2 ਪਿੰਡ ਚੂਹੇਕੀ ਤੋਂ ਕਾਂਗਰਸ ਬਸਪਾ ਦਾ ਉਮੀਦਵਾਰ ਰਾਜਕੁਮਾਰ ਸਿੱਧਮ, ਜ਼ੋਨ ਨੰਬਰ 3 ਭੰਗਾਲਾ ਤੋਂ ਕਾਂਗਰਸ ਬਸਪਾ ਗੱਠਜੋੜ ਦੇ ਉਮੀਦਵਾਰ ਸੁਖਵਿੰਦਰ ਸਿੰਘ ਜੇਤੂ ਕਰਾਰ ਦਿੱਤੇ ਗਏ । ਜ਼ੋਨ ਨੰਬਰ 4 ਸੰਘੇ ਜਗੀਰ ਤੋਂ ਗਠਜੋੜ ਦੇ ਉਮੀਦਵਾਰ ਅਮਰਜੀਤ ਬਾਬਾ , ਜ਼ੋਨ ਨੰਬਰ 5 ਕੋਟ ਬਾਦਲ ਖਾਂ ਤੋਂ ਚਰਨਜੀਤ ਰਾਏ ਆਮ ਆਦਮੀ ਪਾਰਟੀ, ਜੋਨ ਨੰਬਰ 6 ਸ਼ਮਸ਼ਾਬਾਦ ਤੋਂ ਗੱਠਜੋੜ ਦੀ ਉਮੀਦਵਾਰ ਕੁਲਵਿੰਦਰ ਕੌਰ , ਜ਼ੋਨ ਨੰਬਰ 7 ਪੁਆਦੜਾ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਰਾਣੋ , ਜ਼ੋਨ 8 ਪਿੰਡ ਭੁੱਲਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਜਸਵੀਰ ਕੁਮਾਰ ਜ਼ੋਨ ਨੰਬਰ 9 ਗੁਮਟਾਲੀ ਤੋਂ ਗੱਠਜੋੜ ਦੇ ਉਮੀਦਵਾਰ ਸੰਦੀਪ ਕੁਮਾਰ ਜੋਨ ਨੰਬਰ 10 ਤਲਵਨ ਤੋਂ ਆਸ਼ਾ ਰਾਣੀ ਗੱਠਜੋੜ ਦੀ ਉਮੀਦਵਾਰ , ਜ਼ੋਨ ਨੰਬਰ 11 ਔਜਲਾ ਤੋਂ ਸਰੋਜ ਬਾਲਾ ਗੱਠਜੋੜ ਦੀ ਉਮੀਦਵਾਰ , ਜ਼ੋਨ ਨੰਬਰ 12 ਫਰਵਾਲਾ ਤੋਂ ਹਰਜੋਤ ਸਿੰਘ ਆਜ਼ਾਦ ਉਮੀਦਵਾਰ, ਜ਼ੋਨ ਨੰਬਰ 13 ਸ਼ਾਦੀਪੁਰ ਤੋਂ ਸੁਖਵਿੰਦਰ ਕੌਰ ਰਾਮੇਵਾਲ ਗੱਠਜੋੜ ਦੀ ਉਮੀਦਵਾਰ, ਜ਼ੋਨ ਨੰਬਰ 14 ਕੰਦੋਲਾ ਕਲਾ ਤੋਂ ਮਨਦੀਪ ਕੌਰ ਆਮ ਆਦਮੀ ਪਾਰਟੀ, ਜ਼ੋਨ ਨੰਬਰ 15 ਚੀਮਾਂ ਖੁਰਦ ਤੋਂ ਗੱਠਜੋੜ ਦੀ ਉਮੀਦਵਾਰ ਜਸਵਿੰਦਰ ਕੌਰ ਜੇਤੂ ਕਰਾਰ ਦਿੱਤੇ ਗਏ। ਆਰ ਓ ਮਨਦੀਪ ਸਿੰਘ ਵੱਲੋਂ ਜੇਤੂ ਉਮੀਦਵਾਰਾਂ ਨੂੰ ਸਰਟੀਫਿਕੇਟ ਦਿੱਤੇ ਗਏ ।

# ਬਲਾਕ ਸੰਮਤੀ ਚੋਣਾਂ 'ਚ ਮੁੱਗੋਵਾਲ ਤੋਂ ਪਵਨਦੀਪ ਸਿੰਘ ਜੇਤੂ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)**- ਬਲਾਕ ਸੰਮਤੀ ਦੀਆਂ ਹੋਈਆਂ ਇਨਾਂ ਚੋਣਾਂ ਵਿੱਚ ਜੋਨ ਮੁੱਗੋਵਾਲ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਪਵਨਦੀਪ ਸਿੰਘ ਜੇਤੂ ਰਹੇ। ਪਵਨਦੀਪ ਸਿੰਘ ਜੋ ਕਿ ਪਿੰਡ ਮੁੱਗੋਵਾਲ ਦੇ ਰਹਿਣ ਵਾਲੇ ਹਨ ਨੂੰ ਕੁੱਲ 954, ਕਾਂਗਰਸ ਪਾਰਟੀ ਦੇ ਉਮੀਦਵਾਰ ਮਾਸਟਰ ਸੁਰਿੰਦਰ ਕੁਮਾਰ ਜੋ ਕਿ ਪਿੰਡ ਮੁੱਗੋਵਾਲ ਦੇ ਹੀ ਹਨ ਨੂੰ 460 ਅਤੇ ਬਲਵਿੰਦਰ ਸਿੰਘ ਭਾਜਪਾ ਉਮੀਦਵਾਰ ਨੂੰ 440 ਵੋਟਾਂ ਪੈਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪਿੰਡ ਮੁੱਗੋਵਾਲ ਤੋਂ ਪਵਨਦੀਪ ਸਿੰਘ ਨੂੰ 511, ਕਾਂਗਰਸ ਪਾਰਟੀ ਦੇ ਉਮੀਦਵਾਰ ਮਾਸਟਰ ਸੁਰਿੰਦਰ ਕੁਮਾਰ ਨੂੰ 262 ਅਤੇ ਭਾਜਪਾ ਉਮੀਦਵਾਰ ਨੂੰ ਪਿੰਡ ਮੁੱਗੋਵਾਲ ਤੋਂ 52 ਵੋਟਾਂ ਪਈਆ। ਆਮ ਆਦਮੀ ਪਾਰਟੀ ਦੇ ਜੇਤੂ ਰਹੇ ਉਮੀਦਵਾਰ ਪਵਨਦੀਪ ਸਿੰਘ ਦਾ ਜਿੱਤਣ ਤੋਂ ਬਾਅਦ ਪਿੰਡ ਮੁਗੋਵਾਲ ਵਿਖੇ ਪਹੁੰਚਣ ਤੇ ਪਿੰਡ ਵਾਸੀਆਂ ਵੱਲੋਂ ਭਰਵਾਂ ਸੁਵਾਗਤ ਕੀਤਾ ਗਿਆ। ਇਸ ਮੌਕੇ ਪਿੰਡ ਮੁੱਗੋਵਾਲ ਤੋਂ ਸਰਪੰਚ ਸਰਦਾਰ ਭੁਪਿੰਦਰ ਸਿੰਘ, ਸਰਦਾਰ ਸੁਖਵਿੰਦਰ ਸਿੰਘ



ਸਾਬਕਾ ਸਰਪੰਚ ਜੁਆਇੰਟ ਸੈਕਟਰੀ ਕਿਸਾਨ ਵਿੰਗ ਆਮ ਆਦਮੀ ਪਾਰਟੀ ਪੰਜਾਬ, ਨਰਿੰਦਰ ਮੋਹਣ ਨਿੰਦੀ ਸਾਬਕਾ ਸਰਪੰਚ, ਕਰਮਜੀਤ ਸਿੰਘ ਬੱਬੂ ਪੰਚ, ਹਰਮਨਜੋਤ ਸਿੰਘ ਪੰਚ, ਬਲਵਿੰਦਰ ਸਿੰਘ ਮਾਹਲ, ਰਣਵੀਰ ਸਿੰਘ, ਲੈਬਰ ਸਿੰਘ, ਲਖਬੀਰ ਸਿੰਘ ਸਮੇਤ ਪੰਚਾਇਤ ਮੈਂਬਰ ਅਤੇ ਪਿੰਡ ਨਿਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ। ਇਸ ਮੌਕੇ ਗੱਲਬਾਤ ਕਰਦਿਆਂ ਪਵਨਦੀਪ ਸਿੰਘ ਨੇ ਕਿਹਾ ਕਿ ਉਹ ਪੂਰੀ ਮਿਹਨਤ, ਇਮਾਨਦਾਰੀ ਅਤੇ ਲਗਨ ਨਾਲ ਜੋਨ ਮੁੱਗੋਵਾਲ ਵਿੱਚ ਪੈਂਦੇ ਵੱਖ-ਵੱਖ ਪਿੰਡਾਂ ਦੀਆਂ ਸਮੱਸਿਆਵਾਂ ਹੱਲ ਕਰਨ ਲਈ ਯਤਨਸ਼ੀਲ ਰਹਿਣਗੇ ਅਤੇ ਪਾਰਟੀ ਨੂੰ ਹੋਰ ਵੀ ਤਰੱਕੀ ਦੀਆਂ ਬੁਲੰਦੀਆਂ ਤੇ ਲਿਜਾਉਣ ਦੇ ਯਤਨ ਕਰਨਗੇ। ਇਸ ਮੌਕੇ ਪਿੰਡ ਦੇ ਸਰਪੰਚ ਸਰਦਾਰ ਭੁਪਿੰਦਰ ਸਿੰਘ ਅਤੇ ਅਤੇ ਸਾਬਕਾ ਸਰਪੰਚ ਸਰਦਾਰ ਸੁਖਵਿੰਦਰ ਸਿੰਘ ਨੇ ਕਿਹਾ ਕਿ ਜੋਨ ਮੁੱਗੋਵਾਲ ਤੋਂ ਆਮ ਆਦਮੀ ਪਾਰਟੀ ਦੀ ਜਿੱਤ ਪਾਰਟੀ ਵੱਲੋਂ ਵੱਖ-ਵੱਖ ਪਿੰਡਾਂ ਵਿੱਚ ਕੀਤੇ ਜਾ ਰਹੇ ਵਿਕਾਸ ਕਾਰਜਾਂ ਦੇ ਕਾਰਨ ਹੈ। ਹਲਕਾ ਵਿਧਾਇਕ ਸਰਦਾਰ ਜੈ ਕ੍ਰਿਸ਼ਨ ਸਿੰਘ ਰੌੜੀ ਆਪਣੇ ਹਲਕੇ ਦੇ ਹਰ ਪਿੰਡ ਵਿੱਚ ਹਰ ਵਰਗ ਦੀਆਂ ਸਮੱਸਿਆਵਾਂ ਹੱਲ ਕਰਨ ਵਿੱਚ ਜੁਟੇ ਹੋਏ ਹਨ।

# ਨਸ਼ਾ ਮੁਕਤ ਸਮਾਜ ਤੇ ਬੱਚਿਆਂ ਦੀ ਸੁਰੱਖਿਆ ਲਈ ਵਿਦਿਆਰਥੀਆਂ ਕੱਢੀ ਜਾਗਰੂਕਤਾ ਰੈਲੀ

**ਬਲਾਚੌਰ (ਜਸਵਿੰਦਰ ਬੈਂਸ)**

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਕੂਲ ਆਫ਼ ਐਮੀਨਸ (ਮਹਿੰਦੀਪੁਰ) ਬਲਾਚੌਰ ਵਿਖੇ ਇੱਕ ਵਿਸ਼ੇਸ਼ ਕਾਨੂੰਨੀ ਜਾਗਰੂਕਤਾ ਕੈਂਪ ਲਗਾਇਆ ਗਿਆ ਅਤੇ ਵਿਦਿਆਰਥੀਆਂ ਵੱਲੋਂ ਇੱਕ ਜਾਗਰੂਕਤਾ ਰੈਲੀ ਕੱਢੀ ਗਈ। ਇਸ ਪ੍ਰੋਗਰਾਮ ਦੌਰਾਨ ਮੁੱਖ ਮਹਿਮਾਨ ਵਜੋਂ ਪਹੁੰਚੇ ਸ਼ਿਖਾ ਰਾਣੀ, ਪਰਮਜੀਤ ਕੌਰ, ਜ਼ਿਲ੍ਹਾ ਪੈਰਾ ਵਰੰਟੀਅਰ ਅਥਾਰਟੀ ਨੇ ਬੱਚਿਆਂ ਨਾਲ ਅਹਿਮ ਕਾਨੂੰਨੀ ਜਾਣਕਾਰੀ ਸਾਂਝੀ ਕੀਤੀ ਅਤੇ ਚੰਗੇ ਮਾੜੇ ਟੱਚ ਤੋਂ ਜਾਣੂ ਕਰਾਇਆ ਗਿਆ। ਸਮਾਗਮ ਦੌਰਾਨ ਬੱਚਿਆਂ ਨੂੰ ਜਿਨਸੀ ਸ਼ੋਸ਼ਣ ਵਰਗੀਆਂ ਬੁਰਾਈਆਂ ਵਿਰੁੱਧ ਸੁਚੇਤ ਕੀਤਾ ਗਿਆ। ਪਰਮਜੀਤ ਕੌਰ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਕਿਸ ਤਰ੍ਹਾਂ ਉਹ ਆਪਣੀ ਸੁਰੱਖਿਆ ਕਰ ਸਕਦੇ ਹਨ ਅਤੇ ਅਜਿਹੀ ਕਿਸੇ ਵੀ ਘਟਨਾ ਦੀ ਰਿਪੋਰਟ ਕਰਨ ਲਈ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਅਤੇ ਕਾਨੂੰਨੀ ਸਹਾਇਤਾ ਦੀ ਵਰਤੋਂ ਕਰ ਸਕਦੇ ਹਨ।ਕੈਂਪ ਦੌਰਾਨ ਨਸ਼ਿਆਂ ਦੇ ਵਧ ਰਹੇ ਪ੍ਰਕੋਪ 'ਤੇ ਚਿੰਤਾ ਪ੍ਰਗਟ ਕਰਦਿਆਂ ਬੱਚਿਆਂ ਨੂੰ ਨਸ਼ਿਆਂ ਮਾੜੇ ਪ੍ਰਭਾਵ ਅਤੇ ਇਸ ਦੇ ਖਾਤਮੇ ਸਬੰਧੀ ਚਲਾਈਆਂ ਜਾ ਰਹੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਤੋਂ ਬਾਅਦ ਵਿਦਿਆਰਥੀਆਂ ਵੱਲੋਂ ਸ਼ਹਿਰ ਵਿੱਚ ਇੱਕ ਜਾਗਰੂਕਤਾ ਰੈਲੀ ਵੀ ਕੱਢੀ ਗਈ, ਜਿਸ ਵਿੱਚ ਨਾਅਰਿਆਂ ਰਾਹੀਂ ਸਮਾਜ ਨੂੰ ਨਸ਼ਾ ਮੁਕਤ ਹੋਣ ਦਾ ਹੋਕਾ ਦਿੱਤਾ ਗਿਆ। ਰੈਲੀ ਦੀ ਅਗਵਾਈ ਲੈਕਚਰਰ ਰਾਜ ਕੁਮਾਰ,




ਜਸਕਰਨ ਸਿੰਘ, ਪਰਮਜੀਤ, ਮੈਡਮ ਮਨੀਸ਼ਾ ਵਾਰਮਾ ਨੇ ਕੀਤੀ। ਇਸ ਮੌਕੇ ਸਕੂਲ ਇੰਚਾਰਜ ਜਗਮੋਹਨ ਸਿੰਘ ਅਤੇ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਜਸਵਿੰਦਰ ਪਾਲ ਬੈਂਸ ਅਤੇ ਸਮੂਹ ਸਟਾਫ਼ ਸਕੂਲ ਨੇ ਜ਼ਿਲ੍ਹਾ ਲੀਗਲ ਸਰਵਿਸ ਅਥਾਰਟੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਕੈਂਪ ਬੱਚਿਆਂ ਦੇ ਆਤਮ-ਵਿਸ਼ਵਾਸ ਨੂੰ ਵਧਾਉਣ ਅਤੇ ਉਨ੍ਹਾਂ ਨੂੰ ਜ਼ਿੰਮੇਵਾਰ ਨਾਗਰਿਕ ਬਣਾਉਣ ਵਿੱਚ ਮਦਦਗਾਰ ਸਾਬਤ ਹੁੰਦੇ ਹਨ।

# ਕੈਂਸਰ, ਅੱਖਾਂ ਦੀ ਜਾਂਚ ਤੇ ਜਾਗਰੂਕਤਾ ਮੈਡੀਕਲ ਕੈਂਪ 25 ਨੂੰ

**ਮੇਹਟੀਆਣਾ (ਜਗਤਾਰ ਸਿੰਘ ਭੂੰਗਰਨੀ)**

ਪਿੰਡ ਭੂੰਗਰਨੀ ਵਿਖੇ ਇੱਕ ਮੁਫ਼ਤ ਕੈਂਸਰ ਅਤੇ ਅੱਖਾਂ ਦੀ ਜਾਂਚ ਦਾ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ ਜਿਸ ਬਾਰੇ ਜਾਣਕਾਰੀ ਦਿੰਦਿਆਂ ਮਾਤਾ ਰਾਮ ਕੌਰ ਵਿਰਾਸਤ ਕੇਂਦਰ ਭੂੰਗਰਨੀ (ਹੁਸ਼ਿਆਰਪੁਰ ) ਦੇ ਸੰਸਥਾਪਕ: ਡਾ. ਅਮਰਜੀਤ ਸਿੰਘ ਬਲਗੀਰ ਜੀ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਮੈਡੀਕਲ ਕੈਂਪ ਵਰਲਡ ਕੈਂਸਰ ਕੇਅਰ - ਯੂ ਕੇ ਸਥਿਤ ਚੈਰੀਟੇਬਲ ਸੋਸਾਇਟੀ (ਡਾ. ਕੁਲਵੰਤ ਸਿੰਘ ਧਾਲੀਵਾਲ, ਗਲੋਬਲ ਅੰਬੈਸਡਰ) ਦੀ ਅਗਵਾਈ ਹੇਠ ਲਗਾਇਆ ਜਾ ਰਿਹਾ ਹੈ। ਮੁਫ਼ਤ ਕੈਂਸਰ ਅਤੇ ਅੱਖਾਂ ਦੀ ਜਾਂਚ ਮੈਡੀਕਲ ਕੈਂਪ ਦਾ ਆਯੋਜਨ ਮੈਸਰਜ਼ ਵਰਧਮਾਨ ਗਰੁੱਪ, ਲੁਧਿਆਣਾ, ਹੁਸ਼ਿਆਰਪੁਰ, ਪੰਜਾਬ ਦੇ ਸਹਿਯੋਗ ਨਾਲ 25 ਦਸੰਬਰ ਨੂੰ ਸਵੇਰੇ 10-00 ਤੋਂ ਸ਼ਾਮ 4-00 ਵਜੇ ਤੱਕ ਪਿੰਡ ਭੂੰਗਰਨੀ ਸਕੂਲ ਦੇ ਖੇਡ ਮੈਦਾਨ ਵਿਖੇ ਕੀਤਾ ਗਿਆ ਹੈ । ਇਸ ਕੈਂਸਰ ਜਾਗਰੂਕਤਾ ਕੈਂਪ ਵਿੱਚ ਕੈਂਸਰ ਦੀ ਜਾਂਚ ਤੇ ਜਾਣਕਾਰੀ ਲਈ ਫ੍ਰੀ ਸਹੂਲਤਾਂ, ਕੈਂਸਰ ਅਵੇਅਰਨੈਂਸ ਲੀਫਲੈਂਟ ਅਤੇ ਭਾਸ਼ਣ , ਸ਼ੂਗਰ ਅਤੇ ਬੀ.ਪੀ. ਚੈੱਕ-ਅੱਪ, ਡਾਕਟਰੀ ਜਾਂਚ ਅਤੇ ਸਲਾਹ,ਔਰਤਾਂ ਦੀ ਛਾਤੀ ਲਈ ਮੈਮੋਗ੍ਰਾਫੀ ਟੈਸਟ,ਅੱਖਾਂ ਦੀ ਜਾਂਚ ਅਤੇ 100 ਫ੍ਰੀ ਐਨਕਾਂ,ਔਰਤਾਂ ਦੀ ਬੱਚੇਦਾਨੀ ਲਈ ਪੈਪ-ਸਮੇਅਰ ਟੈਸਟ,ਬੰਦਿਆਂ ਦੇ ਗਦੂਦਾਂ ਦੀ ਜਾਂਚ ਲਈ ਪੀ ਐੱਸ ਏ ਟੈਸਟ, ਬਲੱਡ ਕੈਂਸਰ ਦੀ ਜਾਂਚ ਲਈ ਟੈਸਟ, ਮੂੰਹ ਅਤੇ ਗਲੇ ਦੀ ਜਾਂਚ,ਹੱਡੀਆਂ ਦੀ ਜਾਂਚ ਲਈ ਟੈਸਟ, ਜਨਰਲ ਦਵਾਈਆਂ,ਕੈਂਸਰ ਮਰੀਜ਼ਾਂ ਨੂੰ ਸਹੀ ਸਲਾਹ ਵਰਗੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ ।ਇਸ ਕੈਂਪ ਨੂੰ ਵਿਸ਼ੇਸ਼ ਸਹਿਯੋਗ ਗੁਰਦੁਆਰਾ ਗੁਰੂ ਹਰ ਰਾਏ ਸਾਹਿਬ, ਭੂੰਗਰਨੀ ਦੇ ਪ੍ਰਧਾਨ ਸੁਰਜੀਤ ਸਿੰਘ ਮਸੂਤਾ ਅਤੇ ਸਮੁੱਚੀ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ ਪਿੰਡ ਭੂੰਗਰਨੀ , ਅਮਰ ਕੌਰ ਚਰਨ ਕੌਰ ਵੈਲਫੇਅਰ ਸੋਸਾਇਟੀ ਭੂੰਗਰਨੀ, ਜਨ ਕਲਿਆਨ ਸੋਸਾਇਟੀ ਭੂੰਗਰਨੀ ਅਤੇ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਭੂੰਗਰਨੀ ਅਤੇ ਨੇੜਲੇ ਪਿੰਡਾਂ ਦੇ ਸਤਿਕਾਰਯੋਗ ਪ੍ਰਵਾਸੀ ਭਾਰਤੀ,,ਸਤਿਕਾਰਯੋਗ ਸੱਦੇ ਮਹਿਮਾਨ ਅਤੇ ਮੀਡੀਆ ਵਿਅਕਤੀ, ਵਿਸ਼ੇਸ਼ ਸਹਿਯੋਗੀ- ਧਰਮ ਸਿੰਘ ਜੰਜੂਆ, ਜਗਤਾਰ ਸਿੰਘ ਭੂੰਗਰਨੀ, ਸੁਰਜੀਤ ਸਿੰਘ ਮਸੂਤਾ, ਰਤੀਸ਼ ਸਿੰਘ ਸਰੋਆ, ਸੁਰਿੰਦਰ ਸਿੰਘ ਆਦਿ ਹੋਰ ਸਤਿਕਾਰਯੋਗ ਸ਼ਖ਼ਸੀਅਤਾਂ ਸਹਿਯੋਗ ਕਰਨਗੀਆਂ।



# ਰਕਬਾ ਵਧਾਉਣ ਲਈ ਜੰਗਲ ਤੇ ਕੁਦਰਤ ਜਾਗਰੂਕਤਾ ਪਾਰਕ ਕੀਤੇ ਜਾ ਰਹੇ ਵਿਕਸਤ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਸੂਬੇ ਵਿੱਚ ਜੰਗਲਾਤ ਹੇਠਲੇ ਰਕਬੇ ਨੂੰ ਵਧਾਉਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇੱਕ ਸਾਫ਼-ਸੁਥਰਾ ਅਤੇ ਹਰਿਆ-ਭਰਿਆ ਵਾਤਾਵਰਣ ਯਕੀਨੀ ਬਣਾਉਣ ਦੇ ਉਦੇਸ਼ ਨਾਲ, ਪੰਜਾਬ ਸਰਕਾਰ 8 ਜੰਗਲ ਅਤੇ ਕੁਦਰਤ ਜਾਗਰੂਕਤਾ ਪਾਰਕ ਵਿਕਸਿਤ ਕਰ ਰਹੀ ਹੈ। ਇਨ੍ਹਾਂ ਵਿੱਚੋਂ ਚਾਰ ਪਾਰਕ ਪਠਾਨਕੋਟ ਵਿੱਚ, 2 ਪਟਿਆਲਾ ਵਿੱਚ ਅਤੇ ਅੰਮ੍ਰਿਤਸਰ ਅਤੇ ਹੁਸ਼ਿਆਰਪੁਰ ਵਿੱਚ 1-1 ਪਾਰਕ ਗਰੀਨਿੰਗ ਪੰਜਾਬ ਮਿਸ਼ਨ ਅਧੀਨ ਵਿਕਸਿਤ ਕੀਤੇ ਜਾ ਰਹੇ ਹਨ।ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਅਗਵਾਈ ਹੇਠ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ ਇਨ੍ਹਾਂ ਪ੍ਰੋਜੈਕਟਾਂ ਨੂੰ ਪੂਰਾ ਕਰਨ ਲਈ ਜੰਗੀ ਪੱਧਰ 'ਤੇ ਕੰਮ ਕਰ ਰਿਹਾ ਹੈ। ਪਠਾਨਕੋਟ ਵਿੱਚ, ਪਿੰਡ ਘਰੋਟਾ (0.50 ਹੈਕਟੇਅਰ), ਕਟਾਰੂਚੱਕ (0.75 ਹੈਕਟੇਅਰ), ਹੈਬਤ ਪਿੰਡੀ (0.60 ਹੈਕਟੇਅਰ) ਅਤੇ ਆਈ ਟੀ ਆਈ ਬਮਿਆਲ ਵਿਖੇ ਇਹ ਵਾਤਾਵਰਣ ਪਾਰਕ ਬਣਾਏ ਜਾ ਰਹੇ ਹਨ। ਇਸੇ ਤਰ੍ਹਾਂ, ਪਟਿਆਲਾ ਵਿੱਚ ਬੈਰਨ ਮਾਈਨਰ ਸਮੇਤ ਦੋ ਥਾਵਾਂ 'ਤੇ ਵਾਤਾਵਰਣ ਪਾਰਕ ਵਿਕਸਤ ਕੀਤੇ ਜਾ ਰਹੇ ਹਨ। ਅੰਮ੍ਰਿਤਸਰ ਵਿੱਚ, ਪਿੰਡ ਜਗਦੇਵ ਕਲਾਂ ਪੁਲ ਵਿਖੇ ਵਾਤਾਵਰਣ ਪਾਰਕ ਬਣਾਇਆ ਜਾ ਰਿਹਾ ਹੈ,ਜਦੋਂ ਕਿ ਹੁਸ਼ਿਆਰਪੁਰ ਦੇ ਬੱਸੀ ਪੁਰਾਣੀ ਵਿਖੇ ਇੱਕ ਵਣ ਚੇਤਨਾ ਪਾਰਕ ਪ੍ਰਗਤੀ ਅਧੀਨ ਹੈ।

# ਸੰਤੋਸ਼ ਟਰਾਫੀ ਫੁੱਟਬਾਲ ਮੁਕਾਬਲੇ ਨਵੇਂ ਖਿਡਾਰੀਆਂ ਲਈ ਵਰਦਾਨ

**ਜੇਜੋਂ ਦੋਆਬਾ (ਨਿਰਮਲ ਸਿੰਘ ਮੁੱਗੋਵਾਲ)** ਪੰਜਾਬ ਫੁੱਟਬਾਲ ਐਸੋਸੀਏਸ਼ਨ ਦੇ ਅਹੁਦੇਦਾਰਾਂ ਹਰਜਿੰਦਰ ਸਿੰਘ ਜੱਗਾ, ਵਿਜੇ ਬਾਲੀ ਤੇ ਮਹਾਨ ਫੁੱਟਬਾਲਰ ਅਰਜਨਾ ਐਵਾਰਡੀ ਗੁਰਦੇਵ ਸਿੰਘ ਰਿਟਾ: ਕਮਾਂਡੈਂਟ ਦੇ ਸਾਂਝੇ ਯਤਨਾਂ ਤੇ ਸਖਤ ਮਿਹਨਤ ਸਦਕਾ ਕਈ ਦਹਾਕਿਆਂ ਬਾਅਦ ਪੰਜਾਬ ਅੰਦਰ ਐੱਸ ਜੀ ਜੀ ਐੱਸ ਖਾਲਸਾ ਕਾਲਜ ਮਾਹਿਲਪੁਰ ਦੇ ਖੇਡ ਸਟੇਡੀਅਮ 'ਚ ਹੋ ਰਹੇ ਨੈਸ਼ਨਲ ਪੱਧਰੀ ਸੰਤੋਸ਼ ਟਰਾਫ਼ੀ ਫੁੱਟਬਾਲ ਮੁਕਾਬਲੇ ਇਨੀਂ ਦਿਨੀਂ ਫੁੱਟਬਾਲ ਪ੍ਰੇਮੀਆਂ ਦੀ ਖਿੱਚ ਦਾ ਕੇਂਦਰ ਤੇ ਜਿੰਦ ਜਾਨ ਬਣੇ ਹੋਏ ਹਨ। ਸਵ. ਸਰਦਾਰ ਜਰਨੈਲ ਸਿੰਘ ਵਰਗੇ ਸੰਸਾਰ ਪੱਧਰੀ ਮਹਾਨ ਖਿਡਾਰੀ ਪੈਦਾ ਕਰਨ ਵਾਲੇ ਮੈਦਾਨ 'ਚ ਖੇਡਦੇ ਜ਼ੋਸ਼ੀਲੇ ਤੇ ਤਕਨੀਕੀ ਪੱਖੋਂ ਮਾਹਿਰ ਖਿਡਾਰੀਆਂ ਦੇ ਜੌਹਰ ਦੇਖ ਫੁੱਟਬਾਲ ਪ੍ਰੇਮੀਆਂ ਦੇ ਮਨਾਂ 'ਚ ਨਵੀਂ ਪੀੜ੍ਹੀ 'ਚੋਂ ਗੁਰਦੇਵ ਸਿੰਘ ਗਿੱਲ ਤੇ ਇੰਦਰ ਸਿੰਘ ਵਰਗੇ ਮਹਾਨ ਫੁੱਟਬਾਲਰ ਪੈਦਾ ਹੋਣ ਦੀ ਆਸ ਮੁੜ ਜਾਗੀ ਹੈ। ਦੂਜੇ ਦਿਨ ਦੇ ਖੇਡ ਮੁਕਾਬਲਿਆਂ 'ਚ ਜੰਮੂ ਕਸ਼ਮੀਰ ਦੀ ਟੀਮ ਨੇ ਹਿਮਾਚਲ ਨੂੰ 3-0 ਅਤੇ ਪੰਜਾਬ ਦੀ ਟੀਮ ਨੇ ਯੂ. ਟੀ. ਲਦਾਖ਼ ਦੀ ਟੀਮ ਨੂੰ 3-0 ਨਾਲ ਹਰਾਇਆ। ਪੰਜਾਬ ਦੀ ਟੀਮ ਦੇ ਹਿਮਾਂਸ਼ੂ ਨੂੰ ਮੈਚ ਦਾ ਵਧੀਆ ਖਿਡਾਰੀ ਚੁਣ ਕੇ ਸਨਮਾਨ ਦਿੱਤਾ ਗਿਆ। ਉੱਘੇ ਖਿਡਾਰੀ, ਮੌਜੂਦਾ ਐੱਸ ਪੀ ਹੁਸਿਆਰਪੁਰ, ਨੇਕ ਤੇ



ਇਮਾਨਦਾਰ ਇਨਸਾਨ ਮੇਜਰ ਸਿੰਘ ਨੇ ਆਪਣੇ ਸਤਿਕਾਰਯੋਗ ਉਸਤਾਦਾਂ ਦੀ ਮੌਜੂਦਗੀ ਵਿੱਚ ਖਿਡਾਰੀਆਂ ਨੂੰ ਆਸ਼ੀਰਵਾਦ ਦਿੱਤਾ ਤੇ ਉਨਾਂ ਦੇ ਚੰਗੇ ਭਵਿੱਖ ਲਈ ਕਾਮਨਾ ਕੀਤੀ ਤੇ ਪੰਜਾਬ ਦੀ ਤਰੱਕੀ ਤੇ ਖੁਸ਼ਹਾਲੀ ਵਿੱਚ ਹਿੱਸੇਦਾਰ ਬਣਨ ਲਈ ਪ੍ਰੇਰਿਤ ਕੀਤਾ।ਪ੍ਰਿੰਸੀਪਲ ਹਰਭਜਨ ਸਿੰਘ ਸਪੋਰਟਸ ਕਲੱਬ ਦੇ ਸਮੂਹ ਅਹੁਦੇਦਾਰਾਂ ਤੇ ਖਾਲਸਾ ਕਾਲਜ ਮਾਹਿਲਪੁਰ ਦੇ ਪ੍ਰਿੰਸੀਪਲ ਡਾਕਟਰ ਪਰਵਿੰਦਰ ਸਿੰਘ, ਸਮੂਹ ਸਟਾਫ਼ ਤੇ ਵਿਦਿਆਰਥੀਆਂ ਵੱਲੋਂ ਖੇਡਾਂ ਦੇ ਇਸ ਮਹਾਨ ਕੁੰਭ ਨੂੰ ਸਫਲ ਬਣਾਉਣ ਲਈ ਬੇਮਿਸਾਲ ਯੋਗਦਾਨ ਪਾਇਆ ਜਾ ਰਿਹਾ ਹੈ।ਖੇਡ ਮੁਕਾਬਲਿਆਂ ਵਿੱਚ ਐੱਸ ਐੱਨ ਕਾਲਜ ਬੰਗਾ ਦੇ ਪ੍ਰਿੰਸੀਪਲ ਸਾਹਿਬ ਤਰਸੇਮ ਸਿੰਘ ਭਿੰਡਰ,ਰਿਟਾ: ਐਸ ਪੀ ਤੇ ਉੱਘੇ ਫੁੱਟਬਾਲਰ ਸਰਦਾਰ ਸ਼ਵਿੰਦਰਜੀਤ ਸਿੰਘ ਬੈਂਸ,ਜਰਨੈਲ ਸਿੰਘ ਬੰਗਾ ਤੇ ਸਰਦਾਰ ਰੌਸ਼ਨਜੀਤ ਸਿੰਘ ਪਨਾਮ ਰਿਟਾ: ਪ੍ਰਿੰਸੀਪਲ ਮਹਿੰਦਰਪਾਲ ਜੀ ਅਤੇ ਸਰਦਾਰ ਗੁਰਦੇਵ ਸਿੰਘ ਖਾਬੜਾ ਕੈਨੇਡਾ ਨਿਵਾਸੀ ਉਚੇਚੇ ਤੌਰ ਤੇ ਪਹੁੰਚੇ। ਇਸੇ ਤਰਾਂ ਕੋਚ ਬੰਧਨਾਂ ਸਿੰਘ, ਰਾਜ ਕੁਮਾਰ ਮੁਖੀ ਖੇਡ ਸਿੱਖਿਆ ਵਿਭਾਗ, ਝਲਮਣ ਸਿੰਘ, ਇੰਸਪੈਕਟਰ ਗੁਰਦਿਆਲ ਸਿੰਘ, ਦਲਜੀਤ ਸਿੰਘ ਬਿੱਟੂ, ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ,ਗੀਤਕਾਰ ਗੁਰਮਿੰਦਰ ਕੈਂਡੋਵਾਲ, ਸਰਦਾਰ ਗੁਰਕੀਰਤ ਸਿੰਘ, ਮਲਕੀਤ ਸਿੰਘ,ਮਦਨ ਲਾਲ, ਯਸ਼ਪਾਲ ਜੱਸੀ,ਅਮਨਦੀਪ ਸਿੰਘ ਬੈਂਸ, ਗੁਰਦਿਆਲ ਸਿੰਘ ਖਾਬੜਾ, ਪਰਮਪ੍ਰੀਤ ਸਿੰਘ ਕੈਂਡੋਵਾਲ,ਪ੍ਰਵੀਨ ਮੈਹਤਾ, ਕੁਲਦੀਪ ਸਿੰਘ ਸਿੱਧੂ, ਕੋਚ ਮਹਿੰਦਰਜੀਤ ਸਿੰਘ ਤੇ ਦੇਸ਼ ਵਿਦੇਸ਼ ਤੋਂ ਖੇਡ ਪ੍ਰੇਮੀ ਤੇ ਖਿਡਾਰੀ ਪਹੁੰਚੇ ਹੋਏ ਸਨ। ਅਰਜਨਾ ਐਵਾਰਡੀ ਗੁਰਦੇਵ ਸਿੰਘ ਗਿੱਲ, ਸ਼ਵਿੰਦਰਜੀਤ ਸਿੰਘ ਬੈਂਸ ਤੇ ਐਸ. ਪੀ ਮੇਜਰ ਸਿੰਘ ਨੇ ਦੂਰ ਨੇੜੇ ਵਸਦੇ ਸਮੂਹ ਖੇਡ ਪ੍ਰੇਮੀਆਂ, ਖਿਡਾਰੀਆਂ ਤੇ ਫੁੱਟਬਾਲ ਨੂੰ ਪ੍ਰਫੁੱਲਤ ਕਰਨ ਲਈ ਯਤਨਸ਼ੀਲ ਉੱਦਮੀਆਂ ਨੂੰ 19 ਦਸੰਬਰ ਨੂੰ ਹਰ ਹਾਲ ਸੰਤੋਸ਼ ਟਰਾਫ਼ੀ ਦੇ ਉੱਤਰੀ ਜੋਨ ਦੇ ਅੰਤਿਮ ਦਿਨ ਦੇ ਮੁਕਾਬਲੇ ਦੇਖਣ ਲਈ ਖੁੱਲ੍ਹਾ ਸੱਦਾ ਦਿੱਤਾ।

# ਕਮਿਸ਼ਨਡ ਅ.ਫਸਰ ਬਣੇ ਅੱਠ ਸਾਬਕਾ ਕੈਡਿਟਾਂ ਦਾ ਅਚੀਵਰ ਐਵਾਰਡ ਨਾਲ ਸਨਮਾਨ



**ਚੰਡੀਗੜ੍ਹ, (ਗੁਰਜੀਤ ਬਿੱਲਾ)**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਦੇ ਸੁਪਨਿਆਂ ਨੂੰ ਖੰਭ ਲਾਉਣ ਦੀ ਵਚਨਬੱਧਤਾ ਤਹਿਤ ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ (ਐੱਮ ਆਰ ਐੱਸ ਏ ਐੱਫ ਪੀ ਆਈ), ਐੱਸ ਏ ਐੱਸ ਨਗਰ ਨੇ ਆਪਣੇ ਸਾਬਕਾ ਕੈਡਿਟਾਂ ਦੀਆਂ ਪ੍ਰਾਪਤੀਆਂ ਦਾ ਜਸ਼ਨ ਮਨਾਉਂਦਿਆਂ ਹਾਲ ਹੀ ਵਿੱਚ ਕਮਿਸ਼ਨਡ ਅਫ਼ਸਰ ਬਣੇ ਅੱਠ ਕੈਡਿਟਾਂ ਨੂੰ ਵੱਕਾਰੀ ਅਚੀਵਰ ਐਵਾਰਡ ਨਾਲ ਸਨਮਾਨਿਤ ਕੀਤਾ ।ਅਚੀਵਰ ਅਵਾਰਡ ਸਮਾਰੋਹ ਦੌਰਾਨ ਇਸ ਵੱਕਾਰੀ ਸੰਸਥਾ ਵੱਲੋਂ 2025 ਵਿੱਚ ਰੱਖਿਆ ਸੇਵਾਵਾਂ 'ਚ ਕਮਿਸ਼ਨ ਹਾਸਲ ਕਰਨ ਵਾਲੇ ਆਪਣੇ ਅੱਠ ਕੈਡਿਟਾਂ ਨੂੰ ਮਾਨਤਾ ਦਿੱਤੀ ਗਈ, ਜਿਨ੍ਹਾਂ ਵਿੱਚੋਂ ਸੱਤ ਕੈਡਿਟਾਂ ਨੇ ਨਵੰਬਰ/ਦਸੰਬਰ 2025 ਵਿੱਚ ਅਤੇ ਇੱਕ ਕੈਡਿਟ ਨੇ ਮਾਰਚ 2025 ਵਿੱਚ ਕਮਿਸ਼ਨ ਹਾਸਲ ਕੀਤਾ ਸੀ। ਇਨ੍ਹਾਂ ਨੌਜਵਾਨ ਅਫਸਰਾਂ ਨੇ ਸਿਖਲਾਈ ਅਧੀਨ ਕੈਡਿਟਾਂ ਨਾਲ ਗੱਲਬਾਤ ਕਰਦਿਆਂ ਪ੍ਰੀ-ਕਮਿਸ਼ਨਿੰਗ ਅਕੈਡਮੀਆਂ ਤੋਂ ਆਪਣੇ ਤਜਰਬੇ ਸਾਂਝੇ ਕੀਤੇ ਅਤੇ ਕੈਡਿਟਾਂ ਨੂੰ ਆਪਣੇ ਸੂਬੇ ਅਤੇ ਦੇਸ਼ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ।ਪੰਜਾਬ ਦੇ ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਅਚੀਵਰ ਐਵਾਰਡ ਹਾਸਲ ਕਰਨ ਵਾਲੇ ਅੱਠ ਨੌਜਵਾਨ ਅਧਿਕਾਰੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਨ੍ਹਾਂ ਦੀ ਸਫ਼ਲਤਾ ਪੰਜਾਬ ਦੇ ਹੋਰ ਨੌਜਵਾਨਾਂ ਨੂੰ ਵੀ ਰੱਖਿਆ ਸੇਵਾਵਾਂ ਵਿੱਚ ਸੇਵਾ ਨਿਭਾਉਣ ਅਤੇ ਆਪਣੇ ਦੇਸ਼ ਅਤੇ ਸੂਬੇ ਦਾ ਨਾਮ ਚਮਕਾਉਣ ਲਈ ਪ੍ਰੇਰਿਤ ਕਰੇਗੀ।

# ਮਨਰੇਗਾ ਕਾਨੂੰਨ ਵਿੱਚ ਸੋਧ ਮਜ਼ਦੂਰ ਦੀ ਰੋਟੀ 'ਤੇ ਇੱਕ ਹੋਰ ਡਾਕਾ : ਕਰਨ ਸਿੰਘ ਰਾਣਾ

**ਬਲਾਚੌਰ (ਜਸਵਿੰਦਰ ਬੈਂਸ)**- ਕੇਂਦਰ ਸਰਕਾਰ ਨੇ ਮਨਰੇਗਾ ਕਾਨੂੰਨ ਵਿੱਚ ਸੋਧ ਕਰਕੇ ਨਵਾਂ ਬਿਲ ਪਾਰਲੀਮੈਂਟ ਵਿੱਚ ਪੇਸ਼ ਕਰ ਦਿੱਤਾ ਹੈ ਜਿਸ ਦਾ ਨਾਂਅ ਵੀ ਬੀ ਜੀ ਰਾਮ ਜੀ ਰੱਖਿਆ ਗਿਆ ਹੈ। ਬਿਜਲੀ ਸੋਧ ਬਿਲ 2025, ਬੀਜ ਸੋਧ ਬਿਲ, ਅਤੇ ਚਾਰ ਲੇਬਰ ਕੋਡ ਦੇ ਕਾਨੂੰਨ ਤੋਂ ਬਾਅਦ ਇਹ ਵੱਡਾ ਹਮਲਾ ਮਜ਼ਦੂਰ ਦੀ ਰੋਟੀ ਖਾਣ ਲਈ ਕੀਤਾ ਗਿਆ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਕਰਨ ਸਿੰਘ ਰਾਣਾ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਹਨਾਂ ਸਪਸ਼ਟ ਕੀਤਾ ਕਿ ਇਹ ਸਾਰੇ ਹਮਲੇ ਕਾਰਪਰੇਟ ਦੇ ਹਿੱਤ ਪੂਰਨ ਲਈ ਕੇਂਦਰ ਅਤੇ ਸੂਬਾ ਸਰਕਾਰ ਵੱਲੋਂ ਕੀਤੇ ਜਾ ਰਹੇ ਹਨ। ਉਨਾਂ ਕਿਹਾ ਕਿ ਵਿਰੋਧੀ ਸਿਆਸੀ ਧਿਰਾਂ ਨਾਂਅ ਦੀ ਬਦਲੀ ਤੇ ਬਹਿਸ ਕਰ ਰਹੀ ਰਹੀਆਂ ਹਨ ਜਦਕਿ ਬਹਿਸ ਮਜ਼ਦੂਰ ਦੀ ਰੋਟੀ ਤੇ ਹੋਏ ਹਮਲੇ ਤੇ ਹੋਣੀ ਚਾਹੀਦੀ ਹੈ। ਰਾਣਾ ਨੇ ਕਿਹਾ ਕਿ ਮੌਜੂਦਾ ਸੋਧ ਅਨੁਸਾਰ ਸੂਬਾ ਸਰਕਾਰਾਂ ਨੇ ਹੁਣ 40% ਹਿੱਸਾ ਦੇਣਾ ਪਵੇਗਾ ਜਦਕਿ ਪਹਿਲਾ ਇਹ ਹਿੱਸਾ 10% ਸੀ। ਸੂਬਾ ਸਰਕਾਰਾਂ ਤਾਂ ਪਹਿਲਾਂ ਹੀ ਕਰਜਾਈ ਹੋ ਚੁੱਕੀਆਂ ਹਨ। ਇਸ ਕਰਕੇ ਉਹਨਾਂ ਤੋਂ ਹਿੱਸੇ ਦੀ ਆਸ ਕਰਨਾ ਸਹੀ ਨਹੀਂ ਹੈ। ਸਾਜਿਸ਼ ਅਧੀਨ ਮਨਰੇਗਾ ਕਾਨੂੰਨ ਨੂੰ ਖਤਮ ਕੀਤਾ ਜਾਵੇਗਾ ਅਤੇ ਮਜ਼ਦੂਰਾਂ ਤੋਂ ਹੁਣ ਦਾ ਕਾਨੂੰਨ ਹਾਸਿਲ ਕਰਨ ਦਾ



ਹੱਕ ਖਤਮ ਕਰ ਦਿੱਤਾ ਜਾਵੇਗਾ। ਇਸੇ ਤਰ੍ਹਾਂ ਪਹਿਲਾਂ ਕਿਰਤੀ ਸਾਲ ਵਿੱਚ 100 ਦਿਨ ਦੇ ਕੰਮ ਦੀ ਮੰਗ ਕਰ ਸਕਦਾ ਸੀ। ਇਹ ਮੰਗ ਕਿਰਤੀ ਆਪਣੀ ਵਿਹਲ ਅਨੁਸਾਰ ਕਰਦਾ ਸੀ। ਪਰ ਹੁਣ ਫਸਲਾਂ ਦੀ ਬਿਜਾਈ ਅਤੇ ਕਟਾਈ ਦੇ ਸਮੇਂ ਇਹ ਕੰਮ ਬੰਦ ਰਹੇਗਾ ਅਤੇ ਕਦੋਂ ਅਤੇ ਕਿੰਨੇ ਦਿਨ ਦਾ ਕੰਮ ਦੇਣਾ ਹੈ ਇਹ ਕੇਂਦਰ ਸਰਕਾਰ ਦੀ ਮਰਜ਼ੀ ਤੇ ਨਿਰਭਰ ਹੋਵੇਗਾ। ਇਸ ਤਰ੍ਹਾਂ ਮਜ਼ਦੂਰ ਦੇ ਸਵੈਮਾਨ ਤੇ ਸੱਟ ਮਾਰੀ ਜਾਵੇਗੀ ਅਤੇ ਬੇਰੁਜ਼ਗਾਰੀ ਭੱਤੇ ਦੀ ਸ਼ਰਤ ਵੀ ਖਤਮ ਹੋ ਜਾਵੇਗੀ। ਕਾਨੂੰਨ ਅਨੁਸਾਰ ਕੇਂਦਰ ਵੱਲੋਂ ਆਏ ਫੰਡਾਂ ਦਾ 40% ਹਿੱਸਾ ਮਟੀਰੀਅਲ ਕੋਸਟ ਦਾ ਹੁੰਦਾ ਹੈ ਜਿਸ ਵਿੱਚੋਂ ਸੂਬਾ ਸਰਕਾਰ ਪਿੰਡਾਂ ਦੇ ਵਿਕਾਸ ਜਿਵੇਂ ਕਿ ਗਲੀਆਂ ਨਾਲੀਆਂ ਆਦਿ ਦਾ ਕੰਮ ਕਰਵਾ ਸਕਦੀ ਸੀ ਪਰ ਹੁਣ ਸੂਬਾ ਸਰਕਾਰਾਂ ਤੇ ਹੀ 40% ਬੋਝ ਪਾ ਦਿੱਤਾ ਗਿਆ ਜਿਸ ਨਾਲ ਪਿੰਡਾਂ ਦੇ ਵਿਕਾਸ ਤੇ ਕੰਮ ਪ੍ਰਭਾਵਿਤ ਹੋਣਗੇ। ਉਹਨਾਂ ਕਿਹਾ ਕਿ ਮਨਰੇਗਾ ਕਾਨੂੰਨ ਦੀ ਰਾਖੀ ਕਰਨਾ ਮਜ਼ਦੂਰਾਂ ਅਤੇ ਮਜ਼ਦੂਰ ਜਥੇਬੰਦੀਆਂ ਦਾ ਮੁੱਢਲਾ ਕਾਰਜ ਹੈ ਜਿਸ ਨੂੰ ਵਿਸ਼ਾਲ ਸੰਘਰਸ਼ਾਂ ਰਾਹੀ ਨੇਪਰੇ ਚਾੜਿਆ ਜਾ ਸਕਦਾ ਹੈ। ਉਨਾ ਕਿਹਾ ਕਿ ਇਸ ਸੋਧ ਬਿਲ ਵਿੱਚ ਮਜ਼ਦੂਰਾਂ ਨੂੰ 125 ਦਿਨ ਦਾ ਕੰਮ ਸਾਲ ਵਿੱਚ ਦੇਣ ਦਾ ਵਾਇਦਾ ਕੀਤਾ ਗਿਆ ਹੈ। ਪੰਜਾਬ ਵਿੱਚ ਸਿਰਫ 38 ਦਿਨ ਦਾ ਕੰਮ ਐਵਰੇਜ ਸਾਲ ਵਿੱਚ ਮਜ਼ਦੂਰਾਂ ਨੂੰ ਦਿੱਤਾ ਜਾਂਦਾ ਹੈ ਤਾਂ 125 ਦਿਨ ਦਾ ਕੰਮ ਕਿੱਥੋਂ ਦੇਣਗੇ ਮਜ਼ਦੂਰ ਇਸ ਝੂਠੇ ਲਾਰੇ ਨੂੰ ਪੂਰੀ ਤਰਹਾਂ ਪਹਿਚਾਣਦਾ ਹੈ। ਇਸ ਮੌਕੇ ਮਨਰੇਗਾ ਅਧਿਕਾਰ ਅੰਦੋਲਨ ਦੇ ਜ਼ਿਲ੍ਹੇ ਦੇ ਆਗੂ ਸੁਰਜੀਤ ਮਲਪੁਰੀ, ਬੈਂਸ ਅਤੇ ਕਿਸਾਨ ਆਗੂ ਕਰਨੈਲ ਸਿੰਘ ਭੱਲਾ ਵੀ ਉਹਨਾਂ ਦੇ ਨਾਲ ਸਨ।

# ਬਿਮਲਾ ਦੇਵੀ ਦੀ ਜਿੱਤ 'ਤੇ ਕਮਲਜੀਤ ਬੰਗਾ ਵੱਲੋਂ ਵੋਟਰਾਂ ਦਾ ਧੰਨਵਾਦ

**ਬੰਗਾ (ਅਵਤਾਰ ਕਲੇਰ)**- ਜ਼ਿਲ੍ਹਾ ਪ੍ਰੀਸ਼ਦ ਜੋਨ ਕੁਲਥਮ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਬੀਬੀ ਬਿਮਲਾ ਦੇਵੀ ਬੰਗਾ ਚੋਣ



ਜਿੱਤ ਗਏ। ਬੀਬੀ ਬਿਮਲਾ ਦੇਵੀ ਦੇ ਪਤੀ ਸਮਾਜ ਸੇਵੀ, ਕਿਸਾਨ ਵਿੰਗ ਦੇ ਪ੍ਰਧਾਨ,ਸੀਨੀਅਰ ਕਾਂਗਰਸੀ ਆਗੂ ਕਮਲਜੀਤ ਬੰਗਾ ਸਾਬਕਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਨੇ ਕਾਂਗਰਸ ਪਾਰਟੀ ਦੇ ਆਗੂਆਂ, ਸਮਰਥਕਾਂ ਤੇ ਵੋਟਰਾਂ ਦਾ ਧੰਨਵਾਦ ਕੀਤਾ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਮਲਜੀਤ ਬੰਗਾ ਨੇ ਕਿਹਾ ਕਿ ਸਮੂਹ ਵੋਟਰਾਂ ਅਤੇ ਸਪੋਰਟਰਾਂ ਨੇ ਸਾਡੇ ਤੇ ਜੋ ਭਰੋਸਾ ਕਰਕੇ ਸਾਨੂੰ ਦੇ ਇਹ ਮਾਣ ਬਖ਼ਸ਼ਿਆ ਹੈ ਉਸ ਦਾ ਦੇਣਾ ਅਸੀਂ ਕਦੇ ਵੀ ਮੋੜ ਨਹੀਂ ਸਕਦੇ। ਕਮਲਜੀਤ ਬੰਗਾ ਅਤੇ ਉਹਨਾਂ ਦੀ ਧਰਮਪਤਨੀ ਬਿਮਲਾ ਦੇਵੀ ਮੈਂਬਰ ਜ਼ਿਲ੍ਹਾ ਪ੍ਰੀਸ਼ਦ ਨੇ ਸਮੂਹ ਵੋਟਰਾਂ ਅਤੇ ਸਪੋਟਰਾ ਵਿਸ਼ਵਾਸ ਦਿਵਾਇਆ ਕਿ ਇਮਾਨਦਾਰੀ ਨਾਲ ਪਾਰਟੀਬਾਜ਼ੀ ਤੋਂ ਉਪਰ ਉੱਠਕੇ ਸਾਰੇ ਕਾਰਜ ਕਰਾਂਗੇ। ਅਖੀਰ ਉਹਨਾਂ ਨੇ ਸਮੂਹ ਵੋਟਰਾਂ ਅਤੇ ਸਪੋਟਰਾ ਦਾ ਧੰਨਵਾਦ ਕੀਤਾ।



ਬਲਾਕ ਸ਼ਾਹਕੋਟ ਦੇ ਜ਼ੋਨ ਨੰਬਰ 7 (ਨੰਗਲ ਅੰਬੀਆਂ) ਤੋਂ ਕਾਂਗਰਸ ਪਾਰਟੀ ਦੇ ਜੇਤੂ ਉਮੀਦਵਾਰ ਸੁਖਦੇਵ ਸਿੰਘ ਸੁੱਖਾ ਆਰ ਓ ਮਨਦੀਪ ਸਿੰਘ ਤੇ ਏ ਆਰ ਓ ਵਿਕਰਮ ਸਿੰਘ ਪਾਸੋਂ ਸਰਟੀਫਿਕੇਟ ਪ੍ਰਾਪਤ ਕਰਦੇ ਹੋਏ। ਇਸ ਮੌਕੇ ਬੰਟੀ ਬੱਠਲਾ ਤੇ ਅਮਨਦੀਪ ਸੈਦਪੁਰੀ ਮੌਜੂਦ ਸਨ। (ਫੋਟੋ ਤੇ ਵੇਰਵਾ : ਗਿਆਨ ਸੈਦਪੁਰੀ, ਸ਼ਾਹਕੋਟ)



ਬਲਾਕ ਸ਼ਾਹਕੋਟ ਦੇ ਜ਼ੋਨ ਨੰਬਰ ਪੰਜ (ਢੰਡੋਵਾਲ) ਤੋਂ ਕਾਂਗਰਸ ਪਾਰਟੀ ਦੇ ਜੇਤੂ ਉਮੀਦਵਾਰ ਜਗਦੀਪ ਕੌਰ ਆਰ ਓ ਮਨਦੀਪ ਸਿੰਘ ਤੇ ਆਰ ਓ ਵਿਕਰਮ ਸਿੰਘ ਪਾਸੋ ਸਰਟੀਫਿਕੇਟ ਪ੍ਰਾਪਤ ਕਰਦੇ ਹੋਏ। ਇਸ ਮੌਕੇ ਸੁਰਿੰਦਰਜੀਤ ਸਿੰਘ ਚੱਠਾ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਸ਼ਾਹਕੋਟ ਅਤੇ ਰਕੇਸ਼ ਕੁਮਾਰ ਮੌਜੂਦ ਸਨ। (ਫੋਟੋ ਤੇ ਵੇਰਵਾ : ਗਿਆਨ ਸੈਦਪੁਰੀ, ਸ਼ਾਹਕੋਟ)

# ਸਵੱਛਤਾ ਰੈਲੀ ਕੀਤੀ

**ਫਗਵਾੜਾ, (ਡਾ. ਰਮਨ)**

ਡਾ. ਅਕਸ਼ਿਤਾ ਗੁਪਤਾ ਕਮਿਸ਼ਨਰ, ਮਿਊਂਸਪਲ ਕਾਰਪੋਰੇਸ਼ਨ ਫਗਵਾੜਾ ਦੇ ਨਿਰਦੇਸ਼ਾਂ ਅਨੁਸਾਰ ਫਗਵਾੜਾ ਇਨਵਾਇਰਨਮੈਂਟ



ਐਸੋਸੀਏਸ਼ਨ ਦੇ ਸਹਿਯੋਗ ਨਾਲ ਸਵੱਛਤਾ ਅਤੇ ਪਲਾਸਟਿਕ ਪ੍ਰਦੂਸ਼ਣ ਦੇ ਨੁਕਸਾਨਾਂ ਬਾਰੇ ਜਾਗਰੂਕਤਾ ਫੈਲਾਉਣ ਲਈ ਇੱਕ ਸਵੱਛਤਾ ਰੈਲੀ ਦਾ ਸਫਲਤਾਪੂਰਵਕ ਆਯੋਜਨ ਕੀਤਾ ਗਿਆ।ਇਸ ਰੈਲੀ ਵਿੱਚ ਸਕੂਲ ਆਫ਼ ਐਮੀਨੈਂਸ, ਐੱਸ ਡੀ ਪੁਤਰੀ ਪਾਠਸ਼ਾਲਾ ਸਕੂਲ ਅਤੇ ਰਾਮਗੜ੍ਹੀਆ ਗਰਲਜ਼ ਸੀਨੀਅਰ ਸੈਕੰਡਰੀ ਸਕੂਲ, ਸਤਨਾਮਪੁਰਾ ਦੇ ਵਿਦਿਆਰਥੀਆਂ ਨੇ ਬੜੇ ਜੋਸ਼ ਨਾਲ ਭਾਗ ਲਿਆ। ਰੈਲੀ ਦੀ ਸ਼ੁਰੂਆਤ ਸਕੂਲ ਆਫ਼ ਐਮੀਨੈਂਸ ਤੋਂ ਹੋਈ ਅਤੇ ਇਹ ਬਾਂਸਾ ਵਾਲਾ ਬਾਜ਼ਾਰ, ਲੋਹਾ ਮੰਡੀ, ਗਊਸ਼ਾਲਾ ਬਾਜ਼ਾਰ, ਗਾਂਧੀ ਚੌਂਕ ਸਮੇਤ ਸ਼ਹਿਰ ਦੇ ਵੱਖ-ਵੱਖ ਪ੍ਰਮੁੱਖ ਇਲਾਕਿਆਂ ਵਿੱਚੋਂ ਗੁਜ਼ਰਦੀ ਹੋਈ ਮੁੜ ਸਕੂਲ ਆਫ਼ ਐਮੀਨੈਂਸ ਵਿੱਚ ਸਮਾਪਤ ਹੋਈ।ਰੈਲੀ ਦੌਰਾਨ ਵਿਦਿਆਰਥੀਆਂ ਵੱਲੋਂ ਪਲਾਸਟਿਕ ਹਟਾਓ-ਪਰਿਆਵਰਨ ਬਚਾਓ ਅਤੇ ਸਫ਼ਾਈ ਅਪਨਾਓ - ਬਿਮਾਰੀਆਂ ਦੂਰ ਭਜਾਓ ਵਰਗੇ ਪ੍ਰਭਾਵਸ਼ਾਲੀ ਨਾਅਰੇ ਲਗਾਏ ਗਏ, ਜਿਸ ਰਾਹੀਂ ਸ਼ਹਿਰ ਦੇ ਨਿਵਾਸੀਆਂ ਨੂੰ ਸਿੰਗਲ-ਯੂਜ਼ ਪਲਾਸਟਿਕ ਨੂੰ ਤਿਆਗਣ ਅਤੇ ਸਾਫ਼-ਸੁਥਰੇ ਤੇ ਸਿਹਤਮੰਦ ਜੀਵਨ ਲਈ ਟਿਕਾਊ ਆਦਤਾਂ ਅਪਣਾਉਣ ਲਈ ਪ੍ਰੇਰਿਤ ਕੀਤਾ ਗਿਆ। ਨਾਅਰਿਆਂ ਦੇ ਨਾਲ-ਨਾਲ ਰੈਲੀ ਦੇ ਦੌਰਾਨ ਵੱਖ-ਵੱਖ ਥਾਵਾਂ 'ਤੇ ਵਿਦਿਆਰਥੀਆਂ ਵੱਲੋਂ ਨੁੱਕੜ ਨਾਟਕ ਵੀ ਪੇਸ਼ ਕੀਤੇ ਗਏ। ਇਨ੍ਹਾਂ ਨਾਟਕਾਂ ਰਾਹੀਂ ਪਲਾਸਟਿਕ ਪ੍ਰਦੂਸ਼ਣ ਦੇ ਨੁਕਸਾਨਾਂ ਨੂੰ ਰਚਨਾਤਮਕ ਢੰਗ ਨਾਲ ਦਰਸਾਇਆ ਗਿਆ ਅਤੇ ਪਰਿਆਵਰਨ ਦੀ ਰੱਖਿਆ ਲਈ ਸਮੂਹਕ ਜ਼ਿੰਮੇਵਾਰੀ ਉੱਤੇ ਜ਼ੋਰ ਦਿੱਤਾ ਗਿਆ।ਇਸ ਉਪਰਾਲੇ ਵਿੱਚ ਮਲਕੀਅਤ ਸਿੰਘ ਰਘੋਤਰਾ, ਪ੍ਰਿੰਸੀਪਲ ਰਣਜੀਤ ਸਿੰਘ ਗੋਗਨਾ, ਮੋਨਿਕਾ ਸ਼ਰਮਾ, ਅੰਜੂ ਬਾਲਾ, ਸਿਮਰਨਜੀਤ, ਕ੍ਰਿਸ਼ਨ ਕੁਮਾਰ, ਮੋਹਨ ਲਾਲ, ਪੂਜਾ (ਆਈ ਈ ਸੀ ਐਕਸਪਰਟ), ਸੁਨੀਤਾ ਸ਼ਰਮਾ (ਸੀ ਐੱਫ), ਆਸ਼ਾ ਰਾਣੀ (ਸੀ ਐੱਫ) ਆਦਿ ਵੱਲੋਂ ਸਰਗਰਮ ਸਹਿਯੋਗ ਦਿੱਤਾ ਗਿਆ।ਮਿਊਂਸਪਲ ਕਾਰਪੋਰੇਸ਼ਨ ਫਗਵਾੜਾ ਵੱਲੋਂ ਸਫ਼ਾਈ, ਪਰਿਆਵਰਨ ਸੁਰੱਖਿਆ ਅਤੇ ਜਨ-ਭਾਗੀਦਾਰੀ ਨੂੰ ਉਤਸ਼ਾਹਿਤ ਕਰਨ ਪ੍ਰਤੀ ਆਪਣੀ ਵਚਨਬੱਧਤਾ ਦੁਹਰਾਉਂਦੇ ਹੋਏ ਸਾਰੇ ਨਾਗਰਿਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਫਗਵਾੜਾ ਨੂੰ ਸਾਫ਼, ਹਰਾ-ਭਰਾ ਅਤੇ ਪਲਾਸਟਿਕ-ਮੁਕਤ ਸ਼ਹਿਰ ਬਣਾਉਣ ਲਈ ਸਰਗਰਮ ਭੂਮਿਕਾ ਨਿਭਾਉਣ।

# ਬਲਬੀਰ ਸਿੰਘ ਸਿੱਧੂ ਵੱਲੋਂ ਮੋਹਾਲੀ 'ਚ ਤੋੜਫੋੜ ਦੀ ਸਖਤ ਨਿੰਦਾ

**ਮੋਹਾਲੀ (ਗੁਰਜੀਤ ਬਿੱਲਾ)**

ਸੀਨੀਅਰ ਕਾਂਗਰਸ ਆਗੂ ਅਤੇ ਪੰਜਾਬ ਦੇ ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਨੇ ਮੋਹਾਲੀ ਦੇ ਫੇਜ਼-11 ਵਿੱਚ ਚੱਲ ਰਹੀ ਤੋੜਫੋੜ ਕਾਰਵਾਈ ਦਾ ਕੜਾ ਵਿਰੋਧ ਕਰਦਿਆਂ ਦਾਅਵਾ ਕੀਤਾ ਕਿ ਆਮ ਆਦਮੀ ਪਾਰਟੀ ਸਰਕਾਰ ਅਤੇ ਇਸ ਦੀਆਂ ਏਜੰਸੀਆਂ ਕਾਨੂੰਨ ਦੇ ਨਾਂ 'ਤੇ ਮਨਮਾਨੀ ਅਤੇ ਗੈਰ-ਕਾਨੂੰਨੀ ਕਾਰਵਾਈ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਆਮ ਨਾਗਰਿਕਾਂ, ਛੋਟੇ ਦੁਕਾਨਦਾਰਾਂ ਅਤੇ ਰੇਹੜੀ-ਫੜ੍ਹੀ ਵਾਲਿਆਂ ਦੀ ਰੋਜ਼ੀ-ਰੋਟੀ ਅਤੇ ਸਮਾਨ ਨੂੰ ਕੁਚਲ ਕੇ ਕੋਈ ਵੀ ਤੋੜਫੋੜ ਸਵੀਕਾਰਯੋਗ ਨਹੀਂ ।ਬਲਬੀਰ ਸਿੰਘ ਸਿੱਧੂ ਨੇ ਦਾਅਵਾ ਕੀਤਾ ਕਿ ਗਮਾਡਾ ਬਿਨਾਂ ਕਾਨੂੰਨੀ ਪ੍ਰਕਿਰਿਆ ਦਾ ਪਾਲਣ ਕੀਤੇ ਅਤੇ ਪ੍ਰਭਾਵਿਤ ਲੋਕਾਂ ਨੂੰ ਪਹਿਲਾ ਸੂਚਨਾ ਦਿੱਤੇ ਬਿਨਾਂ ਜ਼ਬਰਦਸਤੀ ਤੋੜਫੋੜ ਕਰ ਰਹੀ ਹੈ, ਜੋ ਪੂਰੀ ਤਰ੍ਹਾਂ ਗੈਰਕਾਨੂੰਨੀ, ਮਨਮਾਨੀ ਅਤੇ ਗੈਰਸੰਵਿਧਾਨਕ ਹੈ। ਉਨ੍ਹਾਂ ਕਿਹਾ, ਇਹ ਮਿਹਨਤਕਸ਼ ਲੋਕਾਂ 'ਤੇ ਥੋਪੀ ਜਾ ਰਹੀ ਬੁਲਡੋਜ਼ਰ-ਸ਼ੈਲੀ ਦੀ ਸ਼ਾਸਨ ਪ੍ਰਣਾਲੀ ਹੈ। ਸੁਪਰੀਮ ਕੋਰਟ ਦੇ ਫੈਸਲਿਆਂ ਦਾ ਹਵਾਲਾ ਦਿੰਦਿਆਂ, ਸਿੱਧੂ ਨੇ ਕਿਹਾ ਕਿ ਸਿਖਰਲੀ ਅਦਾਲਤ ਵਾਰ-ਵਾਰ ਸਪਸ਼ਟ ਕਰ ਚੁੱਕੀ ਹੈ ਕਿ ਰੋਜ਼ੀ-ਰੋਟੀ ਦਾ ਅਧਿਕਾਰ ਸੰਵਿਧਾਨ ਦੇ ਅਨੁਛੇਦ 21 ਦਾ ਅਟੁੱਟ ਹਿੱਸਾ ਹੈ। ਓਲਗਾ ਟੇਲਿਸ ਬਨਾਮ ਬੰਬੇ ਨਗਰ ਨਿਗਮ ਸਮੇਤ ਇਤਿਹਾਸਕ ਫੈਸਲਿਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਬਿਨਾਂ ਉਚਿਤ ਨੋਟਿਸ, ਸੁਣਵਾਈ, ਕਾਨੂੰਨੀ ਪ੍ਰਕਿਰਿਆ ਅਤੇ ਪੁਨਰਵਾਸ ਦੇ ਕੋਈ ਵੀ ਬੇਦਖਲੀ ਜਾਂ ਤੋੜਫੋੜ ਕਾਰਵਾਈ ਨਹੀਂ ਕੀਤੀ ਜਾ ਸਕਦੀ, ਅਤੇ ਇਨ੍ਹਾਂ ਨਿਯਮਾਂ ਦਾ ਉਲੰਘਣ ਕਾਨੂੰਨਨ ਅਪਰਾਧ ਹੈ।ਉਨ੍ਹਾਂ ਕਿਹਾ ਕਿ ਫੇਜ਼-11 ਵਿੱਚ ਨਿਵਾਸੀਆਂ ਵੱਲੋਂ ਕੀਤੇ ਜਾ ਰਹੇ ਵਿਰੋਧ ਪ੍ਰਦਰਸ਼ਨ ਆਪ ਸਰਕਾਰ ਦੀ ਅਸੰਵੇਦਨਸ਼ੀਲਤਾ ਅਤੇ ਅਸਫਲਤਾ ਨੂੰ ਦਰਸਾਉਂਦੇ ਹਨ, ਜੋ ਸੰਵਾਦ ਦੀ ਥਾਂ ਜ਼ਬਰਦਸਤੀ ਦਾ ਰਸਤਾ ਅਪਣਾ ਰਹੀ ਹੈ।ਸਿੱਧੂ ਨੇ ਕਿਹਾ, ਅਦਾਲਤੀ ਹੁਕਮਾਂ ਦਾ ਦੁਰੁਪਯੋਗ ਪ੍ਰਸ਼ਾਸਕੀ ਅਹੰਕਾਰ ਛੁਪਾਉਣ ਲਈ ਨਹੀਂ ਕੀਤਾ ਜਾ ਸਕਦਾ। ਸੁਪਰੀਮ ਕੋਰਟ ਨੇ ਖੁਦ ਕਿਹਾ ਹੈ ਕਿ ਕਾਰਵਾਈ ਨਿਰਪੱਖ, ਮਨੁੱਖੀ ਅਤੇ ਕਾਨੂੰਨੀ ਹੋਣੀ ਚਾਹੀਦੀ ਹੈ। ਸਪਸ਼ਟ ਰਾਜਨੀਤਕ ਰੁਖ ਅਪਣਾਉਂਦੇ ਹੋਏ ਬਲਬੀਰ ਸਿੰਘ ਸਿੱਧੂ ਨੇ ਐਲਾਨ ਕੀਤਾ ਕਿ ਉਹ ਅਤੇ ਕਾਂਗਰਸ ਪਾਰਟੀ ਇਸ ਤਰ੍ਹਾਂ ਦੀ ਗੈਰਕਾਨੂੰਨੀ ਤੋੜਫੋੜ ਨੂੰ ਕਿਸੇ ਵੀ ਕੀਮਤ 'ਤੇ ਹੋਣ ਨਹੀਂ ਦੇਣਗੇ।ਉਨ੍ਹਾਂ ਕਿਹਾ, ਅਸੀਂ ਅਤੇ ਕਾਂਗਰਸ, ਆਪ ਸਰਕਾਰ ਨੂੰ ਮੋਹਾਲੀ ਦੇ ਲੋਕਾਂ ਦੇ ਅਧਿਕਾਰਾਂ ਅਤੇ ਰੋਜ਼ਗਾਰ 'ਤੇ ਬੁਲਡੋਜ਼ਰ ਚਲਾਉਣ ਨਹੀਂ ਦੇਵਾਂਗੇ। ਅਸੀਂ ਸੜਕਾਂ 'ਤੇ, ਅਦਾਲਤਾਂ ਵਿੱਚ ਅਤੇ ਹਰ ਲੋਕਤੰਤਰੀ ਮੰਚ 'ਤੇ ਜਨਤਾ ਨਾਲ ਖੜ੍ਹੇ ਰਹਾਂਗੇ।



19-DEC-PAGE-10.qxd 12/18/2025 10:45 PM Page 1



## ਲੋਕ ਸੇਵਾ ਸੁਸਾਇਟੀ ਨੇ ਸ਼ਮਸ਼ਾਨਘਾਟ 'ਚ ਸੀਮੈਂਟ ਦੇ ਬੈਂਚ ਦਿੱਤੇ



**ਜਗਰਾਉਂ (ਸੰਜੀਵ ਅਰੋੜਾ)**-ਲੋਕ ਸੇਵਾ ਸੁਸਾਇਟੀ ਜਗਰਾਉਂ ਵੱਲੋਂ ਦੋ ਸ਼ਮਸ਼ਾਨ ਘਾਟਾਂ ਨੂੰ ਅੱਠ ਸੀਮੈਂਟ ਦੇ ਬੈਂਚ ਦਿੱਤੇ ਗਏ। ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਰਾਜਿੰਦਰ ਜੈਨ ਕਾਕਾ, ਸੈਕਟਰੀ ਡਾ: ਕੁਲਭੂਸ਼ਨ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਨੇ ਦੱਸਿਆ ਕਿ ਲੋਕ ਸੇਵਾ ਸੁਸਾਇਟੀ ਵੱਲੋਂ ਜਗਰਾਉਂ ਦੇ ਡਿਸਪੋਜ਼ਲ ਰੋਡ ਵਾਲੇ ਸ਼ਮਸ਼ਾਨ ਘਾਟ ਤੇ ਯਸੂ ਮਸੀਹ ਚਰਚ ਜਗਰਾਉਂ ਨੂੰ ਲੋਕਾਂ ਦੇ ਬੈਠਣ ਲਈ ਚਾਰ-ਚਾਰ ਸੀਮੈਂਟ ਦੇ ਬੈਂਚ ਦਿੱਤੇ ਗਏ। ਉਨ੍ਹਾਂ ਦੱਸਿਆ ਕਿ ਸ਼ਮਸ਼ਾਨ ਘਾਟ ਪ੍ਰਬੰਧਕਾਂ ਦੀ ਮੰਗ ਸੀ ਕਿ ਸਸਕਾਰ ਲਈ ਆਉਂਦੇ ਵਿਅਕਤੀਆਂ ਨੂੰ ਬੈਠਣ ਵਾਸਤੇ ਸੀਮੈਂਟ ਦੇ ਬੈਂਚਾਂ ਦੀ ਲੋੜ ਹੈ, ਜਿਸ ਨੂੰ ਦੇਖਦੇ ਹੋਏ ਸੁਸਾਇਟੀ ਵੱਲੋਂ ਇਹ ਬੈਂਚ ਦਿੱਤੇ ਗਏ ਹਨ। ਇਸ ਮੌਕੇ ਸੁਸਾਇਟੀ ਦੇ ਵਾਈਸ ਚੇਅਰਮੈਨ ਸੁਖਜਿੰਦਰ ਸਿੰਘ ਢਿੱਲੋਂ, ਕੰਵਲ ਕੱਕੜ, ਅਨਿਲ ਮਲਹੋਤਰਾ, ਮਨੀਸ਼ ਬਾਂਸਲ, ਸੁਖਜਿੰਦਰ ਸਿੰਘ ਢਿੱਲੋਂ, ਦਰਸ਼ਨ ਲਾਲ ਜੁਨੇਜਾ, ਲੋਕੇਸ਼ ਟੰਡਨ, ਨੀਰਜ ਮਿੱਤਲ, ਪ੍ਰੋਜੈਕਟ ਚੇਅਰਮੈਨ ਮਨੋਹਰ ਸਿੰਘ ਟੱਕਰ ਸਮੇਤ ਪ੍ਰਬੰਧਕ ਪਵਨਦੀਪ ਸਿੰਘ, ਬਲਜਿੰਦਰ ਸਿੰਘ ਸਰਪੰਚ, ਸੀਪਾ ਸਿੰਘ, ਬਲਜੀਤ ਸਿੰਘ ਸ਼ਮਸ਼ਾਨ ਘਾਟ ਅਗਵਾੜ ਖ਼ਵਾਜਾ ਬਾਜੂ ਤੇ ਜੱਸੂ ਮਸੀਹ ਚਰਚ ਤਹਿਸੀਲ ਰੋਡ ਵਿਖੇ ਚਾਰ-ਚਾਰ ਬੈਂਚ ਦੇਣ ਦੀ ਸੇਵਾ ਕੀਤੀ ਗਈ।

## ਯੂਥ ਆਗੂਆਂ ਵੱਲੋਂ ਜਥੇਦਾਰ ਤੀਰਥ ਸਿੰਘ ਮਾਹਲਾ ਨੂੰ ਵਧਾਈ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ਼੍ਰੋਮਣੀ ਅਕਾਲੀ ਦਲ ਵੱਲੋਂ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਪ੍ਰਾਪਤ ਕੀਤੀ ਗਈ ਮਹੱਤਵਪੂਰਨ ਜਿੱਤ ਮੌਕੇ ਅਕਾਲੀ ਯੂਥ ਆਗੂਆਂ ਨੇ ਹਲਕੇ ਦੇ ਇੰਚਾਰਜ ਅਤੇ ਕੋਰ ਕਮੇਟੀ ਮੈਂਬਰ ਜਥੇਦਾਰ ਤੀਰਥ ਸਿੰਘ ਮਾਹਲਾ ਨੂੰ ਮੁਬਾਰਕਬਾਦ ਦਿੱਤੀ। ਯੂਥ ਪ੍ਰਧਾਨ ਐਸ.ਓ.ਆਈ ਗੁਰਦਿੱਤ ਸਿੰਘ ਢਿੱਲੋਂ, ਯੂਥ ਆਗੂ ਪਵਨ ਗੋਇਲ, ਰਣਜੀਤ ਸਿੰਘ ਸ਼ੀਤਾ, ਯੂਥ ਪ੍ਰਧਾਨ ਰਾਮ ਬਾਂਸਲ, ਯੂਥ ਆਗੂ ਸੁਖਬੀਰ ਸਿੰਘ ਬਰਾੜ ਅਤੇ ਬਲਬੀਰ ਸਿੰਘ ਭੰਗੂ ਜੈਮਲਵਾਲਾ ਨੇ ਕਿਹਾ ਕਿ ਇਹ ਜਿੱਤ ਹਲਕੇ ਦੇ ਲੋਕਾਂ ਦੇ ਭਰੋਸੇ ਤੇ ਜਥੇਦਾਰ ਤੀਰਥ ਸਿੰਘ ਮਾਹਲਾ ਦੀ ਮਿਹਨਤ ਦਾ ਨਤੀਜਾ ਹੈ। ਉਨ੍ਹਾਂ ਕਿਹਾ ਕਿ ਬਲਾਕ ਸੰਮਤੀ ਦੀਆਂ 25 ਸੀਟਾਂ 'ਚੋਂ 13 ਸੀਟਾਂ 'ਤੇ ਸ਼ਾਨਦਾਰ ਜਿੱਤ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚਾਰ ਵਿੱਚੋਂ ਤਿੰਨ ਸੀਟਾਂ 'ਤੇ ਕਬਜ਼ਾ ਹਲਕੇ ਦੇ ਅਕਾਲੀ ਦਲ ਵਰਕਰਾਂ ਦੀ ਇਕਜੁਟਤਾ ਅਤੇ ਸੰਗਠਨ ਦੀ ਮਜ਼ਬੂਤੀ ਨੂੰ ਦਰਸਾਉਂਦਾ ਹੈ।ਯੂਥ ਆਗੂਆਂ ਨੇ ਕਿਹਾ ਕਿ ਇਹ ਨਤੀਜੇ ਹਲਕੇ ਦੇ ਨੌਜਵਾਨਾਂ, ਵਰਕਰਾਂ ਅਤੇ ਸਮਰਥਕਾਂ ਵੱਲੋਂ ਕੀਤੀ ਗਈ ਲਗਾਤਾਰ ਮਿਹਨਤ ਦਾ ਨਤੀਜਾ ਹਨ।ਉਨ੍ਹਾਂ ਕਿਹਾ ਕਿ ਜਥੇਦਾਰ ਤੀਰਥ ਸਿੰਘ ਮਾਹਲਾ ਵੱਲੋਂ ਸੰਗਠਨ ਨੂੰ ਮਜ਼ਬੂਤ ਕਰਨ ਲਈ ਕੀਤੇ ਯਤਨ ਅਤੇ ਵਰਕਰਾਂ ਨਾਲ ਨਿਰੰਤਰ ਸੰਪਰਕ ਨੇ ਚੋਣਾਂ ਵਿੱਚ ਜਿੱਤ ਦੀ ਮਜ਼ਬੂਤ ਬੁਨਿਆਦ ਰੱਖੀ।ਯੂਥ ਲੀਡਰਾਂ ਨੇ ਦਾਅਵਾ ਕੀਤਾ ਕਿ ਇਹ ਜਿੱਤ ਅਕਾਲੀ ਦਲ ਨੂੰ ਹੋਰ ਤਾਕਤ ਦੇਵੇਗੀ ਤੇ ਆਉਣ ਵਾਲੇ ਸਮੇਂ ਵਿੱਚ ਪਾਰਟੀ ਹਲਕੇ ਦੇ ਵਿਕਾਸ ਲਈ ਹੋਰ ਵੀ ਤਰੱਕੀਸ਼ੀਲ ਹੋਰ ਪਸਾਰੇਗੀ।

## ਪਦਮ ਸ੍ਰੀ ਜਤਿੰਦਰ ਸਿੰਘ ਸ਼ੰਟੀ ਵੱਲੋਂ 'ਸਾਡੀਆਂ ਰੋਜ਼ਾਨਾ ਜ਼ਰੂਰਤਾਂ ਤੇ ਪੰਜਾਬ 'ਚ ਮਨੁੱਖੀ ਅਧਿਕਾਰ' ਵਿਸ਼ੇ 'ਤੇ ਵਿਸ਼ੇਸ਼ ਲੈਕਚਰ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਪੰਜਾਬ ਕੇਂਦਰੀ ਯੂਨੀਵਰਸਿਟੀ (ਸੀਯੂ ਪੰਜਾਬ) ਦੀ ਡਾ. ਅੰਬੇਦਕਰ ਚੇਅਰ ਆਨ ਹਿਊਮਨ ਰਾਈਟਸ ਐਂਡ ਐਨਵਾਇਰਮੈਂਟਲ ਵੈਲਿਊਜ਼ ਵੱਲੋਂ ਕੁਲਪਤੀ ਪ੍ਰੋ. ਰਾਘਵੇਂਦਰ ਪ੍ਰਸਾਦ ਤਿਵਾਰੀ ਦੀ ਸਰਪ੍ਰਸਤੀ ਤੇ ਪ੍ਰੋ-ਵਾਈਸ ਚਾਂਸਲਰ ਪ੍ਰੋ. ਕਿਰਣ ਹਜ਼ਾਰਿਕਾ ਦੀ ਅਗਵਾਈ ਹੇਠ 'ਸਾਡੀਆਂ ਰੋਜ਼ਾਨਾ ਜ਼ਰੂਰਤਾਂ ਤੇ ਪੰਜਾਬ ਰਾਜ ਵਿੱਚ ਮਨੁੱਖੀ ਅਧਿਕਾਰ' ਵਿਸ਼ੇ 'ਤੇ ਇੱਕ ਵਿਸ਼ੇਸ਼ ਲੈਕਚਰ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਪੰਜਾਬ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਦੇ ਮਾਨਯੋਗ ਮੈਂਬਰ ਅਤੇ ਪਦਮ ਸ੍ਰੀ ਨਾਲ ਸਨਮਾਨਤ ਪ੍ਰਸਿੱਧ ਸਮਾਜਸੇਵੀ ਸ੍ਰੀ ਜਤਿੰਦਰ ਸਿੰਘ ਸ਼ੰਟੀ ਮੁੱਖ ਵਕਤਾ ਵਜੋਂ ਸ਼ਾਮਲ ਹੋਏ।ਪਦਮ ਸ੍ਰੀ ਸ਼ੰਟੀ ਨੇ ਕਿਹਾ ਕਿ ਮਨੁੱਖੀ ਅਧਿਕਾਰ ਕੇਵਲ ਕਾਨੂੰਨੀ ਪ੍ਰਬੰਧਾਂ ਤੱਕ ਸੀਮਿਤ ਨਹੀਂ ਹਨ, ਸਗੋਂ ਇਹ ਰੋਜ਼ਾਨਾ ਜੀਵਨ ਦੀਆਂ ਬੁਨਿਆਦੀ ਲੋੜਾਂ ਜਿਵੇਂ ਸਿਹਤ, ਮਨੁੱਖੀ ਗੌਰਵ, ਐਮਰਜੈਂਸੀ ਸੇਵਾਵਾਂ, ਮਰੀਜ਼ਾਂ ਦੇ ਅਧਿਕਾਰ ਅਤੇ ਮ੍ਰਿਤਕ ਦੇਹ ਦੀ ਸਨਮਾਨਜਨਕ ਸੰਭਾਲ ਨਾਲ ਗਹਿਰਾਈ ਨਾਲ ਜੁੜੇ ਹੋਏ ਹਨ।ਉਨ੍ਹਾਂ ਮਨੁੱਖੀ ਅਧਿਕਾਰਾਂ ਦੀ ਜਾਣਕਾਰੀ ਦੇ ਨਾਲ ਨਾਲ ਜ਼ਿੰਮੇਵਾਰੀ ਦੀ ਭਾਵਨਾ ਦੇ ਵਿਕਾਸ ਦੀ ਲੋੜ 'ਤੇ ਵੀ ਜ਼ੋਰ ਦਿੱਤਾ।ਕੋਵਿਡ-19 ਮਹਾਂਮਾਰੀ ਦੌਰਾਨ ਆਪਣੇ ਸੇਵਾ ਅਨੁਭਵ ਸਾਂਝੇ ਕਰਦਿਆਂ ਉਨ੍ਹਾਂ ਦੱਸਿਆ ਕਿ ਸਮੇਂ ਸਿਰ ਐਂਬੂਲੈਂਸ ਸੇਵਾਵਾਂ, ਆਕਸੀਜਨ ਦੀ ਉਪਲਬਧਤਾ, ਚਿਕਿਤਸਾ ਸਹਾਇਤਾ ਤੇ ਮਨੁੱਖੀ ਸੰਵੇਦਨਸ਼ੀਲਤਾ ਨੇ ਸੰਕਟ ਦੇ ਹਾਲਾਤਾਂ 'ਚ ਅਣਗਿਣਤ ਪਰਿਵਾਰਾਂ ਨੂੰ ਸਹਾਰਾ ਪ੍ਰਦਾਨ ਕੀਤਾ।

## ਮਹਾਰਾਜਾ ਹੀਰਾ ਸਿੰਘ ਦਾ ਜਨਮ ਦਿਹਾੜਾ ਮਨਾਇਆ



**ਨਾਭਾ (ਵਰਿੰਦਰ ਵਰਮਾ)**-ਰਿਆਸਤੀ ਨਗਰੀ ਦੇ ਧਰਮੀ ਰਾਜਾ ਮਹਾਰਾਜਾ ਹੀਰਾ ਸਿੰਘ ਦਾ 182ਵਾਂ ਜਨਮ ਦਿਹਾੜਾ ਨੂੰ ਸਮਰਪਤ ਧਾਰਮਿਕ ਸਮਾਗਮ ਰਿਆਸਤੀ ਕਿਲ੍ਹਾ ਵਿਖੇ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਦੀ ਅਗਵਾਈ ਵਿੱਚ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ।ਸਮਾਗਮ ਵਿੱਚ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਸ ਮੌਕੇ ਬਾਬਾ ਗੁਲਾਬ ਸਿੰਘ ਜੀ ਚਮਕੌਰ ਸਾਹਿਬ ਵਾਲੇ, ਬਾਬਾ ਨਰਿੰਦਰ ਸਿੰਘ ਲਹੌਰਾਂ ਸਾਹਿਬ, ਰਾਜਿੰਦਰ ਸਿੰਘ ਵੱਲੋਂ ਕਥਾ ਤੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ।ਵਿਧਾਇਕ ਦੇਵ ਮਾਨ ਨੇ ਕਿਹਾ ਕਿ ਨਾਭਾ ਰਿਆਸਤ ਦੇ ਮਹਾਰਾਜਾ ਹੀਰਾ ਸਿੰਘ ਦਾ ਨਾਮ ਧਰਮੀ ਮਹਾਰਾਜੇ ਵਜੋਂ ਮਸ਼ਹੂਰ ਹੈ, ਜਿਨ੍ਹਾਂ ਨੇ ਆਪਣੇ ਰਾਜ ਸਮੇਂ ਹਰ ਧਰਮ ਦੇ ਜਾਤ-ਪਾਤ ਤੋਂ ਉੱਪਰ ਉੱਠ ਕੇ ਰਾਜ ਕੀਤਾ ਅਤੇ ਜਨਤਾ ਦੇ ਹਰਮਨ ਪਿਆਰੇ ਮਹਾਰਾਜਾ ਬਣੇ।ਉਨ੍ਹਾਂ ਕਿਹਾ ਕਿ ਮਹਾਰਾਜਾ ਹੀਰਾ ਸਿੰਘ ਦਾ ਜਨਮ 18 ਦਸੰਬਰ 1843 ਈ: ਵਿੱਚ ਨਾਭਾ ਰਿਆਸਤ ਵਿੱਚ ਪੈਂਦੇ ਅਤੇ ਮੌਜੂਦਾ ਸੰਗਰੂਰ ਜ਼ਿਲ੍ਹੇ ਦੇ ਪਿੰਡ ਬਡਰੁੱਖਾਂ ਵਿਖੇ ਹੋਇਆ।ਮਹਾਰਾਜਾ ਹੀਰਾ ਸਿੰਘ ਦੇ ਪਿਤਾ ਮਹਾਰਾਜਾ ਸੁੱਖਾ ਸਿੰਘ ਸਨ।ਮਹਾਨ ਸ਼ਬਦਕੋਸ਼ ਅਨੁਸਾਰ ਰਾਜਾ ਭਰਪੂਰ ਸਿੰਘ ਦੇ ਔਲਾਦ ਨਾ ਹੋਣ ਕਰਕੇ ਉਨ੍ਹਾਂ ਦੀ ਮੌਤ ਤੋਂ ਬਾਅਦ ਫੂਲਕੀਆ ਪਰਿਵਾਰ 'ਚੋਂ ਸਭ ਤੋਂ ਨੇੜਲੇ ਰਿਸ਼ਤੇਦਾਰੀ ਵਿੱਚ ਪੈਂਦੇ ਸ੍ਰੀ ਮਹਾਰਾਜਾ ਹੀਰਾ ਸਿੰਘ ਨੂੰ ਤਖਤ 'ਤੇ ਬਿਠਾਇਆ ਗਿਆ, ਜਿਨ੍ਹਾਂ ਨੇ ਆਪਣੇ ਰਾਜ-ਕਾਲ ਦੌਰਾਨ ਪ੍ਰਜਾ ਨੂੰ ਬਹੁਤ ਸੁੱਖ ਦਿੱਤਾ।ਮਹਾਰਾਜਾ ਹੀਰਾ ਸਿੰਘ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਵਿਸ਼ਵਾਸ ਰੱਖਦੇ ਸਨ, ਪਰ ਉਹ ਹਰ ਧਰਮ ਦਾ ਸਤਿਕਾਰ ਕਰਦੇ ਸਨ ਤੇ ਸਿੱਖ ਧਰਮ ਲਈ ਉਨ੍ਹਾਂ ਨੇ ਅਨੇਕਾਂ ਕਾਰਜ ਕੀਤੇ।ਇਸ ਮੌਕੇ ਮਹਾਰਾਣੀ ਉਮਾ ਸਿੰਘ, ਰਾਣੀ ਪ੍ਰੀਤੀ ਸਿੰਘ ਆਦਿ ਪਰਿਵਾਰ ਹਾਜ਼ਰ ਸੀ।

## ਬੀਬੀ ਕੁਲਦੀਪ ਕੌਰ ਖੜਕੇ 2784 ਵੋਟਾਂ ਨਾਲ ਜਿੱਤੀ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਜ਼ਿਲ੍ਹਾ ਪ੍ਰੀਸ਼ਦ ਚੋਣਾਂ ਦੌਰਾਨ ਜ਼ੋਨ ਮਹਿਲ ਕਲਾਂ ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਬੀਬੀ ਕੁਲਦੀਪ ਕੌਰ ਪਤਨੀ ਸਰਪੰਚ ਸਰਬਜੀਤ ਸਿੰਘ ਸ਼ੰਭੂ ਨੇ 2784 ਵੋਟਾਂ ਦੇ ਫ਼ਰਕ ਨਾਲ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਬੀਬੀ ਰਵਿੰਦਰ ਕੌਰ ਬੈਨੀਪਾਲ ਪਤਨੀ ਸੁਖਵਿੰਦਰ ਸਿੰਘ ਸੁੱਖਾ ਨੂੰ ਹਰਾ ਕੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ ਹੈ।ਇਸ ਚੋਣ 'ਚ ਕਾਂਗਰਸ ਪਾਰਟੀ ਦੇ ਉਮੀਦਵਾਰ ਬੀਬੀ ਪਰਮਜੀਤ ਕੌਰ ਪਤਨੀ ਅਮਰਜੀਤ ਸਿੰਘ ਤੀਜੇ ਸਥਾਨ 'ਤੇ ਰਹੇ।ਜੇਤੂ ਸਰਟੀਫਿਕੇਟ ਪ੍ਰਾਪਤ ਕਰਨ ਉਪਰੰਤ ਸਰਪੰਚ ਸਰਬਜੀਤ ਸਿੰਘ ਸ਼ੰਭੂ ਤੇ ਬੀਬੀ ਕੁਲਦੀਪ ਕੌਰ ਨੇ ਜ਼ਿਲ੍ਹਾ ਪ੍ਰੀਸ਼ਦ ਅਧੀਨ ਪੈਂਦੇ ਵੱਖ-ਵੱਖ ਪਿੰਡਾਂ ਦੇ ਵੋਟਰਾਂ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੀ ਅਗਵਾਈ ਹੇਠ ਉਹ ਹਲਕੇ ਦੇ ਲੋਕਾਂ ਵੱਲੋਂ ਸੌਂਪੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ।ਜਿੱਤ ਦਾ ਪਤਾ ਲੱਗਦਿਆਂ ਹੀ ਵੱਡੀ ਗਿਣਤੀ 'ਚ ਪਹੁੰਚੇ ਲੋਕਾਂ ਨੇ ਬੀਬੀ ਕੁਲਦੀਪ ਕੌਰ ਤੇ ਸਰਪੰਚ ਸਰਬਜੀਤ ਸਿੰਘ ਸ਼ੰਭੂ ਨੂੰ ਹਾਰਾਂ ਨਾਲ ਲੱਦ ਕੇ ਭਰਵਾਂ ਸੁਆਗਤ ਕੀਤਾ।ਉਪਰੰਤ ਠਾਠ ਨਾਨਕਸਰ ਦੇ ਮੁੱਖ ਸੇਵਾਦਾਰ ਸੰਤ ਕੇਹਰ ਸਿੰਘ, ਬਾਬਾ ਗੁਰਦੀਪ ਸਿੰਘ ਨੇ ਠਾਠ ਨਾਨਕਸਰ ਮਹਿਲ ਕਲਾਂ ਪਹੁੰਚਣ 'ਤੇ ਬੀਬੀ ਕੁਲਦੀਪ ਕੌਰ ਤੇ ਸਰਪੰਚ ਸਰਬਜੀਤ ਸਿੰਘ ਸ਼ੰਭੂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ।

## ਬਰੌਂਡਵੇ ਸਕੂਲ 'ਚ ਅੱਖਾਂ, ਦੰਦਾਂ ਦਾ ਚੈੱਕਅੱਪ ਕੈਂਪ ਲਾਇਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਬਰੌਂਡਵੇ ਪਬਲਿਕ ਸਕੂਲ ਵਿਖੇ ਵਿਦਿਆਰਥੀਆਂ 'ਚ ਸਿਹਤ ਜਾਗਰੂਕਤਾ ਵਧਾਉਣ ਤੇ ਉਨ੍ਹਾਂ ਦੀ ਸਰਬਪੱਖੀ ਭਲਾਈ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਮੁਫ਼ਤ ਦੰਦਾਂ ਅਤੇ ਅੱਖਾਂ ਦੀ ਜਾਂਚ ਕੈਂਪ ਦਾ ਆਯੋਜਨ ਕੀਤਾ ਗਿਆ। ਤੀਜੀ ਤੋਂ ਬਾਰ੍ਹਵੀਂ ਸ਼੍ਰੇਣੀ ਤੱਕ ਦੇ ਵਿਦਿਆਰਥੀਆਂ ਲਈ ਸੀ.ਐਮ.ਸੀ ਹਸਪਤਾਲ ਲੁਧਿਆਣਾ ਦੇ ਮਾਹਿਰ ਡਾ. ਤਮਨਦੀਪ ਸਿੰਘ ਅਗਵਾਈ ਹੇਠ ਟੀਮ ਵੱਲੋਂ ਵਿਦਿਆਰਥੀਆਂ ਦੇ ਦੰਦਾਂ ਦੀ ਜਾਂਚ ਕਰਕੇ ਉਨ੍ਹਾਂ ਨੂੰ ਮੂੰਹ ਦੀ ਸਫ਼ਾਈ ਤੇ ਦੰਦਾਂ ਦੀ ਸਹੀ ਦੇਖਭਾਲ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ।ਜਿਨ੍ਹਾਂ ਵਿਦਿਆਰਥੀਆਂ ਨੂੰ ਇਲਾਜ ਦੀ ਲੋੜ ਸੀ, ਉਨ੍ਹਾਂ ਦੇ ਮਾਪਿਆਂ ਨੂੰ ਅਗਲੇਰੀ ਜਾਂਚ ਲਈ ਸਲਾਹ ਦਿੱਤੀ ਗਈ। ਪਲਕ ਵਧੇਰਾ ਸੀ ਐਮ ਸੀ ਲੁਧਿਆਣਾ ਦੀ ਸਹਿਯੋਗੀ ਟੀਮ ਵੱਲੋਂ ਸਮੂਹ ਵਿਦਿਆਰਥੀਆਂ ਦੀ ਨਜ਼ਰ ਦੀ ਜਾਂਚ ਕੀਤੀ ਗਈ ਤੇ ਜ਼ਰੂਰਤ ਅਨੁਸਾਰ ਉਚਿਤ ਸਲਾਹ ਦਿੱਤੀ ਗਈ। ਸਕੂਲ ਪ੍ਰਬੰਧਕਾਂ ਵੱਲੋਂ ਸੀ ਐਮ ਸੀ ਲੁਧਿਆਣਾ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਮਾਹਿਰ ਡਾਕਟਰਾਂ ਦਾ ਦਿਲੋਂ ਧੰਨਵਾਦ ਕਰਦਿਆਂ ਉਨ੍ਹਾਂ ਦੀ ਕੀਮਤੀ ਸੇਵਾ ਦੇ ਸਨਮਾਨ ਵਜੋਂ ਪਿਆਰ ਤੇ ਆਦਰ ਦਾ ਨਿਸ਼ਾਨ ਭੇਂਟ ਕੀਤਾ ਗਿਆ।

## ਕੋਟ ਕਰੋੜ ਪਲਾਜ਼ਾ ਕੋਲ ਹੋਏ ਹਾਦਸੇ 'ਚ ਤਿੰਨ ਦੀ ਮੌਤ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਤਲਵੰਡੀ ਭਾਈ ਦੇ ਕੋਟ ਕਰੋੜ ਪਲਾਜਾ ਕੋਲ ਹੋਏ ਸੜਕ ਹਾਦਸੇ ਵਿੱਚ 3 ਵਿਅਕਤੀਆਂ ਦੀ ਮੌਤ ਹੋਣ ਦੀ ਖਬਰ ਮਿਲੀ ਹੈ। ਇਸ ਸਬੰਧੀ ਥਾਣਾ ਤਲਵੰਡੀ ਭਾਈ ਪੁਲਸ ਨੇ ਅਣਪਛਾਤੇ ਟਰੱਕ ਚਾਲਕ ਖਿਲਾਫ 106, 285, 324 (4) ਬੀਐੱਨਐੱਸ ਤਹਿਤ ਮਾਮਲਾ ਦਰਜ ਕੀਤਾ ਹੈ। ਪੁਲਸ ਨੂੰ ਦਿੱਤੇ ਬਿਆਨਾਂ ਵਿੱਚ ਜਗਤਾਰ ਰਾਮ ਪੁੱਤਰ ਸਾਧੂ ਰਾਮ ਵਾਸੀ ਵਾਰਡ ਨੰਬਰ 19, 12 ਐੱਫ ਬਾਬਾ ਮਿਰਜੇ ਕੇ, ਗੰਗਾਨਗਰ ਨੇ ਦੱਸਿਆ ਕਿ ਉਹ ਭੇਡਾਂ ਬੱਕਰੀਆਂ ਖਰੀਦ ਕਰਕੇ ਅੱਗੇ ਵੇਚਣ ਦਾ ਕੰਮ ਕਰਦਾ ਹੈ। ਬੀਤੀ 16 ਦਸੰਬਰ 2025 ਨੂੰ ਉਹ ਇੱਕ ਟਰੱਕ ਨੰਬਰ ਆਰ ਜੇ 07 ਜੀਬੀ 8259 ਵਿੱਚ ਲੋਡ ਕਰਕੇ ਸ੍ਰੀ ਅੰਮ੍ਰਿਤਸਰ ਸਾਹਿਬ ਮੰਡੀ ਵਿੱਚ ਵੇਚਣ ਲਈ ਮਨਫੂਲ ਪੁੱਤਰ ਦੌਲਤ ਰਾਮ ਵਾਸੀ ਪਦਮਪੁਰ ਤੇ ਜਗਸੀਰ ਰਾਮ ਪੁੱਤਰ ਰਾਮ ਚੰਦਰ, ਸੁਰਿੰਦਰ ਕੁਮਾਰ ਪੁੱਤਰ ਦੌਲਤ ਰਾਮ ਵਾਸੀਅਨ ਵਾਰਡ ਨੰਬਰ 19, 12 ਐੱਫ ਬਾਬਾ ਮਿਰਜੇ ਕੇ, ਗੰਗਾਨਗਰ ਨਾਲ ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਜਾ ਰਹੇ ਸਨ। ਜਦ ਟੋਲ ਪਲਾਜਾ ਕੋਟ ਕਰੋੜ ਕਲਾਂ ਕੋਲ ਪੁੱਜੇ ਤਾਂ ਧੁੰਦ ਜ਼ਿਆਦਾ ਹੋਣ ਕਰਕੇ ਰੋਡ ਸਾਈਡ ਖੜੇ ਟਰੱਕ ਨਾਲ ਗੱਡੀ ਵੱਜ ਗਈ, ਜੋ ਅਣਪਛਾਤੇ ਡਰਾਈਵਰ ਆਪਣੀ ਗੱਡੀ ਨੂੰ ਮੌਕੇ ਤੋਂ ਭਜਾ ਕੇ ਲੈ ਗਿਆ। ਜਗਤਾਰ ਰਾਮ ਨੇ ਦੱਸਿਆ ਕਿ ਮਲਫੂਲ, ਜਗਸੀਰ ਰਾਮ ਤੇ ਸੁਰਿੰਦਰ ਕੁਮਾਰ ਦੇ ਸੱਟਾਂ ਜ਼ਿਆਦਾ ਲੱਗਣ ਕਰਕੇ ਗੁਰੂ ਗੋਬਿੰਦ ਸਿੰਘ ਮੈਡੀਕਲ ਫਰੀਦਕੋਟ ਦਾਖਲ ਕਰਵਾਇਆ ਗਿਆ, ਜੋ ਦੌਰਾਨੇ ਇਲਾਜ ਮਨਫੂਲ, ਜਗਸੀਰ ਰਾਮ ਤੇ ਸੁਰਿੰਦਰ ਕੁਮਾਰ ਦੀ ਮੌਤ ਹੋ ਗਈ। ਇਸ ਮਾਮਲੇ ਦੀ ਜਾਂਚ ਕਰ ਰਹੇ ਹੌਲਦਾਰ ਬਲਦੇਵ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਅਣਪਛਾਤੇ ਟਰੱਕ ਚਾਲਕ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

## ਸਲਾਈਟ ਐਲਮੂਨੀ ਐਸੋਸੀਏਸ਼ਨ ਵੱਲੋਂ 'ਐਕਯਮ 2025' ਦਾ ਸਫਲਤਾਪੂਰਵਕ ਆਯੋਜਨ



**ਲੌਂਗੋਵਾਲ (ਪ੍ਰਦੀਪ ਸਿੰਘ ਸੰਧੂ)**-ਯਾਦਾਂ, ਮਾਣ ਤੇ ਉਦੇਸ਼ ਨਾਲ ਭਰਪੂਰ ਮਾਹੌਲ ਸਲਾਈਟ ਐਲਮੂਨੀ ਐਸੋਸੀਏਸ਼ਨ, ਐੱਨ.ਸੀ.ਆਰ. ਚੈਪਟਰ ਵੱਲੋਂ ਦਿ ਸੂਰਿਆ, ਨਿਊ ਫ੍ਰੈਂਡਜ਼ ਕਲੋਨੀ ਨਵੀਂ ਦਿੱਲੀ ਵਿਖੇ 5ਵਾਂ ਐਲਮੂਨੀ ਮਿਲਣ 'ਐਕਯਮ 2025' ਸਫਲਤਾਪੂਰਵਕ ਆਯੋਜਿਤ ਕੀਤਾ ਗਿਆ।ਇਸ ਦੌਰਾਨ ਐਕਯਮ (ਏਕਤਾ) ਨੇ ਇਹ ਦਰਸਾਇਆ ਕਿ ਸਮਾਂ ਤੇ ਦੂਰੀ ਬਦਲ ਸਕਦੇ ਹਨ, ਪਰ ਸਲਾਈਟ ਤੇ ਇਸ ਦੇ ਪੁਰਾਤਨ ਵਿਦਿਆਰਥੀਆਂ ਦਾ ਨਾਤਾ ਅਟੁੱਟ ਹੈ।ਇਸ ਸਮਾਗਮ ਨੂੰ ਮਾਣਯੋਗ ਨਿਰਦੇਸ਼ਕ ਪ੍ਰੋ. ਮਣਿਕਾਂਤ ਪਾਸਵਾਨ ਡੀਨ (ਏ.ਆਈ.ਆਰ.) ਪ੍ਰੋ. ਆਰ. ਕੇ. ਮਿਸ਼ਰਾ, ਹੈੱਡ ਟ੍ਰੇਨਿੰਗ ਐਂਡ ਪਲੇਸਮੈਂਟ ਪ੍ਰੋ. ਮੇਜਰ ਸਿੰਘ ਤੇ ਸੀਨੀਅਰ ਫੈਕਲਟੀ ਮੈਂਬਰ ਪ੍ਰੋ. ਮਨੋਜ ਗੋਇਲ ਤੇ ਪ੍ਰੋ. ਗੁਲਸ਼ਨ ਜਾਵਾ ਦੀ ਹਾਜ਼ਰੀ ਨੇ ਵਿਸ਼ੇਸ਼ ਗੌਰਵ ਦਿੱਤਾ।ਸੰਨ 1991 ਤੋਂ 2004 ਬੈਚ ਦੇ ਐਲਮੂਨੀ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ, ਜਿਸ ਨਾਲ ਸਮਾਗਮ ਸਲਾਈਟ ਦੀ ਜੀਵੰਤ ਵਿਰਾਸਤ ਬਣ ਗਿਆ।ਸੀਨੀਅਰ ਐਲਮੂਨੀ ਨੇ ਆਪਣੇ ਕਾਰਪੋਰੇਟ, ਸਟਾਰਟਅੱਪ ਤੇ ਗਲੋਬਲ ਲੀਡਰਸ਼ਿਪ ਦੇ ਅਨੁਭਵ ਸਾਂਝੇ ਕੀਤੇ, ਜੋ ਸਲਾਈਟ ਵਿੱਚ ਸਿੱਖੇ ਮੁੱਲਾਂ ਨਾਲ ਜੁੜੇ ਹੋਏ ਸਨ।ਸਭਾ ਨੂੰ ਸੰਬੋਧਨ ਕਰਦਿਆਂ ਐੱਸ.ਏ.ਏ. ਐੱਨ.ਸੀ.ਆਰ. ਚੈਪਟਰ ਦੇ ਪ੍ਰਧਾਨ ਨਿਪੁਣ ਕਪਿਲਾ ਨੇ ਐਲਮੂਨੀ ਨੂੰ 'ਤਰੱਕੀ ਦੇ ਸਾਥੀ' ਵਜੋਂ ਦਰਸਾਇਆ। ਇਸ ਦੌਰਾਨ ਚਰਚਾ ਦੇ ਮੁੱਖ ਬਿੰਦੂਆਂ ਵਿੱਚ ਸ਼ਾਮਲ ਗਲੋਬਲ ਮਾਪਦੰਡਾਂ ਅਨੁਸਾਰ ਹਾਰਡ ਤੇ ਸਾਫਟ ਸਕਿਲਜ਼, ਉਦਯੋਗ ਅਨੁਸਾਰ ਪਾਠਕ੍ਰਮ ਦਾ ਨਵੀਨੀਕਰਨ, ਸਲਾਈਟ ਦੀ ਡਿਜ਼ੀਟਲ ਤੇ ਸੋਸ਼ਲ ਮੀਡੀਆ ਮੌਜੂਦਗੀ, ਕੈਂਪਸ ਵਿੱਚ ਇਨਕਿਊਬੇਸ਼ਨ ਸੈਂਟਰ ਦੀ ਸਥਾਪਨਾ ਦਾ ਐਲਮੂਨੀ ਪ੍ਰਸਤਾਵ ਅਤੇ ਐੱਨ.ਸੀ.ਆਰ. ਵਿੱਚ ਸਲਾਈਟ ਦਾ ਖੇਤਰੀ ਕੇਂਦਰ ਖੋਲ੍ਹਣ ਦੀ ਦੂਰਦਰਸ਼ੀ ਸੋਚ ਰਿਹਾ।ਇਸ ਸਮੇਂ ਮਾਣਯੋਗ ਨਿਰਦੇਸ਼ਕ ਡਾ. ਮਣਿਕਾਂਤ ਪਾਸਵਾਨ ਨੇ ਨਵੀਂ ਸਿਵਲ ਇੰਜੀਨੀਅਰਿੰਗ ਸ਼ਾਖਾ ਤੇ ਆਈ.ਸੀ.ਡੀ. ਹੇਠ ਨਵੇਂ ਕੋਰਸਾਂ ਬਾਰੇ ਜਾਣਕਾਰੀ ਦਿੱਤੀ ਅਤੇ ਪ੍ਰੋ. ਮੇਜਰ ਸਿੰਘ ਨੇ ਪਲੇਸਮੈਂਟ ਉਪਲਬਧੀਆਂ ਸਾਂਝੀਆਂ ਕੀਤੀਆਂ।ਇਸ ਮੌਕੇ ਲਾਈਫ ਟਾਈਮ ਐਲਮੂਨੀ ਰਜਿਸਟ੍ਰੇਸ਼ਨ ਡਰਾਈਵ ਦੀ ਸ਼ੁਰੂਆਤ ਵੀ ਕੀਤੀ ਗਈ।

## ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਵੱਲੋਂ ਹੁਨਰਮੁਖੀ ਸੰਵੇਦਨਾ ਵਰਕਸ਼ਾਪ

### ਹੁਨਰ-ਮੁਖੀ ਕੋਰਸਾਂ ਨਾਲ ਨੌਜਵਾਨਾਂ ਨੂੰ ਰੋਜ਼ਗਾਰ ਯੋਗ ਬਣਾਇਆ ਜਾ ਰਿਹੈ : ਡਾ. ਭੋਗਲ



**ਮਾਨਸਾ (ਆਤਮਾ ਸਿੰਘ ਪਮਾਰ)**-ਸਿੱਖਿਆ ਵਿਭਾਗ ਪੰਜਾਬ ਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਨੀਲਮ ਰਾਣੀ ਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਡਾਕਟਰ ਪਰਮਜੀਤ ਸਿੰਘ ਭੋਗਲ ਦੇ ਦਿਸ਼ਾ ਨਿਰਦੇਸ਼ਾਂ ਹੇਠ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਵੱਲੋਂ ਦਿ ਐਨਲਾਈਟੈਂਡ ਗਰੁੱਪ ਆਫ਼ ਕਾਲਜਿਜ਼ ਝੁਨੀਰ ਵਿਖੇ ਜ਼ਿਲ੍ਹਾ ਪੱਧਰੀ ਹੁਨਰ-ਮੁਖੀ ਸੰਵੇਦਨਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਯੂਨੀਵਰਸਿਟੀ ਵੱਲੋਂ ਪਹੁੰਚੇ ਡਾਕਟਰ ਕਰਨ ਸੁਖੀਜਾ, ਡਾਕਟਰ ਧਰਮਿੰਦਰ ਸਿੰਘ, ਡਾਕਟਰ ਸਿਫਾਲੀ ਬੇਦੀ ਨੇ ਯੂਨੀਵਰਸਿਟੀ ਵੱਲੋਂ ਚਲਾਏ ਜਾ ਰਹੇ ਕੋਰਸਾਂ ਬਾਰੇ ਜਾਣਕਾਰੀ ਦਿੱਤੀ।

ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ. ਪਰਮਜੀਤ ਸਿੰਘ ਭੋਗਲ ਨੇ ਕਿਹਾ ਕਿ ਸਰਕਾਰ ਵੱਲੋਂ ਨੌਜਵਾਨਾਂ ਲਈ ਕਈ ਹੁਨਰ-ਮੁਖੀ ਪ੍ਰੋਗਰਾਮ ਚਲਾਏ ਜਾ ਰਹੇ ਹਨ, ਜਿਨ੍ਹਾਂ ਦਾ ਲਾਭ ਲੈ ਕੇ ਨੌਜਵਾਨ ਆਪਣਾ ਭਵਿੱਖ ਸੁਨਹਿਰਾ ਬਣਾ ਸਕਦੇ ਹਨ।ਉਨ੍ਹਾਂ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੀਆਂ ਵਰਕਸ਼ਾਪਾਂ ਵਿੱਚ ਸਰਗਰਮੀ ਨਾਲ ਭਾਗ ਲੈਣ।ਯੂਨੀਵਰਸਿਟੀ ਵੱਲੋਂ ਕਰਵਾਏ ਜਾ ਰਹੇ ਕੋਰਸਾਂ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ।ਅੰਤ ਵਿੱਚ ਗਾਈਡੈਂਸ ਐਂਡ ਕਾਊਂਸਲਿੰਗ ਦੇ ਜ਼ਿਲ੍ਹਾ ਕੋਆਰਡੀਨੇਟਰ ਦੀਪਾਂਕਰ ਡੈਵੀ ਭੰਮਾ ਨੇ ਕਿਹਾ ਕਿ ਭਵਿੱਖ ਵਿੱਚ ਇਸ ਤਰ੍ਹਾਂ ਦੀਆਂ ਹੋਰ ਹੁਨਰ-ਮੁਖੀ ਵਰਕਸ਼ਾਪਾਂ ਕਰਵਾਈਆਂ ਜਾਣਗੀਆਂ ਤਾਂ ਜੋ ਵੱਧ ਤੋਂ ਵੱਧ ਅਧਿਆਪਕ ਤੇ ਵਿਦਿਆਰਥੀ ਇਨ੍ਹਾਂ ਸਕੀਮਾਂ ਬਾਰੇ ਜਾਗਰੂਕ ਹੋ ਕੇ ਵੱਧ ਤੋਂ ਵੱਧ ਲਾਭ ਲੈ ਸਕਣ।ਇਸ ਮੌਕੇ ਹੋਰਨਾਂ ਤੋਂ ਇਲਾਵਾ ਚੇਅਰਮੈਨ ਨਿਰਮਲ ਸਿੰਘ, ਲੈਕਚਰਾਰ ਗੁਰਦੀਪ ਸਿੰਘ, ਮੁੱਖ ਅਧਿਆਪਕ ਮਨਦੀਪ ਸਿੰਘ, ਗੁਰਸੇਵਕ ਸਿੰਘ ਤੇ ਭੁਪਿੰਦਰ ਸਿੰਘ ਤੱਗੜ ਹਾਜ਼ਰ ਸਨ।

## ਪੀ ਜੀ ਆਈ ਦੇ ਔਰਲ ਹੈਲਥ ਸਾਇੰਸਜ਼ ਸੈਂਟਰ ਨੂੰ ਮਿਲਿਆ ਕੌਮੀ ਪੁਰਸਕਾਰ



**ਸਮਰਾਲਾ (ਸੁਰਜੀਤ ਸਿੰਘ)**-ਉੱਤਰ ਭਾਰਤ ਦੀ ਪ੍ਰੀਮੀਅਰ ਸਿਹਤ ਸੰਸਥਾ ਪੀਜੀਆਈ ਚੰਡੀਗੜ੍ਹ ਜਦੋਂ ਵੀ ਸਿਹਤ ਖੇਤਰ ਵਿੱਚ ਖੋਜ ਦੁਆਰਾ ਕੋਈ ਵੱਡੀ ਮੱਲ ਮਾਰਦੀ ਹੈ ਤਾਂ ਲੋਕਾਂ ਵਿੱਚ ਜ਼ਿੰਦਗੀ ਦੇ ਪ੍ਰਤੀ ਇੱਕ ਨਵੀਂ ਆਸ ਦੀ ਚਮਕ ਪੈਦਾ ਹੁੰਦੀ ਹੈ।ਇਸੇ ਕੜੀ ਵਿੱਚ ਮੁੰਬਈ ਦੇ ਨਵੀਂ ਮੁੰਬਈ ਵਿੱਚ 4 ਤੋਂ 7 ਦਸੰਬਰ ਤੱਕ ਹੋਈ ਭਾਰਤੀ ਪ੍ਰੋਸਥੋਡਾਂਟਿਕ ਸੋਸਾਇਟੀ ਦੀ 53ਵੀਂ ਰਾਸ਼ਟਰੀ ਕਾਨਫਰੰਸ ਦੌਰਾਨ ਪ੍ਰੋ. ਸੁਧੀਰ ਭੰਡਾਰੀ ਨੂੰ 'ਆਵਿਸਕਾਰ' ਸ਼੍ਰੇਣੀ ਅਧੀਨ ਫੈਕਲਟੀ ਪ੍ਰਜ਼ੈਂਟੇਸ਼ਨ ਵਿੱਚ ਪਹਿਲਾ ਪੁਰਸਕਾਰ ਪ੍ਰਾਪਤ ਹੋਇਆ। ਇਹ ਪ੍ਰਜ਼ੈਂਟੇਸ਼ਨ ਇੱਕ 6 ਸਾਲਾ ਬੱਚੇ ਲਈ ਤਿਆਰ ਕੀਤੀ ਗਈ ਬ੍ਰੇਲ ਸ਼ਾਮਲ ਕਸਟਮ ਓਕਿਊਲਰ ਪ੍ਰੋਸਥੇਸਿਸ (ਮਸਨੂਈ ਅੱਖ) 'ਤੇ ਕੇਂਦ੍ਰਿਤ ਸੀ, ਜਿਸ ਦੀਆਂ ਦੋਵੇਂ ਅੱਖਾਂ ਪੂਰੀ ਤਰ੍ਹਾਂ ਦ੍ਰਿਸ਼ਟੀਹੀਨ ਸੀ।ਇਹ ਪੇਟੈਂਟ ਕੀਤਾ ਗਿਆ ਕੰਮ ਮੈਕਸੀਲੋਫੇਸ਼ੀਅਲ ਪ੍ਰੋਸਥੇਸਿਸ ਦੇ ਖੇਤਰ ਵਿੱਚ ਬ੍ਰੇਲ ਦੀ ਵਰਤੋਂ ਬਾਰੇ ਦੁਨੀਆ ਦਾ ਪਹਿਲਾ ਰਿਪੋਰਟ ਕੀਤਾ ਗਿਆ ਕੇਸ ਹੈ।ਇਹ ਕੰਮ ਡਾ. ਭਾਵਿਤਾ ਵਧਵਾ ਐਸੋਸੀਏਟ ਪ੍ਰੋਫੈਸਰ ਓਰਲ ਹੈਲਥ ਸਾਇੰਸਜ਼ ਸੈਂਟਰ, ਡਾ. ਊਸ਼ਾ ਸਿੰਘ ਪ੍ਰੋਫੈਸਰ ਨੇਤਰ ਵਿਭਾਗ ਤੇ ਡਾ. ਮਨੀਸ਼ਾ ਖੰਨਾ ਸੀਨੀਅਰ ਰਿਸਰਚ ਫੈਲੋ, ਓਰਲ ਹੈਲਥ ਸਾਇੰਸਜ਼ ਸੈਂਟਰ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ।

## ਮਾਛੀਵਾੜਾ ਬਲਾਕ ਸੰਮਤੀ ਨਤੀਜਿਆਂ 'ਚ ਕਿਸੇ ਵੀ ਪਾਰਟੀ ਨੂੰ ਬਹੁਮਤ ਨਾ ਮਿਲਿਆ

### 16 ਜ਼ੋਨਾਂ 'ਚੋਂ 6 'ਆਪ', 6 ਅਕਾਲੀ ਦਲ, 3 ਕਾਂਗਰਸ ਤੇ 1 'ਤੇ ਭਾਜਪਾ ਰਹੀ ਜੇਤੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਬਲਾਕ ਸੰਮਤੀ ਦੇ 16 ਜ਼ੋਨਾਂ ਤੋਂ ਚੋਣ ਨਤੀਜੇ, ਜੋ ਸਾਹਮਣੇ ਆਏ ਹਨ, ਉਹ ਬੜੇ ਹੀ ਹੈਰਾਨੀਜਨਕ ਰਹੇ ਅਤੇ ਇਨ੍ਹਾਂ ਨਤੀਜਿਆਂ ਵਿੱਚ ਕਿਸੇ ਵੀ ਸਿਆਸੀ ਪਾਰਟੀ ਨੂੰ ਬਹੁੱਮਤ ਨਾ ਮਿਲਿਆ। ਬਲਾਕ ਸੰਮਤੀ ਚੋਣਾਂ ਦੌਰਾਨ ਮੁੱਖ ਮੁਕਾਬਲਾ ਸ਼੍ਰੋਮਣੀ ਅਕਾਲੀ ਦਲ, 'ਆਪ', ਕਾਂਗਰਸ ਤੇ ਭਾਜਪਾ ਵਿਚਕਾਰ ਦੇਖਣ ਨੂੰ ਮਿਲਿਆ, ਪਰ ਜੋ ਨਤੀਜੇ ਸਾਹਮਣੇ ਆਏ, ਉਸ 'ਚੋਂ 6 ਜ਼ੋਨਾਂ 'ਤੇ ਆਮ ਆਦਮੀ ਪਾਰਟੀ, 6 ਜ਼ੋਨਾਂ 'ਤੇ ਸ਼੍ਰੋਮਣੀ ਅਕਾਲੀ ਦਲ, 3 'ਤੇ ਕਾਂਗਰਸ ਅਤੇ 1 'ਤੇ ਭਾਜਪਾ ਜੇਤੂ ਰਹੀ। ਚੋਣ ਅਧਿਕਾਰੀ ਕੁਲਦੀਪ ਬਾਵਾ ਤੋਂ ਪ੍ਰਾਪਤ ਨਤੀਜਿਆਂ ਅਨੁਸਾਰ ਹੇਡੋਂ ਬੇਟ ਜ਼ੋਨ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ 1333 ਤੇ 'ਆਪ' ਨੂੰ 999 ਵੋਟਾਂ ਪਈਆਂ, ਜਿੱਥੋਂ ਅਕਾਲੀ ਦਲ ਦੀ ਉਮੀਦਵਾਰ ਮਹਿੰਦਰ ਕੌਰ 334 ਵੋਟਾਂ ਨਾਲ ਜੇਤੂ ਰਹੀ। ਪੰਜਗਰਾਈਆਂ ਜ਼ੋਨ ਤੋਂ ਭਾਜਪਾ ਨੂੰ 50, ਅਕਾਲੀ ਦਲ ਨੂੰ 1261, 'ਆਪ' ਨੂੰ 575 ਤੇ ਕਾਂਗਰਸ ਨੂੰ 1011 ਵੋਟਾਂ ਪਈਆਂ, ਜਿੱਥੋਂ ਅਕਾਲੀ ਦਲ ਦੀ ਕੁਲਵਿੰਦਰ ਸਿੰਘ 250 ਵੋਟਾਂ ਨਾਲ ਜੇਤੂ ਰਿਹਾ। ਚਕਲੀ ਆਦਲ ਤੋਂ ਅਕਾਲੀ ਦਲ ਨੂੰ 1146, 'ਆਪ' ਨੂੰ 689, ਕਾਂਗਰਸ ਨੂੰ 1088 ਵੋਟਾਂ ਪਈਆਂ, ਜਿੱਥੋਂ ਅਕਾਲੀ ਦਲ ਦੀ ਅੰਮ੍ਰਿਤਪਾਲ ਕੌਰ 58 ਵੋਟਾਂ ਨਾਲ ਜੇਤੂ ਰਹੀ। ਜਾਤੀਵਾਲ ਜ਼ੋਨ ਤੋਂ ਅਕਾਲੀ ਦਲ ਨੂੰ 1049, 'ਆਪ' ਨੂੰ 1015, ਕਾਂਗਰਸ ਨੂੰ 749 ਤੇ ਭਾਜਪਾ ਨੂੰ 254 ਵੋਟਾਂ ਪਈਆਂ, ਜਿੱਥੋਂ ਅਕਾਲੀ ਦਲ ਦੇ ਉਮੀਦਵਾਰ ਕੁਲਦੀਪ ਸਿੰਘ ਜਾਤੀਵਾਲ 34 ਵੋਟਾਂ ਨਾਲ ਜੇਤੂ ਰਹੇ। ਹਿਯਾਤਪੁਰ ਜ਼ੋਨ ਤੋਂ ਕਾਂਗਰਸ ਨੂੰ 964, ਭਾਜਪਾ ਨੂੰ 63, ਅਕਾਲੀ ਦਲ ਨੂੰ 868 ਤੇ 'ਆਪ' ਨੂੰ 899 ਵੋਟਾਂ ਪਈਆਂ, ਜਿੱਥੋਂ ਕਾਂਗਰਸ ਦੀ ਉਮੀਦਵਾਰ ਸਤਿੰਦਰ ਕੌਰ ਕਾਹਲੋਂ 65 ਵੋਟਾਂ ਨਾਲ ਜੇਤੂ ਰਹੀ। ਮਾਛੀਵਾੜਾ ਖਾਮ ਜ਼ੋਨ ਤੋਂ ਅਕਾਲੀ ਦਲ ਨੂੰ 891, ਕਾਂਗਰਸ ਨੂੰ 404, 'ਆਪ' ਨੂੰ 1040 ਤੇ ਭਾਜਪਾ ਨੂੰ 164 ਵੋਟਾਂ ਪਈਆਂ, ਜਿੱਥੋਂ 'ਆਪ' ਉਮੀਦਵਾਰ ਗੀਨਾ ਰੰਗੀ 164 ਵੋਟਾਂ ਨਾਲ ਜੇਤੂ ਰਹੀ। ਸ਼ੇਰਪੁਰ ਬੇਟ ਜ਼ੋਨ ਤੋਂ ਕਾਂਗਰਸ ਨੂੰ 1021, 'ਆਪ' ਨੂੰ 943 ਤੇ ਅਕਾਲੀ ਦਲ ਨੂੰ 824 ਵੋਟਾਂ ਪਈਆਂ, ਜਿੱਥੋਂ ਕਾਂਗਰਸ ਦਾ ਉਮੀਦਵਾਰ ਰਛਪਾਲ ਸਿੰਘ 78 ਵੋਟਾਂ ਨਾਲ ਜੇਤੂ ਰਿਹਾ। ਬਹਿਲੋਲਪੁਰ ਜ਼ੋਨ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ 916, ਕਾਂਗਰਸ ਨੂੰ 774 ਤੇ 'ਆਪ' ਨੂੰ 970 ਵੋਟਾਂ ਪਈਆਂ, ਜਿੱਥੋਂ 'ਆਪ' ਉਮੀਦਵਾਰ ਰਜਿੰਦਰ ਸਿੰਘ 54 ਵੋਟਾਂ ਨਾਲ ਜੇਤੂ ਰਿਹਾ। ਰਤੀਪੁਰ ਜ਼ੋਨ ਤੋਂ 'ਆਪ' ਨੂੰ 506, ਕਾਂਗਰਸ ਨੂੰ 917, ਅਕਾਲੀ ਦਲ ਨੂੰ 561 ਤੇ ਭਾਜਪਾ ਨੂੰ 91 ਵੋਟਾਂ ਪਈਆਂ, ਜਿੱਥੋਂ ਕਾਂਗਰਸ ਉਮੀਦਵਾਰ ਕੁਲਵਿੰਦਰ ਕੌਰ 356 ਵੋਟਾਂ ਨਾਲ ਜੇਤੂ ਰਹੀ। ਗਹਿਲੇਵਾਲ ਜ਼ੋਨ ਤੋਂ ਭਾਜਪਾ ਨੂੰ 196, ਅਕਾਲੀ ਦਲ ਨੂੰ 444, 'ਆਪ' ਨੂੰ 998 ਤੇ ਕਾਂਗਰਸ ਨੂੰ 781 ਵੋਟਾਂ ਪਈਆਂ ਜਿੱਥੋਂ 'ਆਪ' ਉਮੀਦਵਾਰ ਨਛੱਤਰ ਸਿੰਘ 217 ਵੋਟਾਂ ਨਾਲ ਜੇਤੂ ਰਹੇ। ਹੇਡੋਂ ਢਾਹਾ ਜ਼ੋਨ ਤੋਂ ਭਾਜਪਾ ਨੂੰ 1077, 'ਆਪ' ਨੂੰ 893 ਵੋਟਾਂ ਪਈਆਂ, ਜਿੱਥੋਂ ਭਾਜਪਾ ਉਮੀਦਵਾਰ ਬਬਲੀ ਰਾਣੀ 184 ਵੋਟਾਂ ਨਾਲ ਜੇਤੂ ਰਹੀ। ਖੀਰਨੀਆਂ ਜ਼ੋਨ ਤੋਂ ਭਾਜਪਾ ਨੂੰ 151, ਸ਼੍ਰੋਮਣੀ ਅਕਾਲੀ ਦਲ ਨੂੰ 850, ਕਾਂਗਰਸ ਨੂੰ 882 ਤੇ 'ਆਪ' ਨੂੰ 896 ਵੋਟਾਂ ਪਈਆਂ, ਜਿੱਥੋਂ 'ਆਪ' ਦੇ ਜਸਵੀਰ ਸਿੰਘ 14 ਵੋਟਾਂ ਨਾਲ ਜੇਤੂ ਰਹੇ, ਭਰਥਲਾ ਜ਼ੋਨ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ 480, 'ਆਪ' ਨੂੰ 922, ਭਾਜਪਾ ਨੂੰ 461 ਤੇ ਕਾਂਗਰਸ ਨੂੰ 600 ਵੋਟਾਂ ਪਈਆਂ, ਜਿੱਥੋਂ 'ਆਪ' ਉਮੀਦਵਾਰ ਤੇਜਪਾਲ ਸਿੰਘ 322 ਵੋਟਾਂ ਨਾਲ ਜੇਤੂ ਰਹੇ। ਤੱਖਰਾਂ ਜ਼ੋਨ ਤੋਂ ਕਾਂਗਰਸ ਨੂੰ 789, 'ਆਪ' ਨੂੰ 452, ਭਾਜਪਾ ਨੂੰ 175 ਤੇ ਅਕਾਲੀ ਦਲ ਨੂੰ 978 ਵੋਟਾਂ ਪਈਆਂ, ਜਿੱਥੋਂ ਅਕਾਲੀ ਦਲ ਦੀ ਉਮੀਦਵਾਰ ਮਨਜੀਤ ਕੌਰ 189 ਵੋਟਾਂ ਨਾਲ ਜੇਤੂ ਰਹੀ। ਮਾਣੇਵਾਲ ਜ਼ੋਨ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ 1040, 'ਆਪ' ਨੂੰ 796, ਭਾਜਪਾ ਨੂੰ 121 ਤੇ ਕਾਂਗਰਸ ਨੂੰ 567 ਵੋਟਾਂ ਪਈਆਂ, ਜਿੱਥੋਂ ਅਕਾਲੀ ਦਲ ਦੇ ਹਰਜੀਤ ਸਿੰਘ 244 ਵੋਟਾਂ ਨਾਲ ਜੇਤੂ ਰਹੇ। ਕਕਰਾਲਾ ਕਲਾਂ ਜ਼ੋਨ ਤੋਂ ਆਮ ਆਦਮੀ ਪਾਰਟੀ ਦੀ ਉਮੀਦਵਾਰ ਕਮਲਜੀਤ ਕੌਰ ਬਿਨਾਂ ਮੁਕਾਬਲਾ ਜੇਤੂ ਕਰਾਰ ਦਿੱਤੇ ਗਏ।

## ਪੀ ਐੱਮ ਸ਼੍ਰੀ ਕੇ ਵੀ ਵਿਖੇ ਸਥਾਪਨਾ ਦਿਵਸ ਤੇ ਸਾਲਾਨਾ ਉਤਸਵ ਮਨਾਇਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੀ ਐੱਮ ਸ਼੍ਰੀ ਕੇਂਦਰੀ ਵਿਦਿਆਲਿਆ ਨੰਬਰ-1 ਫਿਰੋਜ਼ਪੁਰ ਛਾਉਣੀ ਵਿਖੇ ਪ੍ਰਿੰਸੀਪਲ ਸੀਮਾ ਸਿੰਘ ਦੀ ਅਗਵਾਈ ਹੇਠ 63ਵਾਂ ਕੇਵੀਐੱਸ ਸਥਾਪਨਾ ਦਿਵਸ ਤੇ ਸਾਲਾਨਾ ਇਨਾਮ ਵੰਡ ਸਮਾਰੋਹ ਸ਼ਾਨੋ-ਸ਼ੌਕਤ ਤੇ ਵਿੱਦਿਅਕ ਮਾਣ ਨਾਲ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮਹਿਮਾਨ ਬ੍ਰਿਗੇਡੀਅਰ ਵਿਕਰਮ ਅਸ਼ੇਸ਼ ਰਸਤੋਗੀ (ਚੇਅਰਮੈਨ ਵੀਐੱਮਸੀ), ਵਿਸ਼ੇਸ਼ ਮਹਿਮਾਨ ਆਕਾਂਕਸ਼ਾ ਰਸਤੋਗੀ ਤੇ ਹੋਰ ਪਤਵੰਤਿਆਂ ਦੇ ਹਰਿਆਵਲ ਭਰਪੂਰ ਸਵਾਗਤ ਨਾਲ ਹੋਈ। ਸਮਾਰੋਹ ਵਿੱਚ ਨਾਮਜ਼ਦ ਚੇਅਰਮੈਨ ਲੈਫਟੀਨੈਂਟ ਕਰਨਲ ਸ਼ਾਲਿਨੀ ਕੰਦਾਰੀ, ਕਰਨਲ ਚੌਹਾਨ, ਗੀਤਾ ਮਹਿਤਾ (ਚੇਅਰਪਰਸਨ, ਨਰਾਕਾਸ), 20 ਡੋਗਰਾ ਰੈਜੀਮੈਂਟ ਦੇ ਲੈਫਟੀਨੈਂਟ ਆਦਰਸ਼ ਪਾਲੀਵਾਲ ਤੇ ਪਾਲੀਵਾਲ, ਡਾ. ਗੁਰਦੀਪ ਸਿੰਘ (ਪ੍ਰਿੰਸੀਪਲ ਪੀ ਐੱਮ ਸ਼੍ਰੀ ਕੇਵੀ ਨੰਬਰ-2) ਤੇ ਸਾਬਕਾ ਵਿਦਿਆਰਥੀਆਂ ਵਜੋਂ ਭੁਪਿੰਦਰ ਸਿੰਘ ਤੇ ਬੀ ਐੱਸ ਨੇਗੀ (ਅਸਿਸਟੈਂਟ ਕਮਾਂਡੈਂਟ ਬੀਐੱਸਐੱਫ) ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਸਮਾਰੋਹ ਵਿੱਚ ਸ਼ਮ੍ਹਾਂ ਰੌਸ਼ਨ ਕਰਨ ਤੇ ਮਧੁਰ ਸਵਾਗਤੀ ਗੀਤ ਤੋਂ ਬਾਅਦ ਪ੍ਰਿੰਸੀਪਲ ਸੀਮਾ ਸਿੰਘ ਨੇ ਸਵਾਗਤੀ ਭਾਸ਼ਣ ਦਿੱਤਾ ਅਤੇ ਸਾਰਿਆਂ ਨੂੰ ਸਕੂਲ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ। ਇਸ ਦੌਰਾਨ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਸਰਸਵਤੀ ਵੰਦਨਾ, ਮਣੀਪੁਰੀ ਨਾਚ ਤੇ ਭਰਤਨਾਟਿਅਮ ਦੀਆਂ ਪੇਸ਼ਕਾਰੀਆਂ ਨੇ ਮੰਚ 'ਤੇ ਸਮਾਂ ਬੰਨ੍ਹ ਦਿੱਤਾ। ਪ੍ਰੋਗਰਾਮ ਦੇ ਮੁੱਖ ਆਕਰਸ਼ਣਾਂ ਵਿੱਚ ਪ੍ਰਾਇਮਰੀ ਵਿਭਾਗ ਦਾ 'ਹੰਗਰ ਡੇ' ਥੀਮ 'ਤੇ ਅਧਾਰਤ ਨਾਚ, ਹਰਿਆਣਵੀ ਲੋਕ ਨਾਚ ਅਤੇ ਰੀਆ ਤੇ ਗਰਿਮਾ ਦੇ ਪ੍ਰਭਾਵਸ਼ਾਲੀ ਸੋਲੋ ਡਾਂਸ ਸ਼ਾਮਲ ਰਹੇ। ਦਰਸ਼ਕਾਂ ਨੇ ਯੋਗਾ ਪ੍ਰਦਰਸ਼ਨ, ਅੰਗਰੇਜ਼ੀ ਮੂਕ ਅਭਿਨੈ (ਐੱਮਆਈਐੱਮਈ), ਕਹਾਣੀ ਨਾਟਕ ਤੇ ਕੇਵੀਐੱਸ ਗੀਤ ਦਾ ਵੀ ਭਰਪੂਰ ਅਨੰਦ ਮਾਣਿਆ। ਸਨਮਾਨ ਸਮਾਰੋਹ ਦੌਰਾਨ ਚੇਅਰਮੈਨ ਸਾਹਿਬ ਵੱਲੋਂ ਹੋਣਹਾਰ ਅਧਿਆਪਕਾਂ ਕੁਮਾਰੀ ਕੁਸੁਮ ਲਤਾ (ਟੀਜੀਟੀ ਵਿਗਿਆਨ), ਸੰਦੀਪ ਸਿੰਘ (ਟੀਜੀਟੀ ਗਣਿਤ) ਤੇ ਅਮਿਤ ਕੁਮਾਰ (ਟੀਜੀਟੀ ਹਿੰਦੀ) ਨੂੰ ਸਨਮਾਨਤ ਕੀਤਾ ਗਿਆ, ਜਦਕਿ ਵਿਸ਼ੇਸ਼ ਮਹਿਮਾਨ ਆਕਾਂਕਸ਼ਾ ਰਸਤੋਗੀ ਤੇ ਨਾਮਜ਼ਦ ਚੇਅਰਮੈਨ ਲੈਫਟੀਨੈਂਟ ਕਰਨਲ ਸ਼ਾਲਿਨੀ ਕੰਦਾਰੀ ਨੇ ਮੈਰਿਟ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੰਡੇ। ਸਮਾਰੋਹ ਦਾ ਸਮਾਪਨ ਰਾਸ਼ਟਰੀ ਗੀਤ ਨਾਲ ਹੋਇਆ, ਜੋ ਕਿ ਸਕੂਲ ਦੀ ਉੱਤਮਤਾ ਦੀ ਯਾਤਰਾ ਵਿੱਚ ਇਕ ਨਵਾਂ ਮੀਲ ਪੱਥਰ ਸਾਬਿਤ ਹੋਇਆ।

## 508 ਗ੍ਰਾਮ ਹੈਰੋਇਨ ਦਾ ਪੈਕਟ ਖੇਤਾਂ 'ਚੋਂ ਬਰਾਮਦ, ਮਾਮਲਾ ਦਰਜ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪਾਕਿ ਸਮੱਗਲਰ ਕੋਲੋਂ ਮੰਗਵਾਈ ਹੈਰੋਇਨ 508 ਗ੍ਰਾਮ ਦਾ ਪੈਕਟ ਫਿਰੋਜ਼ਪੁਰ ਦੇ ਪਿੰਡ ਪੀਰ ਇਸਮਾਈਲ ਖਾਂ ਦੇ ਖੇਤ ਵਿੱਚੋਂ ਬਰਾਮਦ ਹੋਇਆ ਹੈ। ਇਸ ਸਬੰਧੀ ਥਾਣਾ ਸਦਰ ਫਿਰੋਜ਼ਪੁਰ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸੁਖਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਦੌਰਾਨ ਚੈਕਿੰਗ ਵਾ ਸ਼ੱਕੀ ਪੁਰਸ਼ਾਂ ਦੇ ਵਹੀਕਲਾਂ ਦੇ ਸਬੰਧ ਵਿੱਚ ਪਿੰਡ ਮਾਛੀਵਾੜਾ ਵਿੱਚ ਮੌਜੂਦ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਪੀਰ ਇਸਮਾਈਲ ਖਾਂ ਵਿਖੇ ਖੇਤਾਂ ਵਿੱਚ ਬੀਤੀ ਰਾਤ ਕਿਸੇ ਅਣਪਛਾਤੇ ਵਿਅਕਤੀਆਂ ਵੱਲੋਂ ਪਾਕਿਸਤਾਨੀ ਸਮੱਗਲਰਾਂ ਨਾਲ ਤਾਲਮੇਲ ਕਰਕੇ ਹੈਰੋਇਨ ਮੰਗਵਾਈ ਹੈ, ਜੋ ਇਕ ਸ਼ੱਕੀ ਪੈਕਟ ਹੈਰੋਇਨ ਪਿੰਡ ਪੀਰ ਇਸਮਾਈਲ ਖਾਂ ਗੁਰਦੁਆਰਾ ਸਾਹਿਬ ਨਾਲ ਖੇਤ ਵਿੱਚ ਪਿਆ ਹੈ। ਜਾਂਚਕਰਤਾ ਸੁਖਬੀਰ ਸਿੰਘ ਨੇ ਦੱਸਿਆ ਕਿ ਜਦ ਪੁਲਸ ਨੇ ਉਕਤ ਜਗ੍ਹਾ ਦੀ ਚੈਕਿੰਗ ਕੀਤੀ ਤਾਂ ਉਥੋਂ 508 ਗ੍ਰਾਮ ਹੈਰੋਇਨ ਦਾ ਪੈਕਟ ਬਰਾਮਦ ਹੋਇਆ। ਪੁਲਸ ਨੇ ਦੱਸਿਆ ਕਿ ਅਣਪਛਾਤੇ ਵਿਅਕਤੀ ਖਿਲਾਫ ਮਾਮਲਾ ਦਰਜ ਕਰਕੇ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਸਨੌਰ ਹਲਕੇ 'ਚ ਆਪ ਦਾ ਸ਼ਾਨਦਾਰ ਪ੍ਰਦਰਸ਼ਨ

**ਸਨੌਰ (ਰਾਜਿੰਦਰ ਥਿੰਦ)**-ਬਲਾਕ ਸੰਮਤੀ ਚੋਣਾਂ ਦੇ ਨਤੀਜਿਆਂ ਨੇ ਬਲਾਕ ਸਨੌਰ ਦੀ ਸਿਆਸਤ ਵਿੱਚ ਵੱਡਾ ਬਦਲਾਅ ਦਰਸਾਇਆ ਹੈ।ਇਨ੍ਹਾਂ ਚੋਣਾਂ ਵਿੱਚ ਆਮ ਆਦਮੀ ਪਾਰਟੀ (ਆਪ) ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਕੁੱਲ 14 ਸੀਟਾਂ 'ਤੇ ਜਿੱਤ ਦਰਜ ਕੀਤੀ ਹੈ।ਇਸ ਤੋਂ ਇਲਾਵਾ 3 ਸੀਟਾਂ ਅਜ਼ਾਦ ਉਮੀਦਵਾਰਾਂ ਦੇ ਹੱਥ ਆਈਆਂ ਹਨ, ਜਦਕਿ ਕਾਂਗਰਸ ਪਾਰਟੀ ਨੇ 2 ਸੀਟਾਂ 'ਤੇ ਕਬਜ਼ਾ ਕੀਤਾ ਹੈ।ਨਤੀਜਿਆਂ ਨਾਲ ਸਾਫ਼ ਹੋ ਗਿਆ ਹੈ ਕਿ ਬਲਾਕ ਸਨੌਰ ਵਿੱਚ ਆਪ ਦੀ ਪਕੜ ਮਜ਼ਬੂਤ ਹੋਈ ਹੈ ਅਤੇ ਲੋਕਾਂ ਨੇ ਵੱਡੀ ਗਿਣਤੀ ਵਿੱਚ ਆਪ ਦੇ ਉਮੀਦਵਾਰਾਂ 'ਤੇ ਭਰੋਸਾ ਜਤਾਇਆ ਹੈ।ਆਮ ਆਦਮੀ ਪਾਰਟੀ ਵੱਲੋਂ ਜਿੱਤ ਹਾਸਲ ਕਰਨ ਵਾਲਿਆਂ ਵਿੱਚ ਰੁੜਕੀ ਕਸਬਾ ਤੋਂ ਗੁਰਮੀਤ ਸਿੰਘ ਨੇ 170 ਵੋਟਾਂ ਦੇ ਫਰਕ ਨਾਲ ਜਿੱਤ ਦਰਜ ਕੀਤੀ।ਪੰਨੋਦੀਆਂ ਤੋਂ ਗੁਰਜੰਟ ਸਿੰਘ ਨੇ 286 ਵੋਟਾਂ ਨਾਲ ਜਿੱਤ ਹਾਸਲ ਕੀਤੀ। ਕਰਹੇੜੀ ਤੋਂ ਰੀਟਾ ਰਾਣੀ ਨੇ 99 ਵੋਟਾਂ ਨਾਲ, ਜਦਕਿ ਕੋਲੀ ਤੋਂ ਮਨਜਿੰਦਰ ਕੌਰ ਨੇ ਸਭ ਤੋਂ ਵੱਡੀ ਲੀਡ ਨਾਲ 406 ਵੋਟਾਂ ਦੇ ਫਰਕ ਨਾਲ ਜਿੱਤ ਪ੍ਰਾਪਤ ਕੀਤੀ।ਹੀਰਾ ਕਲੋਨੀ ਤੋਂ ਜੋਗਿੰਦਰ ਕੌਰ ਨੇ 159 ਵੋਟਾਂ ਨਾਲ ਤੇ ਮਲਕਪੁਰ ਜੱਟਾਂ ਤੋਂ ਉਮੀਦਵਾਰ ਨੇ 197 ਵੋਟਾਂ ਨਾਲ ਜਿੱਤ ਦਰਜ ਕੀਤੀ।ਇਸ ਤੋਂ ਇਲਾਵਾ ਫਤਿਹਪੁਰ ਰਾਜਪੂਤਾਂ ਤੋਂ ਰਾਜ ਕੁਮਾਰ ਨੇ 115 ਵੋਟਾਂ ਨਾਲ ਜਿੱਤ ਹਾਸਲ ਕੀਤੀ।ਘਲੋੜੀ ਤੋਂ ਸ਼ਸ਼ੀ ਤੇ ਅਲੀਪੁਰ ਜੱਟਾਂ ਤੋਂ ਪਿੰਕੀ ਰਾਣੀ 'ਆਪ' ਵੱਲੋਂ ਸਰਬਸੰਮਤੀ ਨਾਲ ਚੁਣੀਆਂ ਗਈਆਂ।ਪੰਜੋਲਾ ਤੋਂ ਗੁਰਵਿੰਦਰ ਸਿੰਘ ਹੈਪੀ ਨੇ 190 ਵੋਟਾਂ ਨਾਲ, ਬਲਬੇੜਾ ਤੋਂ ਕਰਮਜੀਤ ਕੌਰ ਨੇ 293 ਵੋਟਾਂ ਨਾਲ, ਅਸਰਪੁਰ ਤੋਂ ਹਰਜੀਤ ਸਿੰਘ ਨੇ 201 ਵੋਟਾਂ ਨਾਲ, ਸ਼ੇਖਪੁਰ ਕੰਬੋਆ ਤੋਂ ਕਿਰਨਜੀਤ ਕੌਰ ਘੁੰਮਣ ਨੇ 378 ਵੋਟਾਂ ਤੇ ਚਮਰਹੇੜੀ ਤੋਂ ਸਰਬਜੀਤ ਕੌਰ ਜੇਤੂ ਰਹੇ।ਇਨ੍ਹਾਂ ਸੀਟਾਂ 'ਤੇ ਆਪ ਨੇ ਆਪਣੀ ਮਜ਼ਬੂਤ ਹਾਜ਼ਰੀ ਦਰਸਾਈ।ਅਜ਼ਾਦ ਉਮੀਦਵਾਰਾਂ ਵਿੱਚ ਚੋਰਾਂ ਤੋਂ ਜਸਵਿੰਦਰ ਕੌਰ ਨੇ 150 ਵੋਟਾਂ ਨਾਲ ਅਤੇ ਮਹਾਦੀਪੁਰ ਤੋਂ ਹਰਵਿੰਦਰ ਸਿੰਘ ਨੇ 400 ਵੋਟਾਂ ਦੇ ਫਰਕ ਨਾਲ ਜਿੱਤ ਹਾਸਲ ਕੀਤੀ।ਦੂਜੇ ਪਾਸੇ ਕਾਂਗਰਸ ਪਾਰਟੀ ਵੱਲੋਂ ਜਲਾਲਪੁਰ ਤੋਂ ਤਰਮੇਸ਼ ਸਿੰਘ ਨੇ 131 ਵੋਟਾਂ ਨਾਲ ਤੇ ਦੌਣਕਲਾਂ ਤੋਂ ਕੁਲਜੀਤ ਸਿੰਘ ਨੇ 302 ਵੋਟਾਂ ਨਾਲ ਜਿੱਤ ਦਰਜ ਕੀਤੀ।

## ਜ਼ਿਲ੍ਹਾ ਸੈਨਿਕ ਬੋਰਡ ਦੀ ਤਿਮਾਹੀ ਮੀਟਿੰਗ




**ਫ਼ਿਰੋਜ਼ਪੁਰ (ਗੁਰਬਚਨ ਸਿੰਘ, ਅਸ਼ੋਕ ਸ਼ਰਮਾ)**

ਜ਼ਿਲ੍ਹਾ ਸੈਨਿਕ ਬੋਰਡ ਫ਼ਿਰੋਜ਼ਪੁਰ ਦੀ ਤਿਮਾਹੀ ਮੀਟਿੰਗ ਸਹਾਇਕ ਕਮਿਸ਼ਨਰ (ਯੂਟੀ) ਰਾਜਬੀਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ।ਸਕੱਤਰ ਜ਼ਿਲ੍ਹਾ ਸੈਨਿਕ ਬੋਰਡ, ਫ਼ਿਰੋਜ਼ਪੁਰ ਗਰੁੱਪ ਕੈਪਟਨ ਦਵਿੰਦਰ ਸਿੰਘ ਢਿੱਲੋਂ (ਰਿਟਾ.) ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਮੀਟਿੰਗ ਦੀ ਸ਼ੁਰੂਆਤ ਕਰਦੇ ਹੋਏ ਗਰੁੱਪ ਕੈਪਟਨ ਦਵਿੰਦਰ ਸਿੰਘ ਢਿੱਲੋਂ (ਰਿਟਾ.) ਵੱਲੋਂ ਸਾਰੇ ਹਾਜ਼ਰੀਨ ਨੂੰ ਜੀ ਆਇਆਂ ਆਖਿਆ ਗਿਆ ਤੇ ਵਿਭਾਗ ਦੀਆਂ ਵੱਖ ਵੱਖ ਚਲਾਈਆਂ ਜਾ ਰਹੀਆਂ ਸਕੀਮਾਂ ਦੀ ਜਾਣਕਾਰੀ ਦਿੱਤੀ ਗਈ।

ਉਨ੍ਹਾਂ ਮੌਜੂਦਾ ਵਿੱਤੀ ਸਾਲ ਦੌਰਾਨ ਵਿਭਾਗ ਵੱਲੋਂ ਵੱਖ-ਵੱਖ ਸਕੀਮਾਂ ਅਧੀਨ 836 ਲਾਭਪਾਤਰਾਂ ਨੂੰ ਕੀਤੀ ਗਈ ਅਦਾਇਗੀ ਦਾ ਸਕੀਮ ਵਾਈਜ਼ ਵੇਰਵਾ ਦਿੱਤਾ ਤੇ ਹੋਰ ਕੀਤੇ ਗਏ ਕੰਮਾਂ ਦੀ ਜਾਣਕਾਰੀ ਵੀ ਦਿੱਤੀ।ਇਸ ਦੌਰਾਨ ਸਹਾਇਕ ਕਮਿਸ਼ਨਰ (ਯੂਟੀ) ਰਾਜਬੀਰ ਸਿੰਘ ਨੇ ਸਾਬਕਾ ਸੈਨਿਕਾਂ ਦੇ ਵੱਖ-ਵੱਖ ਮੁੱਦਿਆਂ ਤੇ ਸਬੰਧਤ ਵਿਭਾਗਾਂ/ਅਦਾਰਿਆਂ ਨੂੰ ਜਲਦ ਬਣਦੀ ਕਾਰਵਾਈ ਕਰਨ ਲਈ ਕਿਹਾ ਤੇ ਸੈਨਿਕਾਂ/ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਰਕਾਰੀ/ਗੈਰ-ਸਰਕਾਰੀ ਅਦਾਰਿਆਂ ਵਿੱਚ ਮਾਣ-ਸਤਿਕਾਰ ਦੇਣ ਬਾਰੇ ਕਿਹਾ ਗਿਆ।ਇਸ ਤੋਂ ਇਲਾਵਾ ਫੌਜ ਵਿਚ ਭਰਤੀ ਹੋਣ ਲਈ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨ ਹਿੱਤ ਜ਼ੋਰ ਦੇਣ ਲਈ ਸਾਰਿਆਂ ਅਦਾਰਿਆਂ ਨੂੰ ਕਿਹਾ ਗਿਆ।ਇਸ ਦੇ ਨਾਲ ਹਥਿਆਰਬੰਦ ਸੈਨਾ ਝੰਡਾ ਦਿਵਸ ਵਿਚ ਦਿੱਤਾ ਜਾਣ ਵਾਲਾ ਚੰਦਾ ਸਮੇਂ ਸਿਰ ਜਮ੍ਹਾ ਕਰਵਾਉਣ ਹਿੱਤ ਪ੍ਰੇਰਿਤ ਵੀ ਕੀਤਾ ਗਿਆ।

## 'ਆਪ' ਦੀ ਸ਼ਾਨਦਾਰ ਜਿੱਤ 'ਤੇ ਵਿਧਾਇਕ ਪੰਡੋਰੀ ਨੂੰ ਦਿੱਤੀ ਮੁਬਾਰਕਬਾਦ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਜ਼ਿਲ੍ਹਾ ਪ੍ਰੀਸ਼ਦ, ਬਲਾਕ ਸੰਮਤੀ ਚੋਣਾਂ 'ਚ ਸ਼ਾਨਦਾਰ ਜਿੱਤ ਦਰਜ ਕਰਨ ਲਈ ਸੀਨੀਅਰ ਆਪ ਆਗੂ ਰਿੰਕਾ ਕੁਤਬਾ ਬਾਹਮਣੀਆਂ ਨੇ ਚੇਅਰਮੈਨ ਵਿਸ਼ੇਸ਼ ਅਧਿਕਾਰ ਕਮੇਟੀ, ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੇ ਨਿਵਾਸ ਸਥਾਨ 'ਤੇ ਪਹੁੰਚ ਕੇ ਮੁਬਾਰਕਬਾਦ ਦਿੰਦਿਆਂ ਮੂੰਹ ਮਿੱਠਾ ਕਰਾਇਆ।'ਆਪ' ਆਗੂ ਰਿੰਕਾ ਬਾਹਮਣੀਆਂ ਨੇ ਕਿਹਾ ਕਿ ਚੋਣ 'ਚ ਭਰਵਾਂ ਸਹਿਯੋਗ ਦੇ ਕੇ ਲੋਕਾਂ ਨੇ ਆਪ ਸਰਕਾਰ ਦੀਆਂ ਨੀਤੀਆਂ ਤੇ ਮੋਹਰ ਲਾਉਂਦਿਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਦੁਬਾਰਾ 'ਆਪ' ਸਰਕਾਰ ਬਣਾਉਣ ਦਾ ਮੁੱਢ ਬੰਨ੍ਹਿਆ ਹੈ।'ਆਪ' ਆਗੂ ਰਿੰਕਾ ਬਾਹਮਣੀਆ ਨੇ ਹਲਕਾ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੀ ਗਤੀਸ਼ੀਲ ਅਗਵਾਈ ਹੇਠ ਦਿਨ-ਰਾਤ ਇੱਕ ਕਰਕੇ ਪਾਰਟੀ ਦੀ ਚੜ੍ਹਦੀ ਕਲਾ ਲਈ ਚੋਣਾਂ 'ਚ ਕੰਮ ਕਰਨ ਵਾਲੇ ਸਾਰੇ ਆਗੂਆਂ, ਵਰਕਰਾਂ ਦਾ ਉਚੇਚਾ ਧੰਨਵਾਦ ਕੀਤਾ ਹੈ।

## ਪਾਥਵੇਜ਼ ਗਲੋਬਲ ਸਕੂਲ ਦਾ ਰਿਐਲਿਟੀ ਸ਼ੋਅ 'ਚ ਸ਼ਾਨਦਾਰ ਪ੍ਰਦਰਸ਼ਨ



**ਕੋਟ ਈਸੇ ਖਾਂ (ਅਰੋੜਾ)**-ਪਾਥਵੇਜ਼ ਗਲੋਬਲ ਸਕੂਲ ਕੋਟ ਈਸੇ ਖਾਂ, ਜੋ ਇਲਾਕੇ ਦਾ ਨਾਮਵਰ ਆਈ ਸੀ ਐੱਸ ਈ ਦਿੱਲੀ ਬੋਰਡ ਤੋਂ ਮਾਨਤਾ ਪ੍ਰਾਪਤ ਸਕੂਲ ਹੈ ਅਤੇ ਆਪਣੇ ਬੱਚਿਆਂ ਨੂੰ ਵਰਲਡ ਕਲਾਸ ਦੀ ਐਜੂਕੇਸ਼ਨ ਦੇ ਰਿਹਾ ਹੈ, ਵਿਖੇ ਨੌਵੀਂ ਕਲਾਸ ਦਾ ਵਿਦਿਆਰਥੀ ਏਕਮਿਆਨ ਸਿੰਘ ਭੁੱਲਰ ਪੁੱਤਰ ਗੁਰਮੇਲ ਸਿੰਘ ਭੁੱਲਰ ਨੇ ਮਿਊਜ਼ਿਕ ਟੀਚਰ ਗੁਰਕਮਲ ਸਿੰਘ ਦੀ ਯੋਗ ਅਗਵਾਈ ਹੇਠ ਪ੍ਰਸਿੱਧ ਰਿਆਲਿਟੀ ਸ਼ੋਅ 'ਕਿਸ ਮੇਂ ਕਿਤਨਾ ਹੈ ਦਮ' ਵਿੱਚ ਆਪਣੀ ਸ਼ਾਨਦਾਰ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ।ਇਸ ਰਿਆਲਿਟੀ ਸ਼ੋਅ ਦਾ ਪਹਿਲਾ ਰਾਊਂਡ ਕੈਂਬਰੇਜ ਕੌਨਵੈਂਟ ਸਕੂਲ ਕੋਟ ਈਸੇ ਖਾਂ ਵਿਖੇ ਕਰਵਾਇਆ ਗਿਆ ਸੀ।ਏਕਮਿਆਨ ਨੇ ਕਵੀਸ਼ਰੀ ਇਵੈਂਟ ਵਿੱਚ ਭਾਗ ਲਿਆ ਤੇ ਆਪਣੇ ਸ਼ਾਨਦਾਰ ਟੇਲੈਂਟ ਦਾ ਪ੍ਰਦਰਸ਼ਨ ਕਰਕੇ ਪਹਿਲੇ, ਦੂਜੇ, ਤੀਜੇ ਤੇ ਚੌਥੇ ਰਾਊਂਡ ਵਿੱਚ ਆਪਣੀ ਜਿੱਤ ਦੇ ਝੰਡੇ ਗੱਡੇ। ਸੈਮੀ-ਫਾਈਨਲ ਰਾਊਂਡ ਪਾਸ ਕਰਨ ਤੋਂ ਬਾਅਦ ਏਕਮਿਆਨ 'ਕਿਸ ਮੇ ਕਿਤਨਾ ਹੈ ਦਮ' ਦੇ ਗ੍ਰੈਂਡ ਫਿਨਾਲੇ ਵਿੱਚ ਸਫਲਤਾਪੂਰਵਕ ਪਹੁੰਚ ਗਿਆ ਹੈ।ਏਕਮਿਆਨ ਦਾ ਸ਼ਾਨਦਾਰ ਪ੍ਰਦਰਸ਼ਨ ਆਤਮ ਵਿਸ਼ਵਾਸ ਤੇ ਸਮਰਪਣ ਉਸ ਦੀ ਸਖਤ ਮਿਹਨਤ ਤੇ ਜਨੂਨ ਦਾ ਪ੍ਰਮਾਣ ਹੈ। ਇਸ ਮੌਕੇ ਸਕੂਲ ਦੇ ਕਮੇਟੀ ਮੈਂਬਰ ਮਾਨਯੋਗ ਚੇਅਰਮੈਨ ਸੁਰਜੀਤ ਸਿੰਘ ਸਿੱਧੂ, ਪ੍ਰਧਾਨ ਡਾ. ਅਨਿਲਜੀਤ ਕੰਬੋਜ, ਵਾਈਸ ਚੇਅਰਮੈਨ ਅਵਤਾਰ ਸਿੰਘ ਸੌਂਦ, ਚਾਹਤ ਕੰਬੋਜ, ਸਤਨਾਮ ਸਿੰਘ ਸੌਂਦ, ਗੁਰਪ੍ਰੀਤ ਸਿੰਘ ਸਿੱਧੂ ਕੌਂਸਲਰ, ਜੋਗਿੰਦਰ ਸਿੰਘ ਸਰਪੰਚ, ਜਸਵਿੰਦਰ ਸਿੰਘ ਸਿੱਧੂ ਤੇ ਮਾਨਯੋਗ ਪ੍ਰਿੰਸੀਪਲ ਡਾ. ਅਰਵਿੰਦ ਕੁਮਾਰ ਸ਼ਰਮਾ ਨੇ ਕਿਹਾ ਕਿ ਅਸੀਂ ਏਕਮਿਆਨ ਸਿੰਘ ਭੁੱਲਰ ਨੂੰ ਦਿਲੋਂ ਵਧਾਈ ਦਿੰਦੇ ਹਾਂ ਤੇ ਫਾਈਨਲ ਰਾਊਂਡ ਲਈ ਉਸ ਨੂੰ ਸ਼ੁੱਭ-ਕਾਮਨਾਵਾਂ ਦਿੰਦੇ ਹਾਂ।ਉਹ ਆਪਣੀ ਪ੍ਰਤਿਭਾ ਤੇ ਦ੍ਰਿੜ੍ਹਤਾ ਨਾਲ ਸਾਡੇ ਸਕੂਲ ਨੂੰ ਸ਼ਾਨਦਾਰ ਪ੍ਰਦਰਸ਼ਨ ਤੇ ਸਨਮਾਨ ਪ੍ਰਦਾਨ ਕਰਦਾ ਰਹੇ।

## ਸ਼ੁਭਮ ਸ਼ਰਮਾ ਵੱਲੋਂ ਜੇਤੂ ਪੰਚਾਇਤ ਸੰਮਤੀ ਮੈਂਬਰਾਂ ਦਾ ਸਨਮਾਨ



**ਧੂਰੀ (ਮੋਹਿਤ ਗਰਗ, ਮਨੋਹਰ ਸਿੰਘ ਸੱਗੂ, ਬਿੰਨੀ ਗਰਗ)**-ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਤੇ ਹਲਕਾ ਧੂਰੀ ਤੋਂ ਸਰਗਰਮ ਆਗੂ ਸ਼ੁਭਮ ਸ਼ੁਭੀ ਸ਼ਰਮਾ ਵੱਲੋਂ ਹਲਕਾ ਧੂਰੀ ਦੇ ਵੱਖ-ਵੱਖ ਪੰਚਾਇਤ ਸੰਮਤੀ ਜ਼ੋਨਾਂ ਤੋਂ ਜੇਤੂ ਰਹੇ ਕਾਂਗਰਸੀ ਉਮੀਦਵਾਰਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਕਰਕੇ ਉਨ੍ਹਾਂ ਨੂੰ ਜਿੱਤ ਦੀਆਂ ਮੁਬਾਰਕਾਂ ਦਿੰਦਿਆਂ ਹਲਕੇ ਦੇ ਲੋਕਾਂ ਦਾ ਧੰਨਵਾਦ ਕੀਤਾ।ਇਸ ਮੌਕੇ ਉਨ੍ਹਾਂ ਕਿਹਾ ਕਿ ਇਹ ਜਿੱਤ ਕਾਂਗਰਸ ਵਰਕਰਾਂ ਦੀ ਮਿਹਨਤ, ਲੋਕਾਂ ਦੇ ਭਰੋਸੇ ਤੇ ਲੋਕਤੰਤਰਕ ਕਦਰਾਂ-ਕੀਮਤਾਂ ਦੀ ਜਿੱਤ ਹੈ।ਇਸ ਸੰਖੇਪ ਸਮਾਰੋਹ ਦੌਰਾਨ ਜ਼ੋਨ ਧੂਰਾ ਤੋਂ ਰਮਨਜੀਤ ਕੌਰ, ਜ਼ੋਨ ਫ਼ਰਵਾਹੀ ਤੋਂ ਸਰਬਜੀਤ ਕੌਰ, ਜ਼ੋਨ ਕਾਤਰੋਂ ਤੋਂ ਰਵਿੰਦਰ ਕੌਰ ਤੇ ਜ਼ੋਨ ਰੰਗੀਆਂ ਤੋਂ ਨੰਦ ਨਾਲ ਲੱਕੀ ਨੂੰ ਸਿਰੋਪਾਓ ਤੇ ਸਨਮਾਨ-ਚਿੰਨ੍ਹਾਂ ਨਾਲ ਨਿਵਾਜਿਆ ਗਿਆ।ਸ਼ੁਭਮ ਸ਼ਰਮਾ ਨੇ ਕਿਹਾ ਕਿ ਇਹ ਸਾਰੇ ਜੇਤੂ ਮੈਂਬਰ ਆਪਣੇ-ਆਪਣੇ ਖੇਤਰਾਂ ਵਿੱਚ ਲੋਕ ਸੇਵਾ, ਵਿਕਾਸ ਤੇ ਸਮੱਸਿਆਵਾਂ ਦੇ ਹੱਲ ਲਈ ਪੂਰੀ ਇਮਾਨਦਾਰੀ ਨਾਲ ਕੰਮ ਕਰਨਗੇ।ਉਨ੍ਹਾਂ ਵਰਕਰ ਸਾਹਿਬਾਨਾਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਮੁਸ਼ਕਲ ਸਮੇਂ ਵਿੱਚ ਵੀ ਪਾਰਟੀ ਦਾ ਡੱਟ ਕੇ ਸਾਥ ਦਿੱਤਾ ਤੇ ਸੀਟਾਂ ਜਿੱਤ ਕੇ ਪਾਰਟੀ ਦੀ ਝੋਲੀ ਪਾਈਆਂ।ਸ਼ੁਭਮ ਸ਼ਰਮਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਸਰਕਾਰ ਦੀਆਂ ਜ਼ਿਆਦਤੀਆਂ ਤੋਂ ਲੋਕ ਤੰਗ ਆ ਚੁੱਕੇ ਹਨ ਤੇ ਹੁਣ ਬਦਲਾਅ ਦਾ ਸਮਾਂ ਨੇੜੇ ਹੈ। ਉਨ੍ਹਾਂ ਭਰੋਸਾ ਜਤਾਇਆ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪੰਜਾਬ ਦੀ ਜਨਤਾ ਕਾਂਗਰਸ ਪਾਰਟੀ ਨੂੰ ਭਾਰੀ ਬਹੁਮੱਤ ਨਾਲ ਜਿੱਤ ਦਿਵਾਏਗੀ ਅਤੇ ਸੂਬੇ ਵਿੱਚ ਮੁੜ ਵਿਕਾਸ ਤੇ ਲੋਕ-ਹਿਤੈਸ਼ੀ ਸਰਕਾਰ ਬਣੇਗੀ।

## ਰਿਟਾਇਰਡ ਇੰਪਲਾਈਜ਼ ਵੈੱਲਫੇਅਰ ਐਸੋਸੀਏਸ਼ਨ ਨੇ ਮਨਾਇਆ ਪੈਨਸ਼ਨਰਜ਼ ਦਿਵਸ



**ਮਾਨਸਾ (ਆਤਮਾ ਸਿੰਘ ਪਮਾਰ)**-ਰਿਟਾਇਰਡ ਇੰਪਲਾਈਜ ਵੈਲਫੇਅਰ ਐਸੋਸੀਏਸ਼ਨ ਵੱਲੋਂ ਪੈਨਸ਼ਨ ਭਵਨ ਵਿਖੇ ਐਸੋਸੀਏਸ਼ਨ ਦੇ ਪ੍ਰਧਾਨ ਸਿਕੰਦਰ ਸਿੰਘ ਘਰਾਗਣਾਂ ਦੀ ਅਗਵਾਈ ਹੇਠ ਪੈਨਸ਼ਨਰਜ਼ ਦਿਵਸ ਧੂਮ ਨਾਲ ਮਨਾਇਆ ਗਿਆ।ਪ੍ਰੋਗਰਾਮ ਦੌਰਾਨ ਮੁੱਖ ਮਹਿਮਾਨ ਵਜੋਂ ਐਸ.ਬੀ ਆਈ ਦੇ ਖੇਤਰੀ ਮੈਨੇਜਰ ਪ੍ਰਮੋਦ ਕੁਮਾਰ ਯਾਦਵ ਵੱਲੋਂ ਸਟਾਫ ਸਮੇਤ ਸ਼ਿਰਕਤ ਕੀਤੀ ਗਈ।ਪ੍ਰੋਗਰਾਮ ਦੀ ਸ਼ੁਰੂਆਤ ਪਿਛਲੇ ਦਿਨੀਂ ਮਾਨਸਾ ਸ਼ਹਿਰ ਨਾਲ ਸਬੰਧਤ ਅਧਿਆਪਕ ਜੋੜੇ ਦੀ ਚੋਣ ਡਿਊਟੀ ਦੌਰਾਨ ਹੋਈ ਦਰਦਨਾਕ ਮੌਤ ਕਾਰਨ ਦੋ ਮਿੰਟ ਦਾ ਮੌਨ ਧਾਰ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਿਤ ਕਰਨ ਉਪਰੰਤ ਕੀਤੀ ਗਈ।ਉਪਰੰਤ ਐਸੋਸੀਏਸ਼ਨ ਦੇ ਪ੍ਰਧਾਨ ਘਰਾਗਣਾਂ ਵੱਲੋਂ ਮੁੱਖ ਮਹਿਮਾਨ ਤੇ ਹਾਜ਼ਰੀਨ ਪੈਨਸ਼ਨਰਜ਼ ਸਾਥੀਆਂ ਨੂੰ ਜੀ ਆਇਆਂ ਕਹਿੰਦਿਆਂ ਆਪਣੇ ਵਿਚਾਰ ਵੀ ਸਾਂਝੇ ਕੀਤੇ।ਮੁੱਖ ਮਹਿਮਾਨ ਪ੍ਰਮੋਦ ਕੁਮਾਰ ਯਾਦਵ ਵੱਲੋਂ ਬੈਂਕ ਨਾਲ ਸਬੰਧਤ ਪੈਨਸ਼ਨਰਜ਼ ਨੂੰ ਦਰਪੇਸ਼ ਸਮੱਸਿਆਵਾਂ ਅਤੇ ਮੰਗਾਂ ਮਸਲਿਆਂ ਨੂੰ ਹੱਲ ਕਰਨ ਦਾ ਵਿਸ਼ਵਾਸ ਦਿਵਾਉਣ ਤੋਂ ਇਲਾਵਾ ਵੱਡੀ ਉਮਰ ਦੇ ਖਾਤਾਧਾਰਕਾਂ ਲਈ ਵੱਖ-ਵੱਖ ਸਕੀਮਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।ਇਸ ਸਮੇਂ ਸੰਬੋਧਨ ਕਰਦਿਆਂ ਪਿਰਥੀ ਸਿੰਘ ਮਾਨ, ਆਤਮਾ ਸਿੰਘ ਪਮਾਰ, ਬਿੱਕਰ ਸਿੰਘ ਮੰਘਾਣੀਆ ਤੇ ਲੱਖਾ ਸਿੰਘ ਸਹਾਰਨਾ ਨੇ ਪੈਨਸ਼ਨਰਜ਼ ਦਿਵਸ ਦੇ ਇਤਿਹਾਸ, ਪੁਰਾਣੀ ਤੇ ਨਵੀਂ ਪੈਨਸ਼ਨ ਸਕੀਮ ਤੋਂ ਇਲਾਵਾ ਕੇਂਦਰ ਸਰਕਾਰ ਵੱਲੋਂ ਲਿਆਂਦੀ ਗਈ ਯੂ ਪੀ ਐਸ ਸਕੀਮ ਤੋਂ ਇਲਾਵਾ ਅਜੋਕੀ ਸਮਾਜਿਕ, ਰਾਜਨੀਤਕ ਅਤੇ ਆਰਥਿਕ ਦਿਸ਼ਾ/ਦਸ਼ਾ ਬਾਰੇ ਵੀ ਵਿਸਥਾਰਿਤ ਚਰਚਾ ਕੀਤੀ।ਮੈਨੇਜਰ ਸ਼ਵਿੰਦਰ ਸਿੰਘ, ਮੇਜਰ ਸਿੰਘ ਸਰਪੰਚ, ਜਗਦੀਸ਼ ਰਾਏ ਅਤੇ ਪਰਮਜੀਤ ਕੌਰ ਮਾਨਸਾ ਨੇ ਪੰਜਾਬ ਸਰਕਾਰ ਦੀਆਂ ਲੋਕ, ਮੁਲਾਜ਼ਮ, ਸਿੱਖਿਆ ਤੇ ਕਿਸਾਨ, ਮਜ਼ਦੂਰ ਵਿਰੋਧੀ ਨੀਤੀਆਂ ਦੀ ਸਖ਼ਤ ਆਲੋਚਨਾ ਕਰਦਿਆਂ ਕੇਂਦਰੀ ਅਤੇ ਪੰਜਾਬ ਸਰਕਾਰ ਨੂੰ ਕਾਰਪੋਰੇਟ ਘਰਾਣਿਆਂ ਦੇ ਹਿੱਤ 'ਚ ਲਏ ਜਾ ਰਹੇ ਅਤੇ ਫੈਸਲਿਆਂ ਅਤੇ ਨੀਤੀਆਂ ਲਈ ਜਨਤਾ ਦੀ ਲੁੱਟ ਕਰਨ ਦਾ ਰਾਹ ਪੱਧਰਾ ਕਰਨ ਵਾਲਾ ਕਰਾਰ ਦਿੱਤਾ।

## 350 ਸਾਲਾ ਸ਼ਹੀਦੀ ਦਿਵਸ ਨੂੰ ਸਮਰਪਤ ਪੰਜ ਰੋਜ਼ਾ ਗੁਰਮਤਿ ਸਮਾਗਮ

### ਮਨੁੱਖ ਦੀ ਸੁਰਤ 'ਚ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਹੋਣਾ ਲਾਜ਼ਮੀ : ਧੂੰਦਾ



**ਧੂਰੀ (ਮੋਹਿਤ ਗਰਗ, ਮਨੋਹਰ ਸਿੰਘ ਸੱਗੂ, ਬਿੰਨੀ ਗਰਗ)**-ਸਥਾਨਕ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਦਿਵਸ ਨੂੰ ਮੁੱਖ ਰੱਖਦੇ ਹੋਏ ਪੰਜ ਰੋਜ਼ਾ ਗੁਰਮਤਿ ਕਥਾ ਸਮਾਗਮ ਚੱਲ ਰਹੇ ਹਨ।ਪ੍ਰਧਾਨ ਬੰਤ ਸਿੰਘ ਵਿਰਕ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਨ੍ਹਾਂ ਗੁਰਮਤਿ ਸਮਾਗਮਾਂ ਅਧੀਨ ਸਿੱਖ ਧਰਮ ਦੇ ਮਹਾਨ ਵਿਦਵਾਨ ਤੇ ਪ੍ਰਚਾਰਕ ਪਹੁੰਚ ਰਹੇ ਹਨ।ਸਮਾਗਮਾਂ ਦਾ ਮੂਲ ਉਦੇਸ਼ ਸੰਗਤ ਨੂੰ ਸਿੱਖ ਇਤਿਹਾਸ ਤੇ ਗੁਰਬਾਣੀ ਦੇ ਸਿਧਾਂਤ ਨਾਲ ਜੋੜਨਾ ਹੈ। ਸ਼ਾਮ ਨੂੰ ਸ਼ਬਦ ਕੀਰਤਨ ਬਾਅਦ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਬਾਰੇ ਇਤਿਹਾਸਕ ਤੇ ਸਿਧਾਂਤਕ ਵਿਚਾਰਾਂ ਹੋ ਰਹੀਆਂ ਹਨ।ਦੂਜੇ ਦਿਨ ਪ੍ਰੋ. ਸਰਬਜੀਤ ਸਿੰਘ ਧੂੰਦਾ ਮੁੱਖ ਕਥਾਵਾਚਕ ਵਜੋਂ ਪਹੁੰਚੇ।ਭਾਈ ਧੂੰਦਾ ਨੇ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੇ ਬਾਣੀ ਦੇ ਹਵਾਲੇ ਨਾਲ ਦੁਨਿਆਵੀ ਮਾਇਆ, ਸੱਤਾ ਦੇ ਨਸ਼ੇ ਵਿੱਚ ਗ੍ਰਸਤ ਨੇਤਾਵਾਂ ਤੇ ਪਾਖੰਡੀ ਸਾਧਾਂ ਬਾਰੇ ਚੇਤੰਨ ਕੀਤਾ।ਸੰਗਤਾਂ ਨੂੰ ਚੰਗੇ ਬੋਲ ਬੋਲਣ, ਉੱਚਾ ਆਚਰਣ ਘੜਨ ਤੇ ਪੁਸਤਕਾਂ ਪੜ੍ਹਨ ਲਈ ਪ੍ਰੇਰਿਤ ਕਰਦੇ ਹੋਏ ਭਾਈ ਧੂੰਦਾ ਨੇ ਕਿਹਾ ਕਿ ਗੁਰਮਤਿ ਸਿੱਖਿਆ ਹੀ ਚੰਗਾ ਇਨਸਾਨ ਬਣਾਉਂਦੀ ਹੈ।ਪ੍ਰੋਗਰਾਮ ਇੰਚਾਰਜ ਕੁਲਵਿੰਦਰਪਾਲ ਸਿੰਘ ਜੇ.ਈ. ਨੇ ਸਿੰਘ ਸਾਹਿਬਾਨ, ਸੰਗਤਾਂ ਤੇ ਸੇਵਕਾਂ ਦਾ ਵਿਸ਼ੇਸ਼ ਧੰਨਵਾਦ ਕੀਤਾ।ਇਸ ਪੂਰੇ ਸਮਾਗਮ ਨੂੰ ਵਿਧੀਵਤ ਢੰਗ ਨਾਲ ਚਲਾਉਣ ਲਈ ਭਾਈ ਜਸਵੀਰ ਸਿੰਘ ਹੈੱਡ ਗ੍ਰੰਥੀ, ਭਾਈ ਗੁਰਜੰਟ ਸਿੰਘ ਗ੍ਰੰਥੀ, ਮੈਨੇਜਰ ਭਾਈ ਹਰਦੀਪ ਸਿੰਘ, ਭਾਈ ਜਗਤਾਰ ਸਿੰਘ, ਭਾਈ ਰਣਧੀਰ ਸਿੰਘ, ਤਲਵੀਰ ਸਿੰਘ ਧਨੇਸਰ, ਸੁਖਵੀਰ ਸਿੰਘ ਸੋਢੀ, ਅਮਨਦੀਪ ਸਿੰਘ, ਸੀਪਾ, ਦਲਜੀਤ ਸਿੰਘ, ਜਗਤਾਰ ਸਿੰਘ, ਸੁਰਿੰਦਰ ਸਿੰਘ, ਵਰਿੰਦਰ ਸਿੰਘ, ਸਤਿਨਾਮ ਸਿੰਘ, ਭਰਪੂਰ ਸਿੰਘ, ਬਲਜਿੰਦਰ ਸਿੰਘ, ਬੱਬੂ, ਰਾਜਵੀਰ ਸਿੰਘ, ਮੱਘਰ ਸਿੰਘ, ਅੰਮ੍ਰਿਤ ਸਿੰਘ, ਡਾ. ਨਵਿੰਦਰ ਸਿੰਘ ਪੰਧੇਰ, ਪ੍ਰਿੰ. ਮੇਜਰ ਸਿੰਘ ਆਦਿ ਨੇ ਵਿਸ਼ੇਸ਼ ਯੋਗਦਾਨ ਪਾਇਆ।

# ਢਿੱਲੀ ਪੁਲਸ ਕਾਰਗੁਜ਼ਾਰੀ ਖਿਲਾਫ ਦਿਹਾਤੀ ਮਜ਼ਦੂਰ ਸਭਾ ਨੇ ਨੌਸ਼ਹਿਰਾ ਪੰਨੂਆਂ ਚੌਕੀ ਨੂੰ ਘੇਰਿਆ



ਤਰਨ ਤਾਰਨ (ਪ੍ਰਿਤਪਾਲ ਸਿੰਘ)-ਪਿੰਡ ਖੱਬੇ ਰਾਜਪੂਤਾਂ ਦੇ ਵਸਨੀਕ ਕੁਲਵੰਤ ਸਿੰਘ ਨੇ ਦੱਸਿਆ ਕਿ ਉਹ ਜਤਿੰਦਰ ਸਿੰਘ ਦੀ ਕਲੀਨਿਕ 'ਤੇ ਦਵਾਈ ਲੈਣ ਗਿਆ ਸੀ ਤਾਂ ਡਾਕਟਰ ਨੇ ਮੇਰੇ ਕੋਲੋਂ 50 ਰੁਪਏ ਮੰਗੇ। ਮੈਂ ਉਸ ਨੂੰ 100 ਰੁਪਏ ਦਿੱਤੇ। ਉਸ ਨੇ ਮੇਰੇ ਕੋਲੋਂ 850 ਰੁਪਏ ਪਿਛਲੇ ਲੈਣ ਦੀ ਗੱਲ ਕਹੀ। ਮੇਰੇ ਨਾਲ ਝਗੜਾ ਕਰਨ ਲੱਗਾ ਅਤੇ ਰੌਲਾ-ਪਾਈ ਹੋ ਗਿਆ।ਇੰਨੇ ਨੂੰ ਉਸਦਾ ਦਾ ਪਿਤਾ ਵੀ ਪਹੁੰਚ ਗਿਆ ਅਤੇ ਦੋਵਾਂ ਨੇ ਮੇਰੇ ਕੇਸਾਂ ਦੀ ਬੇਅਦਬੀ ਕੀਤੀ। ਮੈਨੂੰ ਜਾਤੀ ਸੂਚਕ ਗਾਲਾਂ ਵੀ ਕੱਢੀਆਂ ਤੇ ਗੋਲੀ ਮਾਰਨ ਦੀਆਂ ਧਮਕੀਆਂ ਵੀ ਦਿੰਦੇ ਰਹੇ।ਮੈਂ 26 ਨਵੰਬਰ ਨੂੰ ਚੌਕੀ ਨੌਸ਼ਹਿਰਾ ਪੰਨੂਆਂ ਦਰਖਾਸਤ ਦਿੱਤੀ ਪਰ ਕੋਈ ਕਾਰਵਾਈ ਨਹੀਂ ਹੋਈ। ਮੈਂ ਇਸ ਬਾਰੇ ਦਿਹਾਤੀ ਮਜ਼ਦੂਰ ਸਭਾ ਦੇ ਆਗੂ ਚਮਨ ਲਾਲ ਦਰਾਜਕੇ ਨੂੰ ਸਾਰੀ ਗੱਲਬਾਤ ਦੱਸੀ ਤਾਂ ਉਨ੍ਹਾਂ ਨੇ ਵੀ ਚੌਕੀ ਇੰਚਾਰਜ ਨੂੰ ਕਾਰਵਾਈ ਕਰਨ ਲਈ ਕਈ ਵਾਰ ਬੇਨਤੀ ਕੀਤੀ ਪਰ ਚੌਕੀ ਇੰਚਾਰਜ ਦੇ ਕੰਨ 'ਤੇ ਜੂੰ ਨਹੀਂ ਸਰਕੀ।

ਮਜਬੂਰਨ ਦਿਹਾਤੀ ਮਜ਼ਦੂਰ ਸਭਾ ਦੇ ਝੰਡੇ ਹੇਠ ਚੌਕੀ ਨੌਸ਼ਹਿਰਾ ਪੰਨੂਆਂ ਵਿਖੇ ਜ਼ੋਰਦਾਰ ਨਾਅਰੇਬਾਜ਼ੀ ਕਰਕੇ ਧਰਨਾ ਦਿੱਤਾ ਗਿਆ। ਧਰਨੇ ਦੀ ਅਗਵਾਈ ਦਿਆਲ ਸਿੰਘ ਲੌਹਕਾ, ਅੰਮ੍ਰਿਤਪਾਲ ਸਿੰਘ ਨੌਸ਼ਹਿਰਾ ਪੰਨੂਆਂ, ਜੋਗਿੰਦਰ ਸਿੰਘ ਖਡੂਰ ਸਾਹਿਬ ਨੇ ਕੀਤੀ। ਇਸ ਮੌਕੇ ਧਰਨੇ ਨੂੰ ਦਿਹਾਤੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਚਮਨ ਲਾਲ ਦਰਾਜਕੇ, ਬਲਦੇਵ ਸਿੰਘ ਪੰਡੋਰੀ, ਜਸਬੀਰ ਸਿੰਘ ਵੈਰੋਵਾਲ, ਸੁਖਦੇਵ ਸਿੰਘ, ਜਵੰਦਾ, ਜਸਵੰਤ ਸਿੰਘ ਭਿੱਖੀਵਿੰਡ, ਹਰਜਿੰਦਰ ਸਿੰਘ ਚੂੰਘ, ਨਰਿੰਦਰ ਸਿੰਘ ਰਟੌਲ, ਮਨਦੀਪ ਸਿੰਘ ਕਲਸੀ, ਕਮਲਜੀਤ ਕੌਰ ਨੇ ਸੰਬੋਧਨ ਕੀਤਾ।ਮੌਕੇ 'ਤੇ ਦੋਸ਼ੀਆਂ ਖਿਲਾਫ ਪਰਚਾ ਦਰਜ ਕੀਤਾ ਗਿਆ ਅਤੇ ਧਰਨਾਕਾਰੀਆਂ ਨੂੰ ਏਐੱਸਆਈ ਵਰਿਆਮ ਸਿੰਘ ਨੇ ਵਿਸ਼ਵਾਸ ਦਿਵਾਇਆ ਕਿ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕੀਤਾ ਜਾਵੇਗਾ।

# ਜ਼ਿਲ੍ਹਾ ਪ੍ਰੀਸ਼ਦ ਦੇ 17 ਅਤੇ ਪੰਚਾਇਤ ਸੰਮਤੀਆਂ ਦੇ 124 ਜ਼ੋਨਾਂ 'ਚ ਆਪ ਦੇ ਉਮੀਦਵਾਰ ਰਹੇ ਜੇਤੂ

ਗੁਰਦਾਸਪੁਰ, (ਜਨਕ ਮਹਾਜਨ)-ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਵਿਚ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੇ ਸ਼ਾਨਦਾਰ ਜਿੱਤ ਹਾਸਲ ਕੀਤੀ ਹੈ। ਜ਼ਿਲ੍ਹਾ ਗੁਰਦਾਸਪੁਰ ਵਿੱਚ ਜ਼ਿਲ੍ਹਾ ਪ੍ਰੀਸ਼ਦ ਦੇ ਕੁੱਲ 25 ਜ਼ੋਨਾਂ ਵਿੱਚੋਂ ਆਮ ਆਦਮੀ ਪਾਰਟੀ ਦੇ 17 ਅਤੇ ਕਾਂਗਰਸ ਪਾਰਟੀ ਦੇ 8 ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ। ਪੰਚਾਇਤ ਸੰਮਤੀ ਦੇ 201 ਜ਼ੋਨਾਂ ਵਿੱਚੋਂ ਆਮ ਆਦਮੀ ਪਾਰਟੀ 124, ਕਾਂਗਰਸ 64, ਸ਼੍ਰੋਮਣੀ ਅਕਾਲੀ ਦਲ 6, ਭਾਜਪਾ 4, ਅਤੇ 3 ਆਜ਼ਾਦ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ ਹੈ। ਵਧੀਕ ਜ਼ਿਲ੍ਹਾ ਚੋਣ ਅਫਸਰ-ਕਮ-ਵਧੀਕ ਡਿਪਟੀ ਕਮਿਸ਼ਨਰ ਗੁਰਪ੍ਰੀਤ ਸਿੰਘ ਗਿੱਲ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਪੰਚਾਇਤ ਸੰਮਤੀ ਦੋਰਾਂਗਲਾ ਦੇ 15 ਜ਼ੋਨਾਂ ਵਿੱਚੋਂ ਆਮ ਆਦਮੀ ਪਾਰਟੀ 3, ਕਾਂਗਰਸ ਪਾਰਟੀ 11 ਅਤੇ ਭਾਜਪਾ ਪਾਰਟੀ 1 ਜ਼ੋਨ ਵਿੱਚ ਜਿੱਤ ਹਾਸਲ ਕੀਤੀ। ਗੁਰਦਾਸਪੁਰ ਪੰਚਾਇਤ ਸੰਮਤੀ ਦੇ 21 ਜ਼ੋਨਾਂ ਵਿੱਚ ਆਮ ਆਦਮੀ ਪਾਰਟੀ 19 ਅਤੇ ਕਾਂਗਰਸ ਪਾਰਟੀ 2 ਜ਼ੋਨਾਂ ਵਿੱਚ ਜੇਤੂ ਰਹੀ। ਪੰਚਾਇਤ ਸੰਮਤੀ ਬਟਾਲਾ ਦੇ 15 ਜ਼ੋਨਾਂ ਵਿੱਚੋਂ ਆਮ ਆਦਮੀ ਪਾਰਟੀ 13 ਅਤੇ ਕਾਂਗਰਸ ਪਾਰਟੀ 2 ਅਤੇ ਪੰਚਾਇਤ ਸੰਮਤੀ ਕਾਦੀਆਂ ਦੇ 17 ਜ਼ੋਨਾਂ ਵਿੱਚ ਆਮ ਆਦਮੀ ਪਾਰਟੀ ਦੇ 10, ਕਾਂਗਰਸ ਪਾਰਟੀ 6 ਅਤੇ ਸ਼੍ਰੋਮਣੀ ਅਕਾਲੀ ਦਲ ਪਾਰਟੀ 1, ਕਲਾਨੌਰ ਪੰਚਾਇਤ ਸੰਮਤੀ ਦੇ 16 ਜ਼ੋਨਾਂ ਵਿੱਚੋਂ ਆਮ ਆਦਮੀ ਪਾਰਟੀ 16 ਜ਼ੋਨਾਂ ਵਿੱਚ ਜੇਤੂ ਰਹੀ। ਪੰਚਾਇਤ ਸੰਮਤੀ ਫਤਿਹਗੜ੍ਹ ਚੂੜੀਆਂ ਦੇ 25 ਜ਼ੋਨਾਂ ਵਿੱਚੋਂ ਆਮ ਆਦਮੀ ਪਾਰਟੀ 10, ਕਾਂਗਰਸ ਪਾਰਟੀ 12 ਅਤੇ ਸ਼੍ਰੋਮਣੀ ਅਕਾਲੀ ਦਲ 3, ਧਾਰੀਵਾਲ ਪੰਚਾਇਤ ਸੰਮਤੀ ਦੇ 17 ਜ਼ੋਨਾਂ ਵਿੱਚੋਂ ਆਮ ਆਦਮੀ ਪਾਰਟੀ 11, ਕਾਂਗਰਸ ਪਾਰਟੀ 5 ਅਤੇ ਸ਼੍ਰੋਮਣੀ ਅਕਾਲੀ ਦਲ ਪਾਰਟੀ 1, ਕਾਹਨੂੰਵਾਨ ਪੰਚਾਇਤ ਸੰਮਤੀ ਦੇ 15 ਜ਼ੋਨਾਂ ਵਿੱਚੋਂ ਆਮ ਆਦਮੀ ਪਾਰਟੀ 5 ਅਤੇ ਕਾਂਗਰਸ ਪਾਰਟੀ 10 ਜ਼ੋਨਾਂ ਵਿੱਚ ਜੇਤੂ ਰਹੀ। ਡੇਰਾ ਬਾਬਾ ਨਾਨਕ ਪੰਚਾਇਤ ਸੰਮਤੀ ਦੇ 19 ਜ਼ੋਨਾਂ ਵਿੱਚ ਆਮ ਆਦਮੀ ਪਾਰਟੀ 17, ਕਾਂਗਰਸ ਪਾਰਟੀ 1, ਆਜ਼ਾਦ ਉਮੀਦਵਾਰ 1, ਦੀਨਾਨਗਰ ਪੰਚਾਇਤ ਸੰਮਤੀ ਦੇ 22 ਜ਼ੋਨਾਂ ਵਿੱਚ ਆਮ ਆਦਮੀ ਪਾਰਟੀ 8, ਕਾਂਗਰਸ 11 ਅਤੇ ਭਾਜਪਾ 3 ਅਤੇ ਸ਼੍ਰੀ ਹਰਗੋਬਿੰਦਪੁਰ ਸਾਹਿਬ ਦੇ 19 ਜ਼ੋਨਾਂ ਵਿੱਚ ਆਮ ਆਦਮੀ ਪਾਰਟੀ 12, ਕਾਂਗਰਸ ਪਾਰਟੀ 4, ਸ਼੍ਰੋਮਣੀ ਅਕਾਲੀ ਦਲ ਪਾਰਟੀ 1 ਅਤੇ 2 ਆਜ਼ਾਦ ਉਮੀਦਵਾਰਾਂ ਨੇ ਜਿੱਤ ਹਾਸਲ ਕੀਤੀ।

# ਬਿਜਲੀ ਸੋਧ ਬਿੱਲ ਖਿਲਾਫ ਸੰਯੁਕਤ ਕਿਸਾਨ ਮੋਰਚਾ ਤੇ ਟ੍ਰੇਡ ਯੂਨੀਅਨਾਂ ਨੇ ਕੀਤੀ ਸਾਂਝੀ ਮੀਟਿੰਗ



ਪਠਾਨਕੋਟ (ਦਵਿੰਦਰ ਸਿੰਘ)-ਕੇਂਦਰ ਸਰਕਾਰ ਵੱਲੋਂ ਪੇਸ਼ ਕੀਤੇ ਜਾ ਰਹੇ ਬਿਜਲੀ ਸੋਧ ਬਿੱਲ - 2025 ਵਿਰੁੱਧ ਲਾਮਬੰਦੀ ਕਰਨ ਲਈ ਸੰਯੁਕਤ ਕਿਸਾਨ ਮੋਰਚੇ ਅਤੇ ਟ੍ਰੇਡ ਯੂਨੀਅਨਾਂ ਦੀ ਸਾਂਝੀ ਮੀਟਿੰਗ ਬਾਠ ਸਾਹਿਬ ਵਿਖੇ ਹੋਈ, ਜਿਸ ਵਿਚ ਜਮਹੂਰੀ ਕਿਸਾਨ ਸਭਾ ਵੱਲੋਂ ਬਲਦੇਵ ਰਾਜ ਭੋਆ ਅਤੇ ਬਲਵੰਤ ਸਿੰਘ, ਕੁੱਲ ਹਿੰਦ ਕਿਸਾਨ ਸਭਾ ਵੱਲੋਂ ਪਰਸ਼ੋਤਮ ਕੁਮਾਰ, ਭਾਰਤੀ ਕਿਸਾਨ ਯੂਨੀਅਨ ਰਾਜੇਵਾਲ ਵੱਲੋਂ ਕੇਵਲ ਸਿੰਘ ਕੰਗ, ਕਿਰਤੀ ਕਿਸਾਨ ਯੂਨੀਅਨ ਵੱਲੋਂ ਮੁਖਤਿਆਰ ਸਿੰਘ ਤੇ ਕੁਲਬੀਰ ਸਿੰਘ, ਭਾਰਤੀ ਕਿਸਾਨ ਯੂਨੀਅਨ ਕਾਦੀਆਂ ਵੱਲੋਂ ਆਈ. ਐੱਸ. ਗੁਲਾਟੀ, ਟ੍ਰੇਡ ਯੂਨੀਅਨਾਂ ਦੇ ਪਵਰਕਮ ਪੈਨਸ਼ਨਰ ਵੱਲੋਂ ਹੰਸ ਰਾਜ ਸਿੰਘ, ਫੌਜਾ ਸਿੰਘ, ਸੁੰਦਰ ਸਿੰਘ, ਇਫਟੂ ਵੱਲੋਂ ਵਿਜੈ ਕੁਮਾਰ, ਕਮਲ ਕਿਸ਼ੋਰ, ਰਾਮ ਲਾਲ, ਸੀ ਟੀ ਯੂ ਵੱਲੋਂ ਕਾ. ਸ਼ਿਵ ਕੁਮਾਰ, ਮਨਹਰਨ ਹਾਜ਼ਰ ਹੋਏ।ਮੀਟਿੰਗ ਦੇ ਫੈਸਲੇ ਬਾਰੇ ਆਗੂਆਂ ਨੇ ਕਿਹਾ ਕਿ ਇਹ ਸੋਧ ਬਿੱਲ ਲੋਕ ਵਿਰੋਧੀ ਹੈ, ਇਸ ਲਈ ਜਿਸ ਦਿਨ ਇਹ ਸੋਧ ਬਿੱਲ ਸੰਸਦ ਵਿੱਚ ਪੇਸ਼ ਕੀਤਾ ਜਾਵੇਗਾ, ਉਸ ਤੋਂ ਅਗਲੇ ਦਿਨ ਟੋਲ ਪਲਾਜ਼ੇ 12 ਤੋਂ 3 ਵਜੇ ਤੱਕ ਫਰੀ ਕੀਤੇ ਜਾਣਗੇ ਅਤੇ 12 ਤੋਂ 3 ਵਜੇ ਤਕ ਰੇਲਾਂ ਰੋਕੀਆਂ ਜਾਣਗੀਆਂ।28 ਦਸੰਬਰ ਤੋਂ 4 ਜਨਵਰੀ ਤੱਕ ਪਿੰਡਾ ਵਿੱਚ ਇਸ ਸੋਧ ਬਿੱਲ ਵਿਰੁੱਧ ਲਾਮਬੰਦੀ ਕਰਕੇ ਜਥੇਬੰਦੀਆਂ ਦਾ ਪੱਖ ਰੱਖਿਆ ਜਾਵੇਗਾ।ਸੋਧ ਬਿੱਲ ਬਾਰੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸੋਧ ਬਿੱਲ ਬਾਰੇ ਰਾਜਾਂ ਨਾਲ ਕੋਈ ਮਸ਼ਵਰਾ ਨਹੀਂ ਕੀਤਾ ਗਿਆ। ਸੰਯੁਕਤ ਕਿਸਾਨ ਮੋਰਚੇ ਦੇ ਦਿੱਲੀ ਅੰਦੋਲਨ ਤੋਂ ਬਾਅਦ ਸਮਝੌਤੇ ਤਹਿਤ ਸੰਯੁਕਤ ਕਿਸਾਨ ਮੋਰਚੇ ਨੂੰ ਵੀ ਨਹੀਂ ਸੁਣਿਆ ਗਿਆ।ਇਸ ਨਾਲ ਕਿਸਾਨਾਂ ਦੀ ਮੁਫ਼ਤ ਬਿਜਲੀ ਅਤੇ ਗਰੀਬ ਲੋਕਾਂ ਨੂੰ ਮਿਲਦੀ ਸਹੂਲਤ ਖ਼ਤਮ ਹੋ ਜਾਵੇਗੀ।ਇਸ ਨਾਲ ਬਿਜਲੀ ਦੀ ਵੰਡ ਨਿੱਜੀ ਹੱਥਾਂ ਵਿੱਚ ਚਲੀ ਜਾਵੇਗੀ।ਇਹ ਬਿੱਲ ਕਿਸਾਨ ਮਜ਼ਦੂਰ ਅਤੇ ਲੋਕ ਵਿਰੋਧੀ ਹੈ।ਇਸ ਲਈ ਇਸ ਦਾ ਵਿਰੋਧ ਪੂਰੀ ਸ਼ਕਤੀ ਨਾਲ ਕੀਤਾ ਜਾਵੇਗਾ।

# ਬਲਜੀਤ ਕੌਰ ਤੇ ਗੁਰਬੀਰ ਸਿੰਘ ਮੱਲ੍ਹੀ ਨੇ ਸ਼ੁਕਰਾਨੇ ਵਜੋਂ ਗੁ. ਗੁਰੂ ਕੀ ਬੇਰ ਸਾਹਿਬ ਮੱਥਾ ਟੇਕਿਆ



ਤਰਸਿੱਕਾ, ਤਰਸੇਮ ਸਿੰਘ ਸਾਧਪੁਰ)-ਜ਼ਿਲਾ ਪ੍ਰੀਸ਼ਦ ਜ਼ੋਨ ਮਜੀਠਾ-2 (ਤਰਸਿੱਕਾ) ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਬਲਜੀਤ ਕੌਰ ਮੱਤੇਵਾਲ ਅਤੇ ਬਲਾਕ ਸੰਮਤੀ ਜ਼ੋਨ ਮੱਤੇਵਾਲ ਤੋਂ ਉਮੀਦਵਾਰ ਗੁਰਬੀਰ ਸਿੰਘ ਮੱਲ੍ਹੀ ਮੱਤੇਵਾਲ ਨੇ ਆਪਣੇ ਵਿਰੋਧੀ ਨੂੰ ਹਰਾ ਕੇ ਜਿੱਤ ਦਰਜ ਕੀਤੀ। ਜਿੱਤਣ ਉਪਰੰਤ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਗੁਰੂ ਕੀ ਬੇਰ ਸਾਹਿਬ ਵਿਖੇ ਸ਼ੁਕਰਾਨਾ ਕਰਨ ਲਈ ਪਹੁੰਚੇ ਜਿਨ੍ਹਾਂ ਨੇ ਗੁਰੂ ਮਹਾਰਾਜ ਦੀ ਹਜ਼ੂਰੀ ਵਿੱਚ ਨਤਮਸਤਕ ਹੋ ਕੇ ਜਿੱਤ ਲਈ ਸ਼ੁਕਰਾਨੇ ਦੀ ਅਰਦਾਸ ਕਰਵਾਈ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੱਜਣ ਸਿੰਘ ਨੇ ਬੀਬੀ ਬਲਜੀਤ ਕੌਰ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਗੁਰਬੀਰ ਸਿੰਘ ਮੱਲ੍ਹੀ ਮੈਂਬਰ ਬਲਾਕ ਸੰਮਤੀ ਅਤੇ ਪਰਮਜੀਤ ਸਿੰਘ ਮੱਤੇਵਾਲ ਪਤੀ ਬੀਬੀ ਬਲਜੀਤ ਕੌਰ ਤੋਂ ਇਲਾਵਾ ਹੋਰ ਆਗੂਆਂ ਨੂੰ ਸਿਰੋਪੇ ਦੇ ਕੇ ਸਨਮਾਨਿਤ ਕਰਦਿਆਂ ਆਸ਼ੀਰਵਾਦ ਦਿੱਤਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਲਜੀਤ ਕੌਰ ਗੁਰਬੀਰ ਸਿੰਘ ਮੱਲ੍ਹੀ ਅਤੇ ਪਰਮਜੀਤ ਸਿੰਘ ਮੱਤੇਵਾਲ ਪੀਬੀਐੱਸ ਵਾਲਿਆਂ ਨੇ ਆਪਣੀ ਜਿੱਤ ਲਈ ਹਲਕੇ ਦੇ ਲੋਕਾਂ ਤੇ ਹਲਕਾ ਇੰਚਾਰਜ ਤਲਬੀਰ ਸਿੰਘ ਗਿੱਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਦਾ ਹੀ ਹਲਕੇ ਦੇ ਲੋਕਾਂ ਤੇ ਤਲਬੀਰ ਸਿੰਘ ਗਿੱਲ ਦੇ ਰਹਿਣਗੇ ਜਿਨ੍ਹਾਂ ਨੇ ਸਾਡੇ 'ਤੇ ਭਰੋਸਾ ਪ੍ਰਗਟਾਇਆ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਹਰਪਾਲ ਸਿੰਘ ਮੱਤੇਵਾਲ, ਡਾਕਟਰ ਬਲਵਿੰਦਰ ਸਿੰਘ, ਸੁਲੱਖਣ ਸਿੰਘ ਮੱਤੇਵਾਲ, ਤਰਸੇਮ ਸਿੰਘ ਗਾਰਡ, ਗੁਰਸੇਵਕ ਸਿੰਘ, ਬਲਦੇਵ ਸਿੰਘ, ਜਸਪਾਲ ਸਿੰਘ, ਹਰਦੇਵ ਸਿੰਘ, ਫੁੰਮਣ ਸਿੰਘ ਸਾਰੇ ਹੀ ਮੈਂਬਰ ਪੰਚਾਇਤ ਮੱਤੇਵਾਲ, ਰਾਣਾ ਜਿਊਲਰਜ਼, ਦਵਿੰਦਰ ਸਿੰਘ ਟੇਲਰ ਮੱਤੇਵਾਲ, ਸਰਪੰਚ ਸਰਬਜੀਤ ਸਿੰਘ ਸਾਧਪੁਰ, ਸਰਪੰਚ ਪ੍ਰੇਮ ਸਿੰਘ ਤਰਫਾਨ, ਬਲਕਾਰ ਸਿੰਘ ਸਤਨਾਮ ਸਿੰਘ ਮੱਤੇਵਾਲ ਪੀਬੀਐੱਸ ਵਾਲੇ, ਨਿੰਦਰ ਸਿੰਘ ਭੋਏ, ਧਰਮਿੰਦਰ ਸਿੰਘ ਸਾਧਪੁਰ, ਰਣਜੀਤ ਸਿੰਘ ਰਾਣਾ ਅਤੇ ਹੋਰ ਵੱਡੀ ਗਿਣਤੀ ਵਿੱਚ ਆਗੂ ਹਾਜ਼ਰ ਸਨ।

# ਜਗਰੂਪ ਕੌਰ ਸੁਪਾਰੀਵਿੰਡ ਵੋਟਾਂ ਦੇ ਵੱਡੇ ਫਰਕ ਨਾਲ ਜੇਤੂ ਕਰਾਰ



ਮਜੀਠਾ (ਸੋਇਮ ਆਨੰਦ)-ਜ਼ਿਲਾ ਪ੍ਰੀਸ਼ਦ ਅੰਮ੍ਰਿਤਸਰ ਵਾਸਤੇ ਜ਼ੋਨ ਭੰਗਾਲੀ ਕਲਾਂ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਜਗਰੂਪ ਕੌਰ ਸੁਪਾਰੀਵਿੰਡ ਪਤਨੀ ਸਰਕਲ ਪ੍ਰਧਾਨ ਸਰਬਜੀਤ ਸਿੰਘ ਸੁਪਾਰੀਵਿੰਡ ਨੇ ਆਪਣੇ ਨੇੜਲੇ ਵਿਰੋਧੀ ਆਮ ਆਦਮੀ ਪਾਰਟੀ ਦੀ ਉਮੀਦਵਾਰ ਸਰਬਜੀਤ ਕੌਰ ਰੰਗੀਲਪੁਰਾ ਨੂੰ ਕਰੀਬ 790 ਵੋਟਾਂ ਦੇ ਫਰਕ ਨਾਲ ਹਰਾ ਕੇ ਜਿੱਤ ਦਰਜ ਕੀਤੀ।

ਇਸ ਜਿੱਤ 'ਤੇ ਸ਼੍ਰੋਮਣੀ ਅਕਾਲੀ ਦੇ ਖੇਮੇ ਵਿਚ ਭਾਰੀ ਖੁਸ਼ੀ ਪਾਈ ਜਾ ਰਹੀ ਹੈ ਜਿਸ 'ਤੇ ਪਾਰਟੀ ਵਰਕਰਾਂ ਨੇ ਸਰਬਜੀਤ ਸਿੰਘ ਸੁਪਾਰੀਵਿੰਡ ਨੂੰ ਵਧਾਈ ਦਿੱਤੀ।ਇਸ ਮੌਕੇ ਮੇਜਰ ਸ਼ਿਵਚਰਨ ਸਿੰਘ, ਗਗਨਦੀਪ ਸਿੰਘ ਭਕਨਾ, ਐਡਵੋਕੇਟ ਰਾਕੇਸ਼ ਪ੍ਰਾਸ਼ਰ, ਲਖਬੀਰ ਸਿੰਘ ਗਿੱਲ, ਅਮਨਦੀਪ ਗਿੱਲ ਸੁਪਾਰੀਵਿੰਡ, ਮੱਖਣ ਸਿੰਘ ਹਰੀਆਂ, ਹੈਪੀ ਕੋਟਲਾ, ਅਮਰੀਕ ਸਿੰਘ ਸੁਪਾਰੀਵਿੰਡ, ਨੰਬਰਦਾਰ ਅੰਮ੍ਰਿਤਪਾਲ ਸਿੰਘ, ਸੁਖਰਾਜ ਸਿੰਘ ਵੱਲਾ, ਹਰਭਾਗ ਸਿੰਘ, ਦਿਲਾਵਰ ਸਿੰਘ ਸਮੇਤ ਵੱਡੀ ਗਿਣਤੀ ਵਿਚ ਅਕਾਲੀ ਵਰਕਰ ਹਾਜ਼ਰ ਸਨ।

# ਲੋਕਾਂ ਨੇ ਕਾਂਗਰਸ ਪਾਰਟੀ 'ਚ ਆਪਣਾ ਵਿਸ਼ਵਾਸ ਪ੍ਰਗਟ ਕੀਤਾ: ਅਰੁਣਾ ਚੌਧਰੀ

## * ਹਲਕਾ ਦੀਨਾਨਗਰ ਤੋਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ 'ਚ ਕਾਂਗਰਸ ਦੀ ਇਤਿਹਾਸਕ ਜਿੱਤ



ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)-ਵਿਧਾਇਕਾ ਅਰੁਣਾ ਚੌਧਰੀ ਨੇ ਇੱਕ ਪ੍ਰੈੱਸ ਕਾਨਫਰੰਸ ਕਰਕੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਵਿੱਚ ਕਾਂਗਰਸ ਪਾਰਟੀ ਨੂੰ ਜਨਤਾ ਦੇ ਸਮਰਥਨ 'ਤੇ ਖੁਸ਼ੀ ਪ੍ਰਗਟ ਕੀਤੀ।ਇਸ ਮੌਕੇ ਸੀਨੀਅਰ ਕਾਂਗਰਸੀ ਆਗੂ ਅਸ਼ੋਕ ਚੌਧਰੀ ਵੀ ਮੌਜੂਦ ਸਨ।ਅਰੁਣਾ ਚੌਧਰੀ ਨੇ ਕਿਹਾ ਕਿ ਇਹ ਬਹੁਤ ਖੁਸ਼ੀ ਦੀ ਗੱਲ ਹੈ ਕਿ ਦੀਨਾਨਗਰ ਦੇ ਲੋਕਾਂ ਨੇ ਕਾਂਗਰਸ ਪਾਰਟੀ ਦੇ ਹੱਕ ਵਿੱਚ ਆਪਣਾ ਫੈਸਲਾ ਦਿੱਤਾ ਹੈ।ਲੋਕਾਂ ਨੇ ਕਾਂਗਰਸ ਪਾਰਟੀ ਵਿੱਚ ਆਪਣਾ ਵਿਸ਼ਵਾਸ ਪ੍ਰਗਟ ਕੀਤਾ ਹੈ।ਕਾਂਗਰਸ ਪਾਰਟੀ ਨੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਭਾਰੀ ਬਹੁਮਤ ਨਾਲ ਜਿੱਤੀਆਂ ਹਨ।ਚਾਰ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਵੱਡੇ ਫਰਕ ਨਾਲ ਜੇਤੂ ਰਹੇ ਹਨ।ਉਨ੍ਹਾਂ ਕਿਹਾ ਕਿ ਜਦੋਂ ਤੋਂ ਉਨ੍ਹਾਂ ਨੇ 2002 ਵਿੱਚ ਪਹਿਲੀ ਵਾਰ ਚੋਣ ਲੜੀ ਸੀ, ਉਹ ਲੋਕਾਂ ਦੇ ਦੁੱਖ-ਸੁੱਖ ਸਾਂਝੇ ਕਰ ਰਹੀ ਹੈ ਅਤੇ ਉਨ੍ਹਾਂ ਨਾਲ ਜੁੜੀ ਰਹੀ ਹੈ।ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਜਨਤਾ ਨਾਲ ਕਦੇ ਵੀ ਝੂਠੇ ਵਾਅਦੇ ਨਹੀਂ ਕੀਤੇ।ਉਨ੍ਹਾਂ ਕਿਹਾ ਕਿ ਉਹ ਜੋ ਵੀ ਕੰਮ ਕਰਦੀ ਹੈ, ਉਹ ਇਹ ਯਕੀਨੀ ਬਣਾਉਂਦੀ ਹੈ ਕਿ ਉਹ ਪੂਰਾ ਕਰੇ।ਉਨ੍ਹਾਂ ਕਿਹਾ ਕਿ ਲੋਕ ਆਉਣ ਵਾਲੀਆਂ ਚੋਣਾਂ ਵਿੱਚ ਕਾਂਗਰਸ ਪਾਰਟੀ ਨੂੰ ਆਪਣਾ ਪੂਰਾ ਸਮਰਥਨ ਦਿੰਦੇ ਰਹਿਣਗੇ, ਜਿਵੇਂ ਉਨ੍ਹਾਂ ਨੇ ਇਸ ਚੋਣ ਵਿੱਚ ਕੀਤਾ ਸੀ।ਇਸ ਚੋਣ ਵਿੱਚ ਮੌਜੂਦਾ ਸਰਕਾਰ ਨੇ ਪੂਰੇ ਪੰਜਾਬ ਨੂੰ ਝਟਕਾ ਦਿੱਤਾ ਹੈ।ਉਹ ਮੰਨਦੇ ਹਨ ਕਿ ਲੋਕਤੰਤਰ ਦਾ ਕਤਲ ਕੀਤਾ ਗਿਆ ਹੈ।ਲੋਕਾਂ ਨੂੰ ਸੱਚਮੁੱਚ ਵੋਟ ਪਾਉਣ ਦਾ ਅਧਿਕਾਰ ਨਹੀਂ ਮਿਲਿਆ ਹੈ। ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਦਾ ਸਹੀ ਪ੍ਰਦਰਸ਼ਨ ਲਈ ਧੰਨਵਾਦ ਵੀ ਕੀਤਾ।ਉਨ੍ਹਾਂ ਕਿਹਾ ਕਿ ਲੋਕ ਉਸ ਵਿਅਕਤੀ ਨੂੰ ਕਿੰਨਾ ਪਿਆਰ ਕਰਨਗੇ ਜੋ ਆਪਣੇ ਪਿੰਡ ਤੋਂ ਵੀ ਨਹੀਂ ਜਿੱਤ ਸਕਦਾ।ਅਸ਼ੋਕ ਚੌਧਰੀ ਨੇ ਕਿਹਾ ਕਿ ਦੀਨਾਨਗਰ ਖੇਤਰ ਵਿੱਚ ਚੋਣਾਂ ਸ਼ਾਂਤੀਪੂਰਵਕ ਹੋਈਆਂ।ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੇ ਚਾਰ ਸਾਲਾਂ ਦੇ ਕਾਰਜਕਾਲ ਦੌਰਾਨ ਕੁਝ ਨਹੀਂ ਕੀਤਾ।ਉਨ੍ਹਾਂ ਕਿਹਾ ਕਿ ਜੇਕਰ ਕੰਮ ਸਹੀ ਢੰਗ ਨਾਲ ਕੀਤਾ ਜਾਂਦਾ ਹੈ, ਤਾਂ ਲੋਕ ਜ਼ਰੂਰ ਇਸਦਾ ਸਮਰਥਨ ਕਰਨਗੇ।ਆਮ ਆਦਮੀ ਪਾਰਟੀ ਉਹੀ ਦੁਹਰਾਇਆ ਜਵਾਬ ਦਿੰਦੀ ਹੈ ਕਿ ਉਨ੍ਹਾਂ ਨੇ 300 ਯੂਨਿਟ ਬਿਜਲੀ ਮੁਆਫ਼ ਕੀਤੀ ਹੈ, ਜਦੋਂ ਕਿ ਉਹ ਇਹ ਦੱਸਣਾ ਚਾਹੁੰਦੇ ਹਨ ਕਿ ਚੰਨੀ ਸਰਕਾਰ ਦੌਰਾਨ 200 ਯੂਨਿਟ ਬਿਜਲੀ ਮੁਆਫ਼ ਕੀਤੀ ਗਈ ਸੀ, ਅਤੇ ਬਹੁਤ ਸਾਰੇ ਲੋਕਾਂ ਨੂੰ ਬਿਜਲੀ ਦੇ ਬਿੱਲ ਵੀ ਮਿਲੇ ਸਨ।ਸਰਕਾਰ ਨੇ ਪੰਜਾਬ ਦੇ ਲੋਕਾਂ ਲਈ ਕੁਝ ਨਹੀਂ ਕੀਤਾ।

# ਸਿੱਖਿਆ ਵਿਭਾਗ ਪੰਜਾਬ ਵੱਲੋਂ ਸਰਕਾਰੀ ਸਕੂਲਾਂ 'ਚ ਮੈਗਾ ਮਾਪੇ-ਅਧਿਆਪਕ ਮਿਲਣੀ ਭਲਕੇ



ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਸਿੱਖਿਆ ਵਿਭਾਗ ਪੰਜਾਬ ਵੱਲੋਂ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਹਾਸਲ ਕਰ ਰਹੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵਿਦਿਆਰਥੀਆਂ ਦੀ ਵਿਦਿਅਕ ਕਾਰਗੁਜ਼ਾਰੀ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਤੋਂ ਜਾਣੂੰ ਕਰਵਾਉਣ ਲਈ 20 ਦਸੰਬਰ ਨੂੰ ਜ਼ਿਲ੍ਹਾ ਅੰਮ੍ਰਿਤਸਰ ਦੇ ਸਮੂਹ ਸਰਕਾਰੀ ਸਕੂਲਾਂ ਵਿਚ ਮੈਗਾ ਮਾਪੇ-ਅਧਿਆਪਕ ਮਿਲਣੀ ਕਰਵਾਈ ਜਾ ਰਹੀ ਹੈ ਜਿਸ ਵਿੱਚ ਮਾਪਿਆਂ ਦੀ 100 ਫੀਸਦੀ ਸ਼ਮੂਲੀਅਤ ਨੂੰ ਯਕੀਨੀ ਬਣਾਉਣ ਲਈ ਵਿਭਾਗ ਵਲੋਂ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਰਜੇਸ਼ ਕੁਮਾਰ ਸ਼ਰਮਾ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ) ਅੰਮ੍ਰਿਤਸਰ ਅਤੇ ਸ. ਕੰਵਲਜੀਤ ਸਿੰਘ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿੱ) ਅੰਮ੍ਰਿਤਸਰ ਸਾਂਝੇ ਤੌਰ ਤੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।ਸਿੱਖਿਆ ਅਧਿਕਾਰੀਆਂ ਨੇ ਦੱਸਿਆ ਕਿ 20 ਦਸੰਬਰ ਦਿਨ ਸ਼ਨੀਵਾਰ ਨੂੰ ਸਰਕਾਰੀ ਸਕੂਲਾਂ ਵਿੱਚ ਕਰਵਾਈ ਜਾ ਰਹੀ ਮੈਗਾ ਮਾਪੇ-ਅਧਿਆਪਕ ਮਿਲਣੀ ਦੌਰਾਨ ਵਿਦਿਆਰਥੀਆਂ ਦੇ ਮਾਪਿਆਂ ਦੀ ਦਿਲਚਸਪ ਗਤੀਵਿਧੀਆਂ ਨਾਲ ਇਕ ਘੰਟੇ ਦੀ ਵਰਕਸ਼ਾਪ, ਵਿਦਿਆਰਥੀਆਂ ਦੇ ਹੁਣ ਤੱਕ ਦੀ ਸਮੁੱਚੀ ਕਾਰਗੁਜ਼ਾਰੀ, ਸਰਕਾਰੀ ਸਕੂਲਾਂ ਵਿੱਚ ਮਿਲਦੀਆਂ ਸਹੂਲਤਾਂ, ਸਰਕਾਰੀ ਸਕੂਲਾਂ ਦੀ ਸਿੱਖਿਆ ਲਈ ਆਧੁਨਿਕ ਸਿੱਖਣ ਸਿਖਾਉਣ ਦੀਆਂ ਤਕਨੀਕਾਂ ਸੰਬੰਧੀ ਜਾਣਕਾਰੀ, ਅਧਿਆਪਕਾਂ ਤੇ ਮਾਪਿਆਂ ਵਿੱਚ ਸਿੱਧੇ ਆਪਸੀ ਸੰਪਰਕ ਰਾਹੀਂ ਗੱਲਬਾਤ ਦੌਰਾਨ ਵਿਦਿਆਰਥੀ ਦੀ ਫੀਡਬੈਕ, ਨਵੇਂ ਸੈਸ਼ਨ ਦੌਰਾਨ ਵਿਦਿਆਰਥੀਆਂ ਦੇ ਨਵੇਂ ਦਾਖਲੇ ਨੂੰ ਵਧਾਉਣ ਸੰਬੰਧੀ ਗੱਲਬਾਤ ਨਾਲ ਨਾਲ ਸਰਕਾਰੀ ਸਕੂਲਾਂ ਵਿੱਚ ਸਿੱਖਿਆ ਹਾਸਲ ਕਰ ਰਹੇ ਵਿਦਿਆਰਥੀਆਂ ਦੀ 100 ਫੀਸਦੀ ਹਾਜਰੀ ਯਕੀਨੀ ਬਣਾਉਣ ਅਤੇ ਜੀਰੋ ਡਰਾਪਆਊਟ ਤੇ ਸਕੂਲੋਂ ਵਿਰਵੇ ਬੱਚਿਆਂ ਨੂੰ ਸਕੂਲੀ ਸਿੱਖਿਆ ਨਾਲ ਜੋੜਨ ਹਿੱਤ ਕੀਤੇ ਜਾਣ ਵਾਲੇ ਉਪਰਾਲਿਆਂ ਸੰਬੰਧੀ ਵਿਚਾਰ ਚਰਚਾ ਹੋਵੇਗੀ।ਉਨ੍ਹਾਂ ਦੱਸਿਆ ਕਿ ਮੈਗਾ ਮਾਪੇ-ਅਧਿਆਪਕ ਮਿਲਣੀ ਸੰਬੰਧੀ ਵਿਭਾਗ ਵਲੋਂ ਪੂਰੀ ਤਿਆਰੀ ਕੀਤੀ ਗਈ ਹੈ ਅਤੇ ਇਸ ਲਈ ਰਣਨੀਤੀ ਤਿਆਰ ਕਰਦਿਆਂ ਮਾਪਿਆਂ ਨੂੰ ਵੱਧ ਵੱਧ ਤੋਂ ਸ਼ਮੂਲੀਅਤ ਕਰਨ ਲਈ ਸਕੂਲ ਪੱਧਰ ਤੇ ਡਿਜੀਟਲ ਅਤੇ ਹੱਥ ਲਿਖਤ ਸੱਦਾ ਪੱਤਰ ਭੇਜੇ ਜਾ ਰਹੇ ਹਨ।ਇਸ ਸਮੇਂ ਰਜੇਸ਼ ਖੰਨਾ ਅਤੇ ਇੰਦੂ ਬਾਲਾ ਮੰਗੋਤਰਾ (ਦੋਵੇਂ ਡਿਪਟੀ ਡੀ.ਈ.ਓ.), ਪ੍ਰਿੰ. ਹਰਪ੍ਰੀਤਪਾਲ ਸਿੰਘ ਅਕਾਲਗੜ੍ਹ ਢਪਈਆਂ, ਪਰਮਿੰਦਰ ਸਿੰਘ ਸਰਪੰਚ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ, ਡਾ. ਰਾਜਨ ਡੀ.ਆਰ.ਸੀ., ਪ੍ਰਿੰ. ਦੀਪਕ ਠੁਕਰਾਲ ਜ਼ਿਲ੍ਹਾ ਸਮਾਰਟ ਸਕੂਲ ਮੈਂਟਰ, ਰਜਿੰਦਰ ਸਿੰਘ ਏ. ਸੀ. ਸਮਾਰਟ ਸਕੂਲ, ਮੁਨੀਸ਼ ਕੁਮਾਰ ਮੇਘ, ਗੁਰਪ੍ਰੀਤ ਸਿੰਘ ਵਡਾਲੀ ਗੁਰੂ ਸਮੇਤ ਹੋਰ ਸਿੱਖਿਆ ਅਧਿਕਾਰੀ ਹਾਜ਼ਰ ਸਨ।

# ਅਕਾਲੀ ਉਮੀਦਵਾਰ ਅਮਨਦੀਪ ਕੌਰ ਨੇ ਪ੍ਰਾਪਤ ਕੀਤੀ ਜਿੱਤ



ਬਿਆਸ (ਪਰਮਜੀਤ ਸਿੰਘ ਰੱਖੜਾ)-ਸਾਬਕਾ ਵਿਧਾਇਕ ਬਲਜੀਤ ਸਿੰਘ ਜਲਾਲ ਉਸਮਾ ਕੌਮੀ ਉਪ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਮੌਜੂਦਾ ਮੈਂਬਰ ਐੱਸ ਜੀ ਪੀ ਸੀ ਨੇ ਬਲਾਕ ਸੰਮਤੀ ਜ਼ੋਨ ਨੰਬਰ 12 ਤੋਂ ਸ਼੍ਰੋਮਣੀ ਅਕਾਲੀ ਦਲ ਦੇ ਬਲਾਕ ਸੰਮਤੀ ਉਮੀਦਵਾਰ ਅਮਨਦੀਪ ਕੌਰ ਸੁਪਤਨੀ ਸੁਖਜੀਤ ਸਿੰਘ ਸੋਨੂੰ ਫੌਜੀ ਨੇ ਪਿੰਡ ਦੌਲੋ ਨੰਗਲ ਵਿਖੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਇਸ ਮੌਕੇ ਪਿੰਡ ਵਿੱਚ ਖੁਸ਼ੀ ਦਾ ਮਾਹੌਲ ਬਣਿਆ ਹੋਇਆ ਹੈ। ਇਸ ਮੌਕੇ ਸਾਬਕਾ ਵਿਧਾਇਕ ਬਲਜੀਤ ਸਿੰਘ ਜਲਾਲ ਉਸਮਾ ਤੋਂ ਇਲਾਵਾ ਅਮਨਦੀਪ ਕੌਰ, ਸੁਖਜੀਤ ਸਿੰਘ, ਜਸਵਿੰਦਰ ਸਿੰਘ ਢਿੱਲੋਂ ਸਾਬਕਾ ਬਲਾਕ ਸੰਮਤੀ ਮੈਂਬਰ, ਹਰਜੀਤ ਸਿੰਘ ਢਿੱਲੋਂ ਚੰਡੀਗੜ੍ਹ ਵਾਲੇ, ਬਲਵਿੰਦਰ ਸਿੰਘ, ਸਾਬਕਾ ਸਰਪੰਚ ਕਸ਼ਮੀਰ ਸਿੰਘ, ਕੁਲਵਿੰਦਰ ਸਿੰਘ ਕਾਲੀ, ਗੋਰਾ ਸਿੰਘ, ਸਾਬਕਾ ਸਰਪੰਚ ਸਤਨਾਮ ਸਿੰਘ, ਬਲਵਿੰਦਰ ਸਿੰਘ ਸਾਬਕਾ ਸਰਪੰਚ, ਸਾਬੀ ਢਿੱਲੋਂ, ਸਰਬਜੀਤ ਸਿੰਘ, ਸਰਪੰਚ ਗੁਰਜਿੰਦਰ ਸਿੰਘ, ਹਰਬੰਸ ਸਿੰਘ, ਨਰਿੰਦਰ ਸਿੰਘ, ਬਲਬੀਰ ਸਿੰਘ, ਬਾਬਾ ਸੱਜਣ ਸਿੰਘ, ਇਕਬਾਲ ਸਿੰਘ ਢਿੱਲੋਂ, ਮਨਜੀਤ ਸਿੰਘ ਸਰਕਲ ਪ੍ਰਧਾਨ, ਹੈਪੀ ਮੈਂਬਰ, ਰਣਜੀਤ ਸਿੰਘ ਰਾਣਾ, ਗੋਪੀ ਮੈਂਬਰ, ਮਨਜੀਤ ਸਿੰਘ ਲੱਡੂ ਸਰਪੰਚ, ਬਲਬੀਰ ਸਿੰਘ ਸਾਬਕਾ ਮੈਂਬਰ, ਨਿਸ਼ਾਨ ਸਿੰਘ ਸ਼ਾਨਾ, ਸਰਬਜੀਤ ਸਿੰਘ ਏ ਐੱਸ ਆਈ, ਗੁਰਪ੍ਰੀਤ ਸਿੰਘ ਗੋਪੀ, ਸਰਵਣ ਸਿੰਘ ਜੱਲੂਵਾਲ, ਸਰਨਾ ਮੈਂਬਰ, ਰਾਜ ਸਿੰਘ, ਗੁਰਿੰਦਰਪਾਲ ਸਿੰਘ ਢਿੱਲੋਂ, ਹਰਬੰਸ ਸਿੰਘ, ਮਨਜੀਤ ਸਿੰਘ ਮੋਨੀ, ਸੂਬੇਦਾਰ ਲਖਵਿੰਦਰ ਸਿੰਘ, ਗੋਰਾ ਵੜੈਚ, ਨਵ ਭਗਤ ਤੇ ਹੋਰ ਪਤਵੰਤੇ ਹਾਜ਼ਰ ਸਨ।

# ਪ੍ਰਿੰ. ਡਾ: ਅਮਰਪ੍ਰੀਤ ਕੌਰ ਗੋਲਡਨ ਪ੍ਰਿੰਸੀਪਲ ਐਵਾਰਡ ਨਾਲ ਸਨਮਾਨਿਤ



ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)-ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲ ਐਸੋਸੀਏਸ਼ਨ ਪੰਜਾਬ ਵੱਲੋਂ ਸਕੂਲਾਂ ਦੇ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀ ਅਧਿਆਪਕ ਸਾਹਿਬਾਨ ਅਤੇ ਪ੍ਰਿੰਸੀਪਲਾਂ ਐਵਾਰਡਾਂ ਨਾਲ ਸਨਮਾਨਿਤ ਕਰਨ ਲਈ ਚੰਡੀਗੜ੍ਹ ਵਿਖੇ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਗਿਆ। ਬੜੀ ਖੁਸ਼ੀ ਅਤੇ ਮਾਣ ਵਾਲੀ ਗੱਲ ਹੈ ਕਿ ਇਸ ਪ੍ਰੋਗਰਾਮ ਵਿੱਚ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ ਜੰਡਿਆਲਾ ਗੁਰੂ ਦੇ ਪ੍ਰਿੰਸੀਪਲ ਡਾਕਟਰ ਅਮਰਪ੍ਰੀਤ ਕੌਰ ਨੂੰ ਉਨ੍ਹਾਂ ਦੀ ਸ਼ਾਨਦਾਰ ਅਗਵਾਈ, ਸਿੱਖਿਆ ਪ੍ਰਤੀ ਵਚਨਬੱਧਤਾ ਅਤੇ ਬੱਚਿਆਂ ਦੇ ਬਿਹਤਰ ਵਿਕਾਸ ਲਈ ਨਿਰੰਤਰ ਯਤਨਾਂ ਦੇ ਕਾਰਨ ਵੱਕਾਰੀ ਗੋਲਡਨ ਪ੍ਰਿੰਸੀਪਲ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ।ਇਸੇ ਤਹਿਤ ਮਨਦੀਪ ਕੌਰ ਪੰਜਾਬੀ ਅਧਿਆਪਕਾਂ ਨੂੰ ਉਨ੍ਹਾਂ ਦੇ ਨਿਰੰਤਰ ਯੋਗਦਾਨ ਅਤੇ ਸਖਤ ਮਿਹਨਤ ਲਈ ਸ਼ਾਨਦਾਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ।ਨਾਲ ਹੀ ਸਕੂਲ ਦੇ ਵਿਦਿਆਰਥੀ ਦਕਸ਼ਦੀਪ ਸਿੰਘ ਦਸਵੀਂ ਕਲਾਸ ਨੇ ਬੇਮਿਸਾਲ ਪ੍ਰਤਿਭਾ ਕਾਰਨ ਪੰਜਾਬੀ ਵਿੱਚ ਸਟੇਟ ਚੈਂਪੀਅਨ ਦਾ ਐਵਾਰਡ ਹਾਸਲ ਕੀਤਾ। ਐਵਾਰਡਾਂ ਦੀ ਖੁਸ਼ੀ ਵਿੱਚ ਹੋਰ ਚਾਰ ਚੰਨ ਲੱਗ ਗਏ ਜਦੋਂ ਸਕੂਲ ਦੇ ਅਧਿਆਪਕ ਪਰਮਿੰਦਰ ਕੌਰ ਅਤੇ ਮਨਪ੍ਰੀਤ ਕੌਰ ਐੱਸਐੱਸਟੀ , ਵੱਲੋਂ ਤਿਆਰ ਕੀਤੇ ਵਿਦਿਆਰਥੀਆਂ ਨੇ ਨੈਸ਼ਨਲ ਐਵਾਰਡਾਂ ਵਿੱਚ ਵਿਆਹ ਦੇ ਲੋਕ ਗੀਤ ਸ਼੍ਰੇਣੀ ਵਿੱਚ ਪੂਰੇ ਪੰਜਾਬ ਵਿੱਚੋਂ ਤੀਸਰਾ ਸਥਾਨ ਹਾਸਿਲ ਕੀਤਾ ਅਤੇ ਪ੍ਰਾਈਡ ਆਫ ਸਟੂਡੈਂਟਸ ਐਵਾਰਡ ਪ੍ਰਾਪਤ ਕੀਤਾ।ਸਕੂਲ ਪਹੁੰਚਣ 'ਤੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾਕਟਰ ਮੰਗਲ ਸਿੰਘ ਕਿਸ਼ਨਪੁਰੀ ਨੇ ਸਾਰੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀਆਂ ਪ੍ਰਾਪਤੀਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਸਕੂਲ ਦੇ ਪ੍ਰਿੰਸੀਪਲ ਡਾ. ਅਮਰਪ੍ਰੀਤ ਕੌਰ ਦੀ ਯੋਗ ਅਗਵਾਈ, ਲਗਨ ਅਤੇ ਵਿਦਿਆਰਥੀਆਂ ਦੀ ਸਿੱਖਿਆ ਵਿੱਚ ਨਵੀਨਤਾ ਲਿਆਉਣ ਦੇ ਸ਼ਾਨਦਾਰ ਉਪਰਾਲਿਆਂ ਸਦਕਾ ਉਨ੍ਹਾਂ ਦੀ ਮਿਹਨਤ ਨੂੰ ਸਰਾਹਿਆ।ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰ. ਗੁਰਪ੍ਰੀਤ ਕੌਰ ਸ਼ਿਲਪਾ ਸ਼ਰਮਾ, ਕੁਆਡੀਨੇਟਰ ਨਿਲਾਕਸੀ ਗੁਪਤਾ, ਸਮੂਹ ਸਟਾਫ ਅਤੇ ਬੱਚੇ ਹਾਜ਼ਰ ਸਨ।

# ਤਲਬੀਰ ਗਿੱਲ ਨੇ ਮੱਤੇਵਾਲ ਤੋਂ ਜੇਤੂ ਉਮੀਦਵਾਰਾਂ ਦਾ ਮੂੰਹ ਮਿੱਠਾ ਕਰਵਾਇਆ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)—ਆਮ ਆਦਮੀ ਪਾਰਟੀ ਵੱਲੋਂ ਬਲਾਕ ਸੰਮਤੀ ਜ਼ੋਨ ਮੱਤੇਵਾਲ ਤੋਂ ਗੁਰਬੀਰ ਸਿੰਘ ਮੱਲ੍ਹੀ ਅਤੇ ਜ਼ੋਨ ਜ਼ਿਲ੍ਹਾ ਪ੍ਰੀਸ਼ਦ ਮਜੀਠਾ ਤਰਸਿੱਕਾ ਤੋਂ ਜਿੱਤ ਪ੍ਰਾਪਤ ਕਰਨ ਵਾਲੇ ਬੀਬੀ ਬਲਜੀਤ ਕੌਰ ਨੂੰ ਵਿਧਾਨ ਸਭਾ ਹਲਕਾ ਮਜੀਠਾ ਦੇ ਇੰਚਾਰਜ ਤਲਬੀਰ ਸਿੰਘ ਗਿੱਲ ਵੱਲੋਂ ਮੂੰਹ ਮਿੱਠਾ ਕਰਾਉਂਦਿਆਂ ਉਨ੍ਹਾਂ ਨੂੰ ਸਿਰੋਪੇ ਦੇ ਕੇ ਸਨਮਾਨਿਤ ਕੀਤਾ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਤਲਬੀਰ ਸਿੰਘ ਗਿੱਲ ਨੇ ਕਿਹਾ ਕਿ ਮਜੀਠਾ ਹਲਕੇ ਵਿੱਚ ਆਪ ਨੇ ਵੱਡੀ ਜਿੱਤ ਹਾਸਿਲ ਕਰਕੇ ਇਤਿਹਾਸ ਕਾਇਮ ਕੀਤਾ ਹੈ ਅਤੇ ਵਿਰੋਧੀਆਂ ਦੇ ਸਭ ਭਰਮ ਭੁਲੇਖੇ ਦੂਰ ਕਰ ਦਿੱਤੇ ਹਨ ਕਿਉਂਕਿ ਲੋਕ ਆਮ ਆਦਮੀ ਪਾਰਟੀ ਤੋਂ ਪੂਰੀ ਤਰ੍ਹਾਂ ਖੁਸ਼ ਹਨ ਤੇ ਆਉਣ ਵਾਲੇ ਸਮੇਂ 'ਚ ਵੀ ਲੋਕ ਇਸੇ ਤਰ੍ਹਾਂ ਸਾਥ ਦਿੰਦੇ ਰਹਿਣਗੇ। ਉਨ੍ਹਾਂ ਅੱਗੇ ਕਿਹਾ ਕਿ ਲੋਕਾਂ ਨੇ ਬਲਾਕ ਸੰਮਤੀ ਦੀਆਂ 33 ਸੀਟਾਂ ਵਿੱਚ 29 ਸੀਟਾਂ ਆਪ ਆਦਮੀ ਪਾਰਟੀ ਨੂੰ ਜਿਤਾ ਕੇ ਇੱਕ ਇਤਿਹਾਸ ਕਾਇਮ ਕੀਤਾ ਹੈ ਤੇ ਮੈਂ ਮਜੀਠੇ ਹਲਕੇ ਦੇ ਲੋਕਾਂ ਦਾ ਸਦਾ ਰਿਣੀ ਰਹਾਂਗਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਰਪੰਚ ਸਵਿੰਦਰ ਸਿੰਘ ਚਾਟੀਵਿੰਡ, ਪਰਮਜੀਤ ਸਿੰਘ ਮੱਤੇਵਾਲ, ਡਾਕਟਰ ਬਲਵਿੰਦਰ ਸਿੰਘ ਮੱਤੇਵਾਲ, ਸ਼ਿਵਰਾਜ ਸਿੰਘ ਸ਼ਿਵ ਭੀਲੋਵਾਲ, ਦਵਿੰਦਰ ਸਿੰਘ ਚੰਨਣ ਕੇ ਅਤੇ ਹੋਰ ਆਗੂ ਵੀ ਹਾਜ਼ਰ ਸਨ।

# ਨੌਸ਼ਹਿਰਾ ਪੱਤਣ ਦੇ ਨੌਜਵਾਨ ਦੀ ਸੜਕ ਹਾਦਸੇ 'ਚ ਮੌਤ

ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ-ਮੁਕੇਰੀਆਂ ਰੋਡ 'ਤੇ ਸਥਿਤ ਕਸਬਾ ਨੌਸ਼ਹਿਰਾ ਪੱਤਣ ਅੱਡੇ 'ਚ ਇਕ 27 ਸਾਲਾ ਨੌਜਵਾਨ ਦੀ ਟਿੱਪਰ ਹੇਠਾਂ ਆਉਣ ਕਰਕੇ ਦਰਦਨਾਕ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਹਰਪ੍ਰੀਤ ਸਿੰਘ ਹੈਪੀ ਪੁੱਤਰ ਗੁਰਪਾਲ ਸਿੰਘ ਵਾਸੀ ਨੌਸ਼ਹਿਰਾ ਪੱਤਣ ਸੜਕ 'ਤੇ ਆਪਣੀ ਸਾਈਡ ਨੂੰ ਜਾ ਰਿਹਾ ਸੀ ਕਿ ਪਿਛੋਂ ਆਈ ਤੇਜ਼ ਰਫ਼ਤਾਰ ਕਾਰ ਨੇ ਉਸ ਜ਼ੋਰਦਾਰ ਟੱਕਰ ਮਾਰ ਦਿੱਤੀ ਜਿਸ ਕਾਰਨ ਹਰਪ੍ਰੀਤ ਕੋਲੋਂ ਲੰਘ ਰਹੇ ਟਿੱਪਰ ਹੇਠਾਂ ਆ ਗਿਆ। ਟਿੱਪਰ ਹੇਠਾਂ ਆਉਣ ਨਾਲ ਹਰਪ੍ਰੀਤ ਸਿੰਘ ਦਾ ਸਿਰ ਬੁਰੀ ਤਰ੍ਹਾਂ ਨਾਲ ਫਿਸ ਗਿਆ। ਮੌਕੇ 'ਤੇ ਮੌਜੂਦ ਲੋਕਾਂ ਨੇ ਹਰਪ੍ਰੀਤ ਸਿੰਘ ਦੀ ਲਾਸ਼ ਨੂੰ ਚੁੱਕ ਕੇ ਸਾਈਡ 'ਤੇ ਰੱਖਿਆ। ਇਸ ਮੌਕੇ ਪਹੁੰਚੀ ਪੁਲਸ ਪਾਰਟੀ ਨੇ ਮ੍ਰਿਤਕ ਦੀ ਲਾਸ਼ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ। ਮ੍ਰਿਤਕ ਹਰਪ੍ਰੀਤ ਸਿੰਘ ਅਜੇ ਕੁਆਰਾ ਸੀ।

# 7ਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦੇ ਹੋਣਹਾਰ ਵਿਦਿਆਰਥੀ ਸਨਮਾਨਿਤ

## * ਲੋਕ-ਪੱਖੀ ਸਮਾਜਿਕ ਤਬਦੀਲੀ ਲਈ ਵਿਗਿਆਨਕ ਸੋਚ ਅਪਣਾਉਣ 'ਤੇ ਦਿੱਤਾ ਜ਼ੋਰ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਗ਼ਦਰੀ ਗੁਲਾਬ ਕੌਰ ਨੂੰ ਸਮਰਪਿਤ ਸੱਤਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਜੋਨ ਅਤੇ ਇਕਾਈ ਪੱਧਰ ਤੇ ਅਹਿਮ ਸਥਾਨ ਹਾਸਿਲ ਕਰਨ ਵਾਲੇ ਸਾਰਾਗੜ੍ਹੀ ਮੈਮੋਰੀਅਲ ਸਕੂਲ ਆਫ ਐਮੀਨੈਂਸ ਟਾਊਨ ਹਾਲ, ਅੰਮ੍ਰਿਤਸਰ ਦੇ ਵਿਦਿਆਰਥੀਆਂ ਦਾ ਸਨਮਾਨ ਕੀਤਾ ਗਿਆ।ਸਕੂਲ ਵਿੱਚ ਹੋਏ ਇੱਕ ਸਮਾਗਮ ਦੌਰਾਨ ਤਰਕਸ਼ੀਲ ਸੁਸਾਇਟੀ ਵੱਲੋਂ ਸਮੁੱਚੇ ਮਾਝਾ ਜ਼ੋਨ ਵਿੱਚੋਂ ਨੌਵੀਂ 'ਚੋਂ ਦੂਜਾ ਸਥਾਨ ਹਾਸਿਲ ਕਰਨ ਵਾਲੀ ਵਿਦਿਆਰਥਣ ਕੋਮਲਪ੍ਰੀਤ ਕੌਰ ਅਤੇ ਇਕਾਈ ਅੰਮ੍ਰਿਤਸਰ 'ਚੋਂ ਸਰਬਜੀਤ ਸਿੰਘ ਪਹਿਲਾ ਸਥਾਨ ਅਤੇ ਤੀਜਾ ਸਥਾਨ ਹਾਸਿਲ ਕਰਨ ਵਾਲੇ ਨੌਨਿਹਾਲ ਸਿੰਘ ਨੂੰ ਤਰਕਸ਼ੀਲ ਕਿਤਾਬਾਂ ਦਾ ਸੈੱਟ ਅਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਤੋਂ ਇਲਾਵਾ ਚੇਤਨ ਪ੍ਰੀਖਿਆ ਵਿੱਚ ਵਧੀਆ ਕਾਰਗੁਜ਼ਾਰੀ ਵਿਖਾਉਣ ਵਾਲੇ 38 ਵਿਦਿਆਰਥੀਆਂ ਨੂੰ ਵੀ ਸਰਟੀਫੀਕੇਟ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਸੂਬਾਈ ਤਰਕਸ਼ੀਲ ਆਗੂ ਸੁਮੀਤ ਅੰਮ੍ਰਿਤਸਰ, ਇਕਾਈ ਮੁਖੀ ਜਸਪਾਲ ਬਾਸਰਕੇ ਅਤੇ ਇਕਾਈ ਆਗੂ ਪ੍ਰਿੰ. ਮੇਲਾ ਰਾਮ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਪ੍ਰੀਖਿਆ ਦਾ ਉਦੇਸ਼ ਵਿਦਿਆਰਥੀਆਂ ਦਾ ਸੋਚਣ ਢੰਗ ਵਿਗਿਆਨਕ ਬਣਾਉਣ ਦੇ ਇਲਾਵਾ ਉਨ੍ਹਾਂ ਨੂੰ ਹਰ ਤਰਾਂ ਦੇ ਵਹਿਮਾਂ ਭਰਮਾਂ, ਅੰਧਵਿਸ਼ਵਾਸਾਂ, ਸਮਾਜਿਕ ਬੁਰਾਈਆਂ ਤੋਂ ਮੁਕਤ ਕਰਕੇ ਉਨ੍ਹਾਂ ਵਿੱਚ ਨੈਤਿਕ ਕਦਰਾਂ ਕੀਮਤਾਂ, ਸਵੈ-ਵਿਸ਼ਵਾਸ ਅਤੇ ਆਪਣੇ ਹੱਕਾਂ ਦੀ ਰਾਖੀ ਲਈ ਸੰਘਰਸ਼ ਦੀ ਭਾਵਨਾ ਪੈਦਾ ਕਰਨਾ ਹੈ।ਉਨ੍ਹਾਂ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਤਰਕਸ਼ੀਲ ਸੁਸਾਇਟੀ ਅਤੇ ਤਰਕਸ਼ੀਲ ਸਾਹਿਤ ਨਾਲ ਜੁੜ ਕੇ ਇਕ ਸਿਹਤਮੰਦ ਵਿਗਿਆਨਕ ਸਮਾਜ ਸਿਰਜਣ ਦਾ ਸੱਦਾ ਦਿੱਤਾ।ਇਸ ਮੌਕੇ ਸਕੂਲ ਦੇ ਵਾਈਸ ਪ੍ਰਿੰ. ਅਨਿਲ ਪ੍ਰਤਾਪ ਨੇ ਸਕੂਲ ਪ੍ਰਿੰ. ਵਿਕਾਸ ਕੁਮਾਰ ਦੀ ਸੁਯੋਗ ਅਗਵਾਈ ਅਤੇ ਤਰਕਸ਼ੀਲ ਸੁਸਾਇਟੀ ਦੇ ਉਦਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮੌਜੂਦਾ ਵਿਗਿਆਨ ਦੇ ਯੁੱਗ ਵਿੱਚ ਵਿਦਿਆਰਥੀਆਂ ਨੂੰ ਅੰਧਵਿਸ਼ਵਾਸਾਂ, ਵਹਿਮਾਂ ਭਰਮਾਂ, ਧਾਗੇ ਤਵੀਤਾਂ, ਜਨਮ ਟੇਵਿਆਂ, ਨਸ਼ਿਆਂ, ਰੂੜ੍ਹੀਵਾਦੀ ਰਸਮਾਂ, ਫਿਰਕਾਪ੍ਰਸਤੀ, ਪਾਖੰਡੀ ਬਾਬਿਆਂ, ਸਾਧਾਂ, ਜੋਤਸ਼ੀਆਂ, ਡੇਰਿਆਂ ਦੇ ਝਾਂਸਿਆਂ ਤੋਂ ਬਚਣ ਅਤੇ ਜ਼ਿੰਦਗੀ ਦੀਆਂ ਸਮੱਸਿਆਵਾਂ ਦੇ ਟਾਕਰੇ ਲਈ ਵਿਗਿਆਨਕ ਦ੍ਰਿਸ਼ਟੀਕੋਣ ਅਪਨਾਉਣ ਲਈ ਵਿਦਿਅਕ ਅਦਾਰਿਆਂ ਵਿੱਚ ਸਮੇਂ ਸਮੇਂ ਉਤੇ ਅਜਿਹੀਆਂ ਵਿਗਿਆਨਕ ਚੇਤਨਾ ਪ੍ਰੀਖਿਆਵਾਂ ਕਰਵਾਉਣੀਆਂ ਬੇਹੱਦ ਜ਼ਰੂਰੀ ਹਨ।ਇਸ ਮੌਕੇ ਤਰਕਸ਼ੀਲ ਆਗੂ ਪਰਮਜੀਤ ਸਿੰਘ ਵੱਲੋਂ ਚੇਤਨਾ ਪ੍ਰੀਖਿਆ ਵਿੱਚ ਪੂਰਨ ਸਹਿਯੋਗ ਕਰਨ ਲਈ ਸਕੂਲ ਪ੍ਰਿੰਸੀਪਲ ਵਿਕਾਸ ਕੁਮਾਰ, ਵਾਈਸ ਪ੍ਰਿੰਸੀਪਲ ਮੈਡਮ ਮਨੀਸ਼ਾ, ਵਾਈਸ ਪ੍ਰਿੰਸੀਪਲ ਅਨਿਲ ਪ੍ਰਤਾਪ, ਅਧਿਆਪਕ ਮਨਦੀਪ ਕੌਰ, ਮਨਿੰਦਰ ਕੌਰ, ਸ਼ਰਨਜੀਤ ਕੌਰ ਅਤੇ ਨਾਜਿਸ਼ ਰੰਧਾਵਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਅਤੇ ਇਸ ਸਹਿਯੋਗ ਲਈ ਸੁਸਾਇਟੀ ਵੱਲੋਂ ਸਕੂਲ ਮੁਖੀ ਨੂੰ ਸਨਮਾਨਿਤ ਕੀਤਾ ਗਿਆ ।

# ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੇ ਵੱਡੀ ਜਿੱਤ ਦਰਜ ਹਾਸਲ ਕੀਤੀ: ਰੰਧਾਵਾ



ਡੇਰਾ ਬਾਬਾ ਨਾਨਕ, (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਦੇ ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਜਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਵਿੱਚ ਆਪ ਪਾਰਟੀ ਦੇ ਉਮੀਦਵਾਰਾਂ ਦੀ ਵੱਡੀ ਜਿੱਤ ਹੋਈ ਹੈ ਅਤੇ ਲੋਕਾਂ ਨੇ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਤੇ ਮੋਹਰ ਲਾਈ ਹੈ।ਡੇਰਾ ਬਾਬਾ ਨਾਨਕ ਪੰਚਾਇਤ ਸੰਮਤੀ ਦੇ 19 ਜ਼ੋਨਾਂ ਵਿੱਚ ਆਮ ਆਦਮੀ ਪਾਰਟੀ ਦੇ 17 ਉਮੀਦਵਾਰ ਜੇਤੂ ਰਹੇ ਅਤੇ ਕਲਾਨੌਰ ਪੰਚਾਇਤ ਸੰਮਤੀ ਦੇ 16 ਜ਼ੋਨਾਂ ਵਿੱਚੋਂ 16 ਜ਼ੋਨਾਂ ਤੇ ਹੀ ਆਪ ਪਾਰਟੀ ਜੇਤੂ ਰਹੀ।ਵਿਧਾਇਕ ਗੁਰਦੀਪ ਸਿੰਘ ਰੰਧਾਵਾ ਨੇ ਅੱਗੇ ਕਿਹਾ ਕਿ ਆਪ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਸਰਕਾਰ ਵੱਲੋਂ ਮਹਿਜ਼ 4 ਸਾਲਾ ਵਿੱਚ ਲੋਕ ਹਿੱਤ ਵਿੱਚ ਵੱਡੇ ਫੈਸਲੇ ਲਏ ਹਨ ਅਤੇ ਲੋਕਾਂ ਨੇ ਵਿਕਾਸ ਕਾਰਜਾਂ ਤੇ ਮੋਹਰ ਲਗਾਈ ਹੈ।ਉਨ੍ਹਾਂ ਕਿਹਾ ਕਿ ਸੂਬਾ ਵਾਸੀਆਂ ਨੂੰ 600 ਯੂਨਿਟ ਮੁਫਤ ਬਿਜਲੀ, ਸਿਹਤ ਸਹੂਲਤਾਂ ਨੂੰ ਮੁੱਖ ਰੱਖਦਿਆ ਮੁਹੱਲਾ ਕਲੀਨਿਕ ਖੋਲ੍ਹੇ, ਸਕੂਲਾਂ ਦਾ ਬੁਨਿਆਦੀ ਢਾਂਚਾ ਮਜ਼ਬੂਤ ਕੀਤਾ, ਪਾਰਦਰਸ਼ੀ ਢੰਗ ਨਾਲ ਮੈਰਿਟ ਦੇ ਅਧਾਰ ਤੇ ਕਰੀਬ 52 ਹਜ਼ਾਰ ਸਰਕਾਰੀ ਨੌਕਰੀਆਂ ਮੁਹੱਈਆ ਕਰਵਾਈ ਸਮੇਤ ਵੱਖ-ਵੱਖ ਵਿਕਾਸ ਕਾਰਜ ਕੀਤੇ ਗਏ।ਉਨ੍ਹਾਂ ਅੱਗੇ ਕਿਹਾ ਕਿ ਉਹ ਇਤਿਹਾਸਿਕ ਅਤੇ ਧਾਰਮਿਕ ਕਸਬੇ ਡੇਰਾ ਬਾਬਾ ਨਾਨਕ ਹਲਕੇ ਦੇ ਵਿਕਾਸ ਲਈ ਵਚਨਬੱਧ ਹਨ ਅਤੇ ਹਲਕੇ ਵਿੱਚ ਸਰਬਪੱਖੀ ਵਿਕਾਸ ਕਾਰਜ ਕਰਵਾਏ ਗਏ ਹਨ।ਉਨ੍ਹਾਂ ਦੱਸਿਆ ਕਿ ਹਲਕੇ ਅੰਦਰ ਕਰੋੜਾਂ ਰੁਪਏ ਦੀ ਲਾਗਤ ਲਿੰਕ ਸੜਕਾਂ ਦਾ ਨਿਰਮਾਣ ਕਰਵਾਇਆ ਗਿਆ ਹੈ, ਪਿੰਡਾਂ ਵਿੱਚ ਨੌਜਵਾਨਾਂ ਨੂੰ ਖੇਡਣ ਲਈ ਖੇਡ ਮੈਦਾਨ ਉਸਾਰੇ ਗਏ, ਪਿੰਡਾਂ ਵਿੱਚ ਗੰਦੇ ਪਾਣੀ ਦੇ ਨਿਕਾਸ ਲਈ ਵਿਕਾਸ ਕਾਰਜ ਕਰਵਾਏ, ਪਿੰਡਾਂ ਵਿੱਚ ਪਾਰਕਾਂ ਦੀ ਸ਼ਾਨਦਾਰ ਉਸਾਰੀ ਕਰਨ ਦੇ ਨਾਲ ਨਾਲ ਵੱਖ-ਵੱਖ ਵਿਕਾਸ ਕਾਰਜ ਕਰਵਾਏ ਗਏ। ਉਨ੍ਹਾਂ ਦੁਹਰਾਇਆ ਕਿ ਲੋਕਾਂ ਦੀ ਸੇਵਾ ਵਿੱਚ 24 ਘੰਟੇ ਹਾਜ਼ਰ ਸਨ।

# ਠੇਠਰਕੇ ਤੋਂ 'ਆਪ' ਉਮੀਦਵਾਰ ਦਲਜੀਤ ਕੌਰ ਬਿਨਾਂ ਮੁਕਾਬਲਾ ਬਲਾਕ ਸੰਮਤੀ ਮੈਂਬਰ ਬਣੇ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਬਲਾਕ ਸੰਮਤੀ ਡੇਰਾ ਬਾਬਾ ਨਾਨਕ ਦੇ ਜ਼ੋਨ ਨੰਬਰ 3 ਠੇਠਰਕੇ ਤੋਂ ਬਲਾਕ ਸੰਮਤੀ ਲਈ ਆਮ ਆਦਮੀ ਪਾਰਟੀ ਦੇ ਉਮੀਦਵਾਰ ਮੈਡਮ ਦਲਜੀਤ ਕੌਰ ਬਿਨਾਂ ਮੁਕਾਬਲਾ ਸੰਮਤੀ ਮੈਂਬਰ ਚੁਣੇ ਗਏ ਪਰ ਉਨ੍ਹਾਂ ਨੂੰ ਚੋਣ ਅਧਿਕਾਰੀ ਵੱਲੋਂ ਜੇਤੂ ਹੋਣ ਦਾ ਸਰਟੀਫਿਕੇਟ ਨਹੀਂ ਮਿਲਿਆ ਸੀ ਕਿਉਂਕਿ ਪੰਜਾਬ ਵਿੱਚ ਹੋਈਆਂ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੇ ਨਤੀਜੇ 17 ਦਸੰਬਰ ਨੂੰ ਐਲਾਨੇ ਗਏ ਸਨ।ਬੀਤੇ ਕੱਲ ਸ਼ਾਮ ਆਈਏਐੱਸ ਡਾ. ਆਦਿੱਤਿਆਂ ਸ਼ਰਮਾ ਐੱਸਡੀਐੱਮ ਡੇਰਾ ਬਾਬਾ ਨਾਨਕ ਕਮ-ਸਬ-ਡਵੀਜ਼ਨ ਚੋਣ ਅਧਿਕਾਰੀ ਡੇਰਾ ਬਾਬਾ ਨਾਨਕ ਵੱਲੋਂ ਸਮੂਹ ਬਲਾਕ ਸੰਮਤੀ ਜੇਤੂ ਉਮੀਦਵਾਰਾਂ ਨੂੰ ਜਿੱਤ ਦੇ ਸਰਟੀਫਿਕੇਟ ਜਾਰੀ ਕੀਤੇ ਗਏ। ਇਸ ਮੌਕੇ ਚੋਣ ਅਧਿਕਾਰੀ ਵੱਲੋਂ ਆਪ ਦੀ ਬਲਾਕ ਸੰਮਤੀ ਜੇਤੂ ਉਮੀਦਵਾਰ ਮੈਡਮ ਦਲਜੀਤ ਕੌਰ ਨੂੰ ਵੀ ਸਰਟੀਫਿਕੇਟ ਜਾਰੀ ਕੀਤਾ ਗਿਆ।ਇਸ ਮੌਕੇ ਦਲਜੀਤ ਕੌਰ ਵੱਲੋਂ ਸਭ ਤੋਂ ਪਹਿਲਾਂ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਗਿਆ। ਉਪਰੰਤ ਆਪ ਦੇ ਕੌਮੀ ਪ੍ਰਧਾਨ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਪੰਜਾਬ ਪ੍ਰਧਾਨ ਅਮਨ ਅਰੋੜਾ ਅਤੇ ਡੇਰਾ ਬਾਬਾ ਨਾਨਕ ਤੋਂ ਹਲਕਾ ਵਿਧਾਇਕ ਗੁਰਦੀਪ ਸਿੰਘ ਰੰਧਾਵਾ ਅਤੇ ਜ਼ੋਨ ਠੇਠਰਕੇ ਦੇ ਵੋਟਰਾਂ ਦਾ ਧੰਨਵਾਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਬਲਾਕ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ ਵਿੱਚ ਆਮ ਘਰਾਂ ਦੇ ਆਮ ਵਰਕਰਾਂ ਨੂੰ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਟਿਕਟਾਂ ਦੇ ਕੇ ਇਹ ਸਾਬਤ ਕਰ ਦਿੱਤਾ ਗਿਆ ਹੈ ਕਿ ਆਮ ਆਦਮੀ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ।ਇਸ ਮੌਕੇ ਜਿੱਤ ਦੀ ਖੁਸ਼ੀ ਨੂੰ ਲੈ ਕੇ ਦਲਜੀਤ ਕੌਰ ਦੇ ਸਮਰਥਕਾਂ ਵੱਲੋਂ ਉਨ੍ਹਾਂ ਦੇ ਗ੍ਰਹਿ ਪਹੁੰਚਣ ਤੇ ਉਨਾਂ ਦਾ ਨਿੱਘਾ ਸਵਾਗਤ ਕਰਦਿਆਂ ਹਾਰ ਪਾ ਕੇ ਢੋਲ ਦੇ ਡੱਗੇ 'ਤੇ ਭੰਗੜਾ ਪਾਇਆ ਗਿਆ ਤੇ ਲੱਡੂਆਂ ਨਾਲ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ ਗਿਆ।ਇਸ ਮੌਕੇ ਸੂਬੇਦਾਰ ਗੁਰਨਾਮ ਸਿੰਘ, ਬੇਅੰਤ ਸਿੰਘ, ਦਰਸ਼ਨ ਸਿੰਘ, ਇੰਸਪੈਕਟਰ ਬਖਸ਼ੀਸ਼ ਸਿੰਘ ਠੇਠਰਕੇ, ਗੁਰਮੁੱਖ ਸਿੰਘ ਰੰਧਾਵਾ (ਪੰਜਾਬ ਗੰਨ ਹਾਊਸ) ਹਰਜਿੰਦਰ ਸਿੰਘ ਠੇਠਰਕੇ, ਸਤਨਾਮ ਸਿੰਘ ਬਾਜਵਾ ਖੰਨਾ ਚਮਾਰਾ, ਜਗਰੂਪ ਸਿੰਘ, ਕੈਪਟਨ ਪ੍ਰੀਤਮ ਸਿੰਘ ਮਹਿਤਾ, ਜਗਤਾਰ ਸਿੰਘ, ਕੰਵਲਜੀਤ ਕੌਰ, ਹਰਜੀਤ ਕੌਰ, ਸੁਰਿੰਦਰ ਕੌਰ, ਮਨਜੀਤ ਕੌਰ, ਸੰਦੀਪ ਕੌਰ ਆਦਿ ਹਾਜ਼ਰ ਸਨ ।

# ਹੜ੍ਹ ਪੀੜਤ ਲੋੜਵੰਦ ਪਰਿਵਾਰਾਂ ਨੂੰ ਰਜਾਈਆਂ ਵੰਡੀਆਂ



ਛੇਹਰਟਾ/ਖਾਸਾ, (ਮਨੋਜ ਕੁਮਾਰ/ਸ਼ਸ਼ਪਾਲ ਸਿੰਘ)-ਸੀ. ਪੀ. ਆਈ. ਐੱਮ. ਵੱਲੋਂ ਹੜ੍ਹ ਪੀੜਤਾਂ ਦੀ ਰਾਹਤ ਲਈ ਲਗਾਏ ਕੈਂਪ ਵਿਚ ਪਿੰਡ ਜੱਟਾ ਪੱਸੀਆਂ ਤੋਂ ਆਏ ਲੋੜਵੰਦ ਪਰਿਵਾਰਾਂ ਨੂੰ ਰਜਾਈਆਂ ਅਤੇ ਛੋਟੇ ਬੱਚਿਆਂ ਦੇ ਕੱਪੜੇ ਆਦਿ ਵੰਡੇ ਗਏ।

ਜ਼ਿਲ੍ਹਾ ਸਕੱਤਰ ਚਰਨਜੀਤ ਮਜੀਠਾ, ਸੁੱਚਾ ਸਿੰਘ ਅਜਨਾਲਾ, ਕਵਲਜੀਤ ਕੌਰ ਅਤੇ ਜਸਬੀਰ ਸਿੰਘ ਝਬਾਲ ਦੀ ਹਾਜ਼ਰੀ ਵਿਚ ਗਰਮ ਕੱਪੜੇ ਵੰਡੇ ਗਏ। ਇਸ ਮੌਕੇ ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਦੱਸਿਆ ਕਿ ਅੱਜ ਅੱਠਵੀਂ ਵਾਰ ਗਰਮ ਕੱਪੜੇ ਵੰਡੇ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਇਨ੍ਹਾਂ ਪਰਿਵਾਰਾਂ ਨੂੰ ਅਜੇ ਤਕ ਕੋਈ ਰਾਹਤ ਨਹੀਂ ਦਿੱਤੀ ਅਤੇ ਨਾ ਹੀ ਜਿਹੜੇ ਮਕਾਨ ਹੜ੍ਹਾਂ ਵਿਚ ਨੁਕਸਾਨੇ ਗਏ ਹਨ, ਉਨ੍ਹਾਂ ਨੂੰ ਕੋਈ ਰਾਹਤ ਸਰਕਾਰ ਵੱਲੋਂ ਨਹੀਂ ਦਿੱਤੀ ਗਈ।

ਪੰਜਾਬ ਸਰਕਾਰ ਵੱਲੋਂ ਰਾਹਤ ਨਾ ਦੇਣ ਦੀ ਨਿੰਦਾ ਕੀਤੀ ਅਤੇ ਮੰਗ ਕੀਤੀ ਗਈ ਕਿ ਜੇਕਰ ਲੋੜਵੰਦਾਂ ਦੀ ਮਦਦ ਨਾ ਕੀਤੀ ਤਾਂ ਸੀ. ਪੀ. ਆਈ. ਐੱਮ. ਨਾਲ ਮਿਲ ਕੇ ਸਬੰਧਤ ਜੱਥੇਬੰਦੀਆਂ ਐੱਸ. ਡੀ. ਐੱਮ. ਦਫ਼ਤਰ ਅੱਗੇ ਰੋਸ ਧਰਨਾ ਦੇਣ ਲਈ ਮਜਬੂਰ ਹੋਵੇਗੀ। ਇਸ ਮੌਕੇ ਕਾਮਰੇਡ ਕਿਰਪਾ ਰਾਮ, ਜਗੀਰ ਸਿੰਘ, ਜਸਪਾਲ ਸ਼ਰਮਾ ਆਦਿ ਹਾਜ਼ਰ ਸਨ।

# ਬਿਨਾਂ ਮੁਕਾਬਲਾ ਜੇਤੂ ਮਨਦੀਪ ਕੌਰ ਨੂੰ ਰਿਟਰਨਿੰਗ ਅਫ਼ਸਰ ਨੇ ਦਿੱਤਾ ਜੇਤੂ ਸਰਟੀਫਿਕੇਟ



ਸਰਾਏ ਅਮਾਨਤ ਖਾਂ (ਮੱਖਣ ਮਨੋਜ)-ਝਬਾਲ ਖਾਮ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਵਿਕਰਮ ਸਿੰਘ ਢਿੱਲੋਂ ਦੀ ਸਰਪ੍ਰਸਤੀ ਹੇਠ ਅਤੇ ਹਲਕਾ ਵਿਧਾਇਕ ਹਰਮੀਤ ਸਿੰਘ ਸੰਧੂ ਦੇ ਅਸ਼ੀਰਵਾਦ ਸਦਕਾ ਪੰਚਾਇਤ ਸੰਮਤੀ ਝਬਾਲ ਖੁਰਦ ਜ਼ੋਨ 14 ਤੋਂ ਮਨਦੀਪ ਕੌਰ ਪਤਨੀ ਤੀਰਥ ਸਿੰਘ ਜੋ ਕਿ ਆਮ ਆਦਮੀ ਪਾਰਟੀ ਦਾ ਉਮੀਦਵਾਰ ਸਨ ਉਨ੍ਹਾਂ ਨੂੰ ਦਵਿੰਦਰ ਸਿੰਘ ਰਿਟਰਨਿੰਗ ਅਫਸਰ ਨੇ ਪੰਚਾਇਤ ਸੰਮਤੀ ਦਾ ਮੈਂਬਰ ਚੁਣੇ ਜਾਣ ਤੇ ਜਿੱਤ ਦਾ ਸਰਟੀਫਿਕੇਟ ਜਾਰੀ ਕੀਤਾ।

ਇਸ ਮੌਕੇ ਵਿਕਰਮ ਸਿੰਘ ਢਿੱਲੋਂ ਨੇ ਹਲਕਾ ਵਿਧਾਇਕ ਹਰਮੀਤ ਸਿੰਘ ਸੰਧੂ ਆਪਣੇ ਸਮਰਥਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਵਿਚ ਪਿੰਡਾਂ ਦਾ ਸਰਬਪੱਖੀ ਵਿਕਾਸ ਕਰਵਾਇਆ ਜਾਵੇਗਾ।ਉਨ੍ਹਾਂ ਨੇ ਕਿਹਾ ਕਿ ਵਿਧਾਇਕ ਹਰਮੀਤ ਸਿੰਘ ਦੀ ਅਗਵਾਈ ਹੇਠ ਪਹਿਲਾਂ ਹਲਕੇ ਅੰਦਰ ਵਿਕਾਸ ਦੇ ਵੱਡੇ ਪੱਧਰ 'ਤੇ ਕੰਮ ਹੋ ਰਹੇ ਹਨ। ਮਨਦੀਪ ਕੌਰ ਨੂੰ ਬਲਾਕ ਸੰਮਤੀ ਦੀ ਟਿਕਟ ਦੇ ਕੇ ਪਾਰਟੀ ਦਾ ਮਾਣ ਵਧਾਇਆ ਹੈ।ਉਹ ਲੋਕਾਂ ਦੀਆਂ ਉਮੀਦਾਂ 'ਤੇ ਖਰਾ ਉਤਰਨ 'ਚ ਕੋਈ ਕਸਰ ਬਾਕੀ ਨਹੀਂ ਛੱਡਣਗੇ।

# ਪੁਨੀਤ ਭਗਤ ਵੱਲੋਂ ਗੀਤਾ ਜਯੰਤੀ ਮੌਕੇ ਭਾਸ਼ਣ ਮੁਕਾਬਲੇ 'ਚ ਪਹਿਲਾ ਸਥਾਨ ਪ੍ਰਾਪਤ



ਬਟਾਲਾ (ਡਾ. ਮਲਵਿੰਦਰ ਸਿੰਘ)-ਆਰ. ਡੀ. ਖੋਸਲਾ ਡੀ. ਏ. ਵੀ. ਮਾਡਲ ਸੀਨੀਅਰ ਸੈਕੰਡਰੀ ਸਕੂਲ, ਬਟਾਲਾ ਦੀ ਵਿਦਿਆਰਥਣ ਪੁਨੀਤ ਭਗਤ ਨੇ ਗੀਤਾ ਜਯੰਤੀ ਦੇ ਸ਼ੁਭ ਮੌਕੇ ਰੋਜ਼ਾਨਾ ਪ੍ਰਾਰਥਨਾ ਸਭਾ ਵੱਲੋਂ ਆਯੋਜਿਤ ਅੰਤਰ-ਸਕੂਲ ਭਾਸ਼ਣ ਮੁਕਾਬਲੇ ਵਿੱਚ ਆਪਣੇ ਪ੍ਰਭਾਵਸ਼ਾਲੀ ਭਾਸ਼ਣ ਨਾਲ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਦਾ ਮਾਣ ਵਧਾਇਆ।ਸ਼ਹਿਰ ਦੇ ਵੱਖ-ਵੱਖ ਸਕੂਲਾਂ ਦੇ ਭਾਗੀਦਾਰਾਂ ਨੇ ਇਸ ਮੁਕਾਬਲੇ ਵਿੱਚ ਹਿੱਸਾ ਲਿਆ।ਪੁਨੀਤ ਭਗਤ ਨੇ ਭਗਵਦ ਗੀਤਾ ਦੇ ਜੀਵਨਦਾਇਕ ਸੰਦੇਸ਼ਾਂ ਨੂੰ ਆਤਮਵਿਸ਼ਵਾਸ, ਸਪੱਸ਼ਟ ਸੋਚ ਅਤੇ ਪ੍ਰਭਾਵਸ਼ਾਲੀ ਪੇਸ਼ਕਾਰੀ ਨਾਲ ਪੇਸ਼ ਕੀਤਾ।ਉਸ ਦੇ ਭਾਸ਼ਣ ਨੇ ਸ੍ਰੀਮਦ ਭਗਵਤ ਗੀਤਾ ਦੇ ਕਰਮ, ਕਰਤੱਵ ਅਤੇ ਨੈਤਿਕ ਕਦਰਾਂ-ਕੀਮਤਾਂ ਨੂੰ ਸੁੰਦਰ ਢੰਗ ਨਾਲ ਪ੍ਰਗਟਾਇਆ, ਜਿਸ ਨੇ ਵਿਸ਼ੇਸ਼ ਤੌਰ ਤੇ ਜਿਊਰੀ ਨੂੰ ਪ੍ਰਭਾਵਿਤ ਕੀਤਾ।ਇਸ ਪ੍ਰਾਪਤੀ ਤੇ ਸਕੂਲ ਦੇ ਚੇਅਰਮੈਨ ਅਰਵਿੰਦ ਖੋਸਲਾ, ਪ੍ਰਧਾਨ ਅਜੈ ਖੋਸਲਾ ਅਤੇ ਪ੍ਰਿੰਸੀਪਲ ਡਾ. ਬਿੰਦੂ ਭੱਲਾ ਨੇ ਜੇਤੂ ਵਿਦਿਆਰਥੀ ਪੁਨੀਤ ਭਗਤ, ਉਸਦੇ ਮਾਪਿਆਂ ਅਤੇ ਅਧਿਆਪਕਾ ਅਨੀਤਾ ਸ਼ਰਮਾ ਅਤੇ ਸੀਮਾ ਸ਼ਰਮਾ ਨੂੰ ਦਿਲੋਂ ਵਧਾਈ ਦਿੱਤੀ।



# ਅੰਬਰ ਗਰੁੱਪ 500 ਕਰੋੜ ਦਾ ਨਿਵੇਸ਼ ਕਰੇਗਾ

ਚੰਡੀਗੜ੍ਹ : ਅੰਬਰ ਗਰੁੱਪ ਆਫ ਇੰਡਸਟਰੀਜ਼ ਨੇ ਰਾਜਪੁਰਾ ਵਿਖੇ 500 ਕਰੋੜ ਰੁਪਏ ਦੇ ਨਿਵੇਸ਼ ਨਾਲ ਅਤਿ-ਆਧੁਨਿਕ ਖੋਜ ਅਤੇ ਵਿਕਾਸ ਕੇਂਦਰ ਦੀ ਸਥਾਪਨਾ ਰਾਹੀਂ ਇੱਕ ਵੱਡੇ ਵਿਸਥਾਰ ਦਾ ਐਲਾਨ ਕੀਤਾ ਹੈ। ਇਸ ਐਲਾਨ ਦਾ ਪੰਜਾਬ ਦੇ ਉਦਯੋਗ ਤੇ ਵਣਜ, ਨਿਵੇਸ਼ ਪ੍ਰੋਤਸਾਹਨ, ਬਿਜਲੀ ਅਤੇ ਪ੍ਰਵਾਸੀ ਭਾਰਤੀ ਮਾਮਲਿਆਂ ਬਾਰੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਸਵਾਗਤ ਕੀਤਾ। ਉਨ੍ਹਾ ਕਿਹਾ ਕਿ ਰਾਜਪੁਰਾ ਵਿਖੇ 500 ਕਰੋੜ ਰੁਪਏ ਦੇ ਨਿਵੇਸ਼ ਨਾਲ ਇੱਕ ਵੱਡੇ ਪੱਧਰ ਦਾ ਖੋਜ ਅਤੇ ਵਿਕਾਸ ਕੇਂਦਰ ਸਥਾਪਤ ਕਰਨ ਦਾ ਅੰਬਰ ਗਰੁੱਪ ਦਾ ਫੈਸਲਾ ਪੰਜਾਬ ਦੀਆਂ ਪ੍ਰਗਤੀਸ਼ੀਲ ਉਦਯੋਗਿਕ ਨੀਤੀਆਂ, ਹੁਨਰਮੰਦ ਕਿਰਤੀਆਂ ਅਤੇ ਨਿਵੇਸ਼ਕ-ਪੱਖੀ ਵਾਤਾਵਰਣ ਪ੍ਰਣਾਲੀ ਦਾ ਮਜ਼ਬੂਤ ਸਮਰਥਨ ਕਰਦਾ ਹੈ। ਇਸ ਪ੍ਰੋਜੈਕਟ ਨਾਲ ਲੱਗਭੱਗ 1,000 ਉੱਚ-ਗੁਣਵੱਤਾ ਤੇ ਚੰਗੀ ਤਨਖਾਹ ਵਾਲੇ ਰੁਜ਼ਗਾਰ ਦੇ ਨਵੇਂ ਮੌਕੇ ਸਿਰਜੇ ਜਾ ਸਕਣਗੇ ਅਤੇ ਉੱਨਤ ਇੰਜੀਨੀਅਰਿੰਗ ਤੇ ਉਤਪਾਦ ਡਿਜ਼ਾਈਨ ਦੇ ਖੇਤਰ ਵਿੱਚ ਪੰਜਾਬ ਦੀ ਸਥਿਤੀ ਨੂੰ ਮਹੱਤਵਪੂਰਨ ਤੌਰ 'ਤੇ ਮਜ਼ਬੂਤੀ ਮਿਲੇਗੀ। ਅੰਬਰ ਗਰੁੱਪ ਆਫ ਇੰਡਸਟਰੀਜ਼ ਇੱਕ ਮੋਹਰੀ ਨਿਰਮਾਣ ਸਮੂਹ ਹੈ, ਜਿਸ ਦੀਆਂ ਭਾਰਤ ਅਤੇ ਵਿਦੇਸ਼ਾਂ ਵਿੱਚ 33 ਨਿਰਮਾਣ ਸਹੂਲਤਾਂ ਅਤੇ 12 ਵਿਕਰੀ ਦਫਤਰ ਹਨ, ਜਿਨ੍ਹਾਂ ਦਾ ਸਾਲਾਨਾ ਮਾਲੀਆ ਲੱਗਭੱਗ 10,000 ਕਰੋੜ ਰੁਪਏ ਹੈ ਤੇ ਬਾਜ਼ਾਰ ਪੂੰਜੀਕਰਨ ਲੱਗਭੱਗ 27,000 ਕਰੋੜ ਰੁਪਏ ਹੈ। ਇਹ ਸਮੂਹ ਪੀ ਸੀ ਬੀਜ, ਏਅਰ ਕੰਡੀਸ਼ਨਰ, ਪਾਵਰ ਇਲੈਕਟ੍ਰਾਨਿਕਸ, ਐੱਚ ਵੀ ਏ ਸੀ ਸਿਸਟਮ, ਰੇਲਵੇ, ਰੱਖਿਆ, ਬੱਸਾਂ ਅਤੇ ਮਹੱਤਵਪੂਰਨ ਬੁਨਿਆਦੀ ਢਾਂਚੇ ਲਈ ਸਟੀਕ ਕੂਲਿੰਗ ਹੱਲ ਸਮੇਤ ਅਨੇਕਾਂ ਮੁੱਖ ਖੇਤਰਾਂ ਵਿੱਚ ਸਰਗਰਮ ਹੈ।

# ਪੁਲਸ ਵੱਲੋਂ ਨਸ਼ੇ ਦੇ ਆਦੀ ਤਿੰਨ ਨੌਜਵਾਨ ਕਾਬੂ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪੰਜਾਬ ਸਰਕਾਰ ਵੱਲੋਂ ਵਿੱਢੀ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜ਼ਿਲ੍ਹਾ ਪੁਲਸ ਮੁਖੀ ਸੰਦੀਪ ਮਲਿਕ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਐੱਸ ਐੱਚ ਓ ਰਜਿੰਦਰ ਸਿੰਘ ਦੇ ਸਹਿਯੋਗ ਨਾਲ ਪੁਲਿਸ ਚੌਂਕੀ ਅਜਨੋਹਾ ਦੇ ਇੰਚਾਰਜ ਏ ਐੱਸ ਆਈ ਚੰਦਰ ਕੌਸ਼ਲ ਦੀ ਅਗਵਾਈ ਵਿੱਚ ਨਜਦੀਕੀ ਪਿੰਡ ਭੁੰਗਰਨੀ ਦੇ ਦੋ ਤੇ ਇੱਕ ਪੰਡੋਰੀ ਕਦ ਦੇ ਨੌਜਵਾਨ ਜੋ ਕਿ ਨਸ਼ੇ ਕਰਨ ਦਾ ਆਦੀ ਹਨ ਨੂੰ ਗ੍ਰਿਫਤਾਰ ਕਰਨ ਦਾ ਸਮਾਚਾਰ ਮਿਲਿਆ ਹੈ।ਮਿਲੀ ਜਾਣਕਾਰੀ ਅਨੁਸਾਰ ਏ ਐੱਸ ਆਈ ਚੰਦਰ ਕੌਸ਼ਲ ਨੇ ਪਿੰਡ ਦਿਹਾਨਾ ਤੋਂ ਪਿੰਡ ਨੂੰ ਭੁੰਗਰਨੀ ਜਾਂਦੇ ਰਸਤੇ ਖੇਤਾਂ ਵਿਚ ਪਿੰਡ ਭੁਗਰਨੀ ਨਿਵਾਸੀ ਸਿੰਘ ਰਾਜਦੀਪ ਸਿੰਘ ਪੁੱਤਰ ਹੁਸਨ ਲਾਲ , ਗੁਰਜੀਤ ਸਿੰਘ ਪੁੱਤਰ ਸੁੱਖਦੇਵ ਸਿੰਘ ਅਤੇ ਪੰਡੋਰੀ ਕੱਦ ਦੇ ਨਿਵਾਸੀ ਹਰੀਸ਼ ਕੁਮਾਰ ਪੁੱਤਰ ਰਣਬੀਰ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ।ਇਸ ਮੌਕੇ ਚੌਂਕੀ ਇੰਚਾਰਜ ਏ ਐੱਸ ਆਈ ਚੰਦਰ ਕੌਸ਼ਲ ਨੇ ਦੱਸਿਆ ਕਿ ਇਨ੍ਹਾਂ ਕੋਲੋਂ ਕੋਈ ਪਾਬੰਦੀਸ਼ੁਦਾ ਚੀਜ਼ ਬਰਾਮਦ ਨਹੀਂ ਹੋਈ ਪਰ ਜਮੀਨ ਤੋਂ ਦੋ ਸਰਿੰਜਾ ਸਮੇਤ ਸੂਈਆਂ ਦੋ ਖਾਲੀ ਲਿਫਾਫੇ ਦੀਆਂ ਬਿੱਟਾਂ ਦੇ ਟੁਕੜੇ ਬਰਾਮਦ ਕੀਤੇ ।ਪੁਲਿਸ ਚੌਂਕੀ ਅਜਨੋਹਾ ਵਲੋਂ ਉਕਤ ਨੌਜਵਾਨਾਂ ਵਿਰੁੱਧ ਪਰਚਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।ਜਦੋਂਕਿ ਉਨ੍ਹਾਂ ਨੇ ਪੁਲਿਸ ਨੂੰ ਦੱਸਿਆ ਕਿ ਉਹ ਨਸ਼ੇ ਦੀ ਅਲਾਮਤ ਨੂੰ ਛੱਡਣਾ ਚਾਹੁੰਦੇ ਹਨ । ਇਸ ਲਈ ਉਨ੍ਹਾਂ ਨੂੰ ਮਾਨਯੋਗ ਅਦਾਲਤ ਵਿਚ ਪੇਸ਼ ਕਰਕੇ ਹੁਸ਼ਿਆਰਪੁਰ ਹਸਪਤਾਲ ਦਾਖ਼ਲ ਕਰਵਾਇਆ ਜਾਵੇਗਾ ।



# ਆਂਗਣਵਾੜੀ ਕੇਂਦਰਾਂ 'ਚ ਬੱਚਿਆਂ ਦੀ ਮੁਢਲੀ ਸਿੱਖਿਆ ਤੇ ਦੇਖਭਾਲ ਦਿਵਸ ਮਨਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** -ਸਮਾਜਿਕ ਸੁਰੱਖਿਆ ਅਤੇ ਇਸਤਰੀ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੱਚਿਆਂ ਵਿੱਚ ਸ਼ੁਰੂਆਤੀ ਸਿੱਖਿਆ ਅਤੇ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਰਾਜ ਭਰ ਦੇ ਸਾਰੇ ਆਂਗਣਵਾੜੀ ਕੇਂਦਰਾਂ ਵਿੱਚ ਹਰ ਮਹੀਨੇ ਅਰਲੀ ਚਾਈਲਡ ਕੇਅਰ ਐਂਡ ਐਜੂਕੇਸ਼ਨ (5335) ਦਿਵਸ ਮਨਾਇਆ ਜਾਂਦਾ ਹੈ। ਇਸੇ ਕੜੀ ਤਹਿਤ ਜ਼ਿਲ੍ਹੇ ਦੇ ਸਮੂਹ ਆਂਗਣਵਾੜੀ ਕੇਂਦਰਾਂ ਵਿੱਚ ਮੁੱਢਲੀ ਬਾਲ ਸਿੱਖਿਆ ਅਤੇ ਦੇਖਭਾਲ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ।ਇਹ ਜਾਣਕਾਰੀ ਜ਼ਿਲ੍ਹਾ ਪ੍ਰੋਗਰਾਮ ਅਫਸਰ ਜਗਰੂਪ ਸਿੰਘ ਨੇ ਦਿੰਦਿਆਂ ਦੱਸਿਆ ਕਿ ਆਂਗਣਵਾੜੀ ਕੇਂਦਰਾਂ ਵਿੱਚ ਮਨਾਏ ਗਏ ਈ ਸੀ ਸੀ ਈ ਦਿਵਸ ਦੌਰਾਨ ਬੱਚਿਆਂ, ਮਾਪਿਆਂ ਅਤੇ ਆਂਗਣਵਾੜੀ ਵਰਕਰਾਂ ਨੇ ਵੱਖ-ਵੱਖ ਸਿੱਖਣ ਸਬੰਧੀ ਗਤੀਵਿਧੀਆਂ ਵਿੱਚ ਹਿੱਸਾ ਲਿਆ। ਇਸ ਮੌਕੇ ਮਾਪਿਆਂ ਨੂੰ ਬੱਚਿਆਂ ਦੇ ਬੋਧਾਤਮਕ ਵਿਕਾਸ ਨੂੰ ਮਜ਼ਬੂਤ ਕਰਨ ਬਾਰੇ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ।ਸਮਾਗਮ ਦੌਰਾਨ ਮਾਪਿਆਂ ਨੂੰ ਇਹ ਵੀ ਦੱਸਿਆ ਗਿਆ ਕਿ ਘਰ ਅੰਦਰ ਉਹ ਬੱਚਿਆਂ ਲਈ ਕਹਾਣੀਆਂ ਸੁਣਾਉਣ, ਗਿਣਤੀ-ਰੰਗ ਨਾਲ ਜਾਣ-ਪਛਾਣ ਕਰਵਾਉਣ, ਛੋਟੇ ਅਤੇ ਵੱਡਿਆਂ ਦੀ ਪਛਾਣ ਕਰਵਾਉਣ ਸੰਬੰਧ ਘਰੇਲੂ ਵਸਤਾਂ ਨਾਲ ਸਿੱਖਣ ਦੇ ਅਨੁਭਵ ਦੇਣ ਅਤੇ ਉਹਨਾਂ ਦੇ ਪ੍ਰਸ਼ਨਾਂ ਦਾ ਧੀਰਜ ਨਾਲ ਜਵਾਬ ਦੇਣ ਰਾਹੀਂ ਬੋਧਾਤਮਕ ਵਿਕਾਸ ਨੂੰ ਹੋਰ ਮਜ਼ਬੂਤ ਬਣਾ ਸਕਦੇ ਹਨ। ਉਨ੍ਹਾਂ ਦੱਸਿਆ ਕਿ ਬੱਚਿਆਂ ਨੂੰ ਨਵੇਂ ਅਨੁਭਵ, ਖੋਜ ਅਤੇ ਸਿੱਖਣ ਵਾਲਾ ਮਾਹੌਲ ਮਿਲਣ 'ਤੇ ਉਹਨਾਂ ਦੀ ਯਾਦ-ਸ਼ਕਤੀ, ਧਿਆਨ, ਤਰਕਸ਼ੀਲ ਸਮਰੱਥਾ ਅਤੇ ਭਾਸ਼ਾਈ ਵਿਕਾਸ ਤੇਜ਼ੀ ਨਾਲ ਹੁੰਦਾ ਹੈ, ਜੋ ਉਹਨਾਂ ਦੇ ਭਵਿੱਖ ਦੀ ਸਿੱਖਿਆ ਲਈ ਮਜ਼ਬੂਤ ਨੀਂਹ ਰੱਖਦਾ ਹੈ।ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਨੇ ਦੱਸਿਆ ਕਿ ਸਮਾਰੋਹ ਵਿੱਚ ਮਾਪਿਆਂ ਦੁਆਰਾ ਆਪਣੇ ਬੱਚਿਆਂ ਦੀਆਂ ਆਦਤਾਂ, ਖਾਣ- ਪੀਣ ਅਤੇ ਸਾਫ ਸਫਾਈ ਸਬੰਧੀ ਸੰਖੇਪ ਨਾਲ ਜਾਣਕਾਰੀ ਸਾਂਝੀ ਕੀਤੀ ਗਈ। ਇਸ ਦੌਰਾਨ ਮਾਪਿਆਂ ਨੂੰ 0 ਤੋਂ 6 ਸਾਲ ਦੇ ਬੱਚਿਆਂ ਦੀ ਉਮਰ ਅਨੁਸਾਰ ਦੇਖਭਾਲ, ਖੇਡ-ਆਧਾਰਿਤ ਸਿੱਖਿਆ ਅਤੇ ਸੰਪੂਰਨ ਵਿਕਾਸ ਬਾਰੇ ਜਾਗਰੂਕ ਕੀਤਾ ਗਿਆ। ਆਂਗਣਵਾੜੀ ਕੇਂਦਰਾਂ ਵਿੱਚ ਆਉਣ ਵਾਲੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਸਾਫ਼-ਸੁਥਰਾ ਰਹਿਣ, ਹੱਥ ਧੋਣ ਦੀ ਮਹੱਤਤਾ ਅਤੇ ਸਿਹਤਮੰਦ ਜੀਵਨ ਸ਼ੈਲੀ ਬਾਰੇ ਆਂਗਣਵਾੜੀ ਵਰਕਰਾਂ ਵੱਲੋਂ ਜਾਣਕਾਰੀ ਦਿੱਤੀ ਗਈ।




# ਪੰਜਾਬ 'ਚ ਅਗਲੀ ਸਰਕਾਰ ਅਕਾਲੀ ਦਲ (ਬ) ਦੀ ਬਣੇਗੀ : ਬਾਜਵਾ

**ਫਗਵਾੜਾ (ਡਾ. ਰਮਨ)**- ਸ਼੍ਰੋਮਣੀ ਅਕਾਲੀ ਦਲ (ਬ) ਦੇ ਸੀਨੀਅਰ ਆਗੂ ਸ. ਬਲਜੀਤ ਸਿੰਘ ਬਾਜਵਾ (ਸਮਾਜ ਸੇਵੀ) ਅਤੇ ਨੌਜਵਾਨ ਆਗੂ ਮਨਪ੍ਰੀਤ ਸਿੰਘ ਬਾਜਵਾ ਪਿੰਡ ਮਲਕਪੁਰ ਨੇ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਤੋਂ ਬਾਅਦ ਵੋਟਾਂ ਦੀ ਗਿਣਤੀ ਦੌਰਾਨ ਗੱਲਬਾਤ ਕਰਦਿਆਂ ਕਿਹਾ ਕਿ ਚੋਣ ਨਤੀਜੇ ਦੱਸ ਰਹੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਪਿੰਡਾਂ ਵਿੱਚ ਭਰਵਾਂ ਹੁੰਗਾਰਾ ਮਿਲਿਆ ਹੈ। ਕਾਂਗਰਸ ਪਾਰਟੀ ਆਪਸੀ ਝਗੜਿਆਂ ਵਿੱਚ ਉਲਝੀ ਹੋਈ ਹੈ, ਜੋ ਪੰਜਾਬ ਦਾ ਭਲਾ ਨਹੀਂ ਕਰ ਸਕਦੀ। ਉਹਨਾਂ ਕਿਹਾ ਕਿ ਪੰਜਾਬ ਦਾ ਭਲਾ ਸਿਰਫ ਸ਼੍ਰੋਮਣੀ ਅਕਾਲੀ ਦਲ (ਬ) ਹੀ ਕਰ ਸਕਦਾ ਹੈ। ਮੌਜੂਦਾ ਬਲਾਕ ਸੰਮਤੀ ਤੇ ਜ਼ਿਲ੍ਹਾ ਪ੍ਰੀਸ਼ਦ ਚੋਣਾਂ 'ਚ ਅਕਾਲੀ ਦਲ ਨੂੰ ਮਿਲਿਆ ਜਨਤਾ ਦਾ ਸਮਰਥਨ ਇਸ ਗੱਲ ਦਾ ਪ੍ਰਤੱਖ ਪ੍ਰਮਾਣ ਹੈ। ਉਹਨਾਂ ਨੇ ਕਿਹਾ ਕਿ ਪੰਜਾਬ ਦੇ ਲੋਕ ਹੁਣ ਮਹਿਸੂਸ ਕਰ ਰਹੇ ਹਨ ਕਿ ਪੰਜਾਬ ਨੂੰ ਮੁੜ ਤੋਂ ਵਿਕਾਸ ਦੀਆਂ ਲੀਹਾਂ ਤੇ ਪਾਉਣ ਲਈ ਸ਼੍ਰੋਮਣੀ ਅਕਾਲੀ ਦਲ ਦਾ ਸੱਤਾ 'ਚ ਆਉਣਾ ਬਹੁਤ ਜ਼ਰੂਰੀ ਹੈ।

# ਖੁਰਾਲਗੜ੍ਹ ਸਾਹਿਬ ਲਈ ਹੰਢਿਆਇਆ ਦੀ ਸੰਗਤ ਨੇ 5100 ਰੁਪਏ ਸੇਵਾ ਕੀਤੀ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਵੀਰ ਸਿੰਘ ਸੈਣੀ)**- ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ ਸਾਹਿਬ ਵਿਖੇ ਪਿੰਡ ਹੰਢਿਆਇਆ, ਬਰਨਾਲਾ ਤੋਂ ਭਾਰੀ ਸੰਗਤਾਂ ਨਤਮਸਤਕ ਹੋਈਆਂ ਅਤੇ ਗੁਰੂ ਮਹਾਰਾਜ ਦਾ ਸ਼ੁਕਰਾਨਾ ਕਰਦਿਆਂ 5100 ਰੁਪਏ ਦੀ ਸੇਵਾ ਲੰਗਰਾਂ ਲਈ ਯੋਗਦਾਨ ਪਾਇਆ। ਇਸ ਮੌਕੇ ਰਾਜਾ ਸਿੰਘ ਹੰਢਿਆਇਆ, ਮੱਘਰ ਸਿੰਘ, ਜਗਦੇਵ ਸਿੰਘ ਖੁੱਡੀ ਕਲਾਂ, ਕੁਲਵੰਤ ਸਿੰਘ, ਬਿਕਰ ਸਿੰਘ, ਗਿਆਨ ਸਿੰਘ, ਰਾਜਵਿੰਦਰ ਸਿੰਘ, ਗੁਰਜੰਟ ਸਿੰਘ, ਬਿੱਟੂ ਸਿੰਘ ਅਤੇ ਵੱਡੀ ਗਿਣਤੀ ਸੰਗਤਾਂ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ ਵਿਖੇ ਪਹੁੰਚੀਆਂ ਅਤੇ ਚੱਲ ਰਹੀ ਕਾਰ ਸੇਵਾ ਲਈ ਯੋਗਦਾਨ ਪਾਇਆ ਅਤੇ ਆਉਣ ਵਾਲੇ ਸਮੇਂ ਵਿਚ ਵੀ ਗੁਰੂਘਰ ਵਿਖੇ ਸੇਵਾ ਲਈ ਹਾਜਰ ਰਹਿਣ ਦਾ ਸੰਕਲਪ ਲਿਆ।ਇਸ ਮੌਕੇ ਸੰਤ ਸਤਵਿੰਦਰ ਹੀਰਾ ਰਾਸ਼ਟਰੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਵੱਲੋਂ ਸੰਗਤਾਂ ਨੂੰ ਗੁਰੂਘਰ ਦੀ ਬਖਸ਼ਿਸ਼ ਸਿਰਪਾਓ ਭੇਟ ਕਰਕੇ ਸਨਮਾਨਤ ਕੀਤਾ। ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਇਤਿਹਾਸਕ ਧਰਮ ਅਸਥਾਨ ਚਰਨਛੋਹ ਸੱਚਖੰਡ ਬੇਗਮਪੁਰਾ ਸ੍ਰੀ ਖੁਰਾਲਗੜ ਸਾਹਿਬ ਵਿਖੇ ਸੰਤਾਂ ਮਹਾਂਪੁਰਸ਼ਾਂ ਅਤੇ ਸੰਗਤਾਂ ਵੱਲੋਂ ਬਹੁਤ ਵੱਡੀ ਸੇਵਾ ਆਰਭ ਕੀਤੀ ਗਈ ਹੈ ਜਿਸ ਲਈ ਦੇਸ਼ ਵਿਦੇਸ਼ ਦੀਆਂ ਸੰਗਤਾਂ ਵਲੋਂ ਤਨ ਮਨ ਧਨ ਨਾਲ ਭਾਰੀ ਸਹਿਯੋਗ ਪ੍ਰਾਪਤ ਹੋ ਰਿਹਾ ਹੈ, ਜਿਸ ਲਈ ਆਦਿ ਧਰਮ ਮਿਸ਼ਨ ਹਮੇਸ਼ਾ ਸੰਗਤਾਂ ਦਾ ਰਿਣੀ ਤੇ ਧੰਨਵਾਦੀ ਰਹੇਗਾ । ਉਹਨਾਂ ਕਿਹਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਬਾਣੀ ਦੇ ਪ੍ਰਚਾਰ ਤੇ ਪ੍ਰਸਾਰ, ਬਾਬੂ ਮੰਗੂ ਰਾਮ ਮੁਗੋਵਾਲੀਆ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਅਤੇ ਬਾਬੂ ਕਾਂਸ਼ੀ ਰਾਮ ਦੇ ਕ੍ਰਾਂਤੀਕਾਰੀ ਸਮਾਜਿਕ ਅੰਦੋਲਨ ਨੂੰ ਜਨ ਜਨ ਤੱਕ ਪਹੁੰਚਾਉਣ ਲਈ ਚਰਨਛੋਹ ਸੱਚਖੰਡ ਬੇਗਮਪੁਰਾ ਤੋਂ ਜਲਦ ਹੀ ਸੰਗਤਾਂ ਲਈ ਨਵੇਂ ਪ੍ਰੋਗਰਾਮ ਜਾਰੀ ਕੀਤੇ ਜਾਣਗੇ।



# 'ਵੀਰ ਬਾਲ ਦਿਵਸ' ਮੌਕੇ ਚਾਰ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ

**ਜਲੰਧਰ (ਸ਼ੈਲੀ ਐਲਬਰਟ)**- ਗਹਿਰੀ ਸ਼ਰਧਾ ਅਤੇ ਦੇਸ਼ਭਗਤੀ ਦੇ ਜਜ਼ਬੇ ਨਾਲ ਇੰਨੋਸੈਂਟ ਹਾਰਟਸ ਸਕੂਲ ਨੇ ਆਪਣੇ ਸਾਰੇ ਕੈਂਪਸਾਂ—ਗ੍ਰੀਨ ਮਾਡਲ ਟਾਊਨ, ਲੋਹਾਰਾਂ, ਨੂਰਪੁਰ ਰੋਡ, ਕੈਂਟ-ਜੰਡਿਆਲਾ ਰੋਡ ਅਤੇ ਕਪੂਰਥਲਾ ਰੋਡ—ਵਿੱਚ ਵੀਰ ਬਾਲ ਦਿਵਸ ਮਨਾਇਆ, ਤਾਂ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਾਰ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਯਾਦ ਕਰਕੇ ਸ਼ਰਧਾਂਜਲੀ ਭੇਟ ਕੀਤੀ ਜਾ ਸਕੇ। ਇਸ ਮੌਕੇ ਵਿਦਿਆਰਥੀਆਂ ਨੇ ਕਵਿਤਾ ਪਾਠ, ਭਾਸ਼ਣ ਅਤੇ ਲੇਖ ਲਿਖਣ ਵਰਗੀਆਂ ਅਰਥਪੂਰਨ ਗਤੀਵਿਧੀਆਂ ਵਿੱਚ ਉਤਸ਼ਾਹ ਨਾਲ ਭਾਗ ਲਿਆ ਅਤੇ ਬਾਲ ਸ਼ਹੀਦਾਂ ਪ੍ਰਤੀ ਆਪਣਾ ਸਤਿਕਾਰ ਪ੍ਰਗਟ ਕੀਤੀ। ਚਾਰ ਸਾਹਿਬਜ਼ਾਦਿਆਂ ਦੇ ਜੀਵਨ, ਸਾਹਸ ਅਤੇ ਮਹਾਨ ਸ਼ਹਾਦਤ ਨੂੰ ਦਰਸਾਉਂਦੀ ਇਕ ਐਨੀਮੇਟਿਡ ਫਿਲਮ ਵੀ ਵਿਦਿਆਰਥੀਆਂ ਨੂੰ ਦਿਖਾਈ ਗਈ, ਜਿਸ ਨੇ ਉਨ੍ਹਾਂ ਦੇ ਦਿਲਾਂ 'ਤੇ ਡੂੰਘਾ ਅਤੇ ਅਮਿੱਟ ਪ੍ਰਭਾਵ ਛੱਡਿਆ। ਇਸ ਮੌਕੇ ਇਕ ਵਿਸ਼ੇਸ਼ ਸਭਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਾਹਿਬਜ਼ਾਦਿਆਂ ਦੀ ਬਹਾਦਰੀ, ਅਟੱਲ ਆਸਥਾ ਅਤੇ ਧਰਮ ਦੀ ਰੱਖਿਆ ਲਈ ਕੀਤੀਆਂ ਵੀਰ ਕੁਰਬਾਨੀਆਂ 'ਤੇ ਰੌਸ਼ਨੀ ਪਾਈ ਗਈ। ਅਧਿਆਪਕਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸੰਬੰਧਿਤ ਪ੍ਰੇਰਨਾਦਾਇਕ ਕਥਾਵਾਂ ਵੀ ਸਾਂਝੀਆਂ ਕੀਤੀਆਂ, ਜਿਨ੍ਹਾਂ ਨੇ ਸੱਚ ਅਤੇ ਧਰਮ ਦੀ ਖਾਤਰ ਆਪਣਾ ਪੂਰਾ ਪਰਿਵਾਰ ਕੁਰਬਾਨ ਕਰ ਦਿੱਤਾ, ਇਸੇ ਲਈ ਉਹ 'ਸਰਬੰਸਦਾਨੀ' ਦੇ ਰੂਪ ਵਿੱਚ ਪੂਜੇ ਜਾਂਦੇ ਹਨ। ਇਨ੍ਹਾਂ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਨੂੰ ਸਾਹਸ, ਤਿਆਗ ਅਤੇ ਧਰਮਿਕਤਾ ਦੀਆਂ ਮੁੱਲਾਂ ਅਪਣਾਉਣ ਅਤੇ ਗੁਰੂ ਜੀ ਦੁਆਰਾ ਦਿਖਾਏ ਰਾਹ 'ਤੇ ਚੱਲਣ ਲਈ ਪ੍ਰੇਰਿਤ ਕੀਤਾ ਗਿਆ। ਕਾਰਜਕ੍ਰਮ ਦਾ ਸਮਾਪਨ ਵਿਦਿਆਰਥੀਆਂ ਵੱਲੋਂ ਚਾਰ ਸਾਹਿਬਜ਼ਾਦਿਆਂ ਨੂੰ ਸ਼ਰਧਾ, ਭਗਤੀ ਅਤੇ ਮਾਣ ਨਾਲ ਯਾਦ ਕਰਦਿਆਂ ਦਿਲੋਂ ਸ਼ਰਧਾਂਜਲੀ ਭੇਟ ਕਰਨ ਨਾਲ ਹੋਇਆ।



# ਗੀਤੂ ਵਿਰਦੀ ਨੇ ਜਿੱਤੀ ਪੰਚਾਇਤ ਸੰਮਤੀ ਦੀ ਚੋਣ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਬੀਤੇ ਦਿਨੀ ਪੰਜਾਬ ਵਿੱਚ ਹੋਈਆਂ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਦੀਆਂ ਚੋਣਾਂ ਵਿੱਚੋਂ ਜਿਲ੍ਹਾ ਹੁਸ਼ਿਆਰਪੁਰ ਦੇ ਜੋਨ ਨੰਬਰ 8 ਬੂਥਗੜ੍ਹ ਤੋਂ ਗੀਤੂ ਵਿਰਦੀ ਨੇ ਸੰਮਤੀ ਮੈਂਬਰ ਦੀ ਚੋਣ ਸ਼ਾਨਦਾਰ ਨਤੀਜੇ ਨਾਲ ਜਿੱਤੀ ।ਜਿੱਤ ਤੋਂ ਬਾਅਦ ਬੇਗਮਪੁਰਾ ਟਾਈਗਰ ਫੋਰਸ ਦੇ ਆਗੂਆਂ ਅਤੇ ਵਰਕਰਾਂ ਵੱਲੋਂ ਜੇਤੂ ਉਮੀਦਵਾਰ ਗੀਤੂ ਵਿਰਦੀ ਦਾ ਜ਼ੋਰਦਾਰ ਸਵਾਗਤ ਕੀਤਾ ਗਿਆ। ਆਗੂਆਂ ਨੇ ਦੱਸਿਆ ਕਿ ਚੋਣ ਨਤੀਜਿਆਂ ਦਾ ਐਲਾਨ ਹੁੰਦੇ ਹੀ ਸਮਰਥਕਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਸੀ । ਇਸ ਮੌਕੇ ਇਲਾਕਾਂ ਨਿਵਾਸੀਆਂ ਤੇ ਬੇਗਮਪੁਰਾ ਟਾਈਗਰ ਫੋਰਸ ਦੇ ਆਗੂਆਂ ਨੇ ਫੁੱਲਾਂ ਦੇ ਹਾਰ ਪਾ ਕੇ ਅਤੇ ਮਠਿਆਈ ਵੰਡ ਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ। ਜੇਤੂ ਗੀਤੂ ਨੇ ਕਿਹਾ ਕਿ ਇਹ ਜਿੱਤ ਇਲਾਕੇ ਦੇ ਲੋਕਾਂ ਵੱਲੋਂ ਮੇਰੇ ਪਤੀ ਬਿੱਟੂ ਵਿਰਦੀ ਦੀ ਸਮਾਜ ਸੇਵਾ ਦੀਆਂ ਨੀਤੀਆਂ 'ਤੇ ਮੋਹਰ ਹੈ। ਇਸ ਸਮੇ ਬੇਗਮਪੁਰਾ ਟਾਈਗਰ ਫੋਰਸ ਦੇ ਆਗੂਆਂ ਅਤੇ ਮੈਂਬਰਾਂ ਨੇ ਇਸ ਜਿੱਤ ਨੂੰ ਇਤਿਹਾਸਕ ਦੱਸਦਿਆਂ ਕਿਹਾ ਕਿ ਵਿਰਦੀ ਪਰਵਾਰ ਪਿਛਲੇ ਸਮੇ ਤੋ ਹੀ ਦਬੇ-ਕੁਚਲੇ ਲੋਕਾਂ ਦੀ ਆਵਾਜ਼ ਬਣਦਾ ਆ ਰਿਹਾ ਹੈ। ਇਸ ਮੌਕੇ ਬਿੱਟੂ ਵਿਰਦੀ ਨੇ ਵਿਸ਼ਵਾਸ ਦਿਵਾਇਆ ਕਿ ਨਵੇਂ ਚੁਣੇ ਗਏ ਸੰਮਤੀ ਮੈਂਬਰ ਇਲਾਕੇ ਦੀ ਨੁਹਾਰ ਬਦਲਣ ਵਿੱਚ ਕੋਈ ਕਸਰ ਨਹੀਂ ਛੱਡਣਗੇ। ਇਸ ਮੌਕੇ ਹੋਰਨਾਂ ਤੋ ਇਲਾਵਾ ਜਿਲ੍ਹਾ ਪ੍ਰਧਾਨ ਹੈਪੀ ਫ਼ਤਹਿਗੜ੍ਹ, ਰਵਿ ਸੁੰਦਰ ਨਗਰ,ਪ੍ਰਵੀਨ ਵਿਰਦੀ,ਬਿੱਟੂ ਹਲਵਾਈ ਸੁੰਦਰ ਨਗਰ ਆਦਿ ਹਾਜ਼ਰ ਸਨ।

# ਡੈਮੋਕ੍ਰੈਟਿਕ ਪੈਨਸ਼ਨਰ ਫਰੰਟ ਵੱਲੋਂ ਪੈਨਸ਼ਨਰ ਦਿਵਸ 'ਤੇ ਵਿਚਾਰ ਗੋਸ਼ਟੀ



**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**- ਡੈਮੋਕ੍ਰੈਟਿਕ ਪੈਨਸ਼ਨਰ ਫਰੰਟ ਵਲੋ ਸਥਾਨਕ ਮੇਜਰ ਸਿੰਘ ਮੌਜੀ ਯਾਦਗਾਰੀ ਹਾਲ ਵਿੱਚ ਪੈਨਸ਼ਨਰ ਦਿਵਸ 'ਤੇ ਇਕ ਵਿਚਾਰ ਗੋਸ਼ਠੀ ਕੀਤੀ ਗਈ ਜਿਸ ਦੀ ਪ੍ਰਧਾਨਗੀ ਮੁਲਾਜ਼ਮ ਆਗੂ ਵਿਨੇ ਕੁਮਾਰ ਅਤੇ ਗਗਨਦੀਪ ਥਾਂਦੀ ਨੇ ਕੀਤੀ। ਇਸ ਵਿਚਾਰ ਗੋਸ਼ਠੀ ਵਿੱਚ ਮੌਜੂਦਾ ਸਰਕਾਰਾਂ ਦੀਆਂ ਆਰਥਿਕ ਨੀਤੀਆ ਸੰਬੰਧੀ ਵਿਸਥਾਰ ਨਾਲ ਵਿਚਾਰ ਚਰਚਾ ਕੀਤੀ ਗਈ। ਇਸ ਵੇਲੇ ਵਿਚਾਰ ਚਰਚਾ ਵਿੱਚ ਭਾਗ ਲੈਂਦਿਆ ਮੁਕੇਸ਼ ਕੁਮਾਰ,ਬਲਵੀਰ ਖਾਨਪੁਰੀ,ਪ੍ਰਿੰਸੀਪਲ ਡਾ.ਬਿੱਕਰ ਸਿੰਘ ਨੇ ਕਿਹਾ ਕਿ ਦੁਨੀਆ ਵਿੱਚ ਸਮਾਜਵਾਦੀ ਪ੍ਰਬੰਧ ਦੇ ਦਬਾਅ ਤਹਿਤ ਅਤੇ ਮੁਲਾਜ਼ਮਾ ਦੇ ਲੰਬੇ ਵਿਚਾਰਧਾਰਕ ਸ਼ੰਘਰਸ਼ ਕਾਰਨ ਸਰਕਾਰਾਂ ਨੂੰ ਮੁਲਾਜ਼ਮਾਂ ਨੂੰ ਸਹੂਲਤਾ ਦੇਣ ਲਈ ਮਜਬੂਰ ਹੋਣਾ ਪਿਆ। ਪਿਛਲੇ 35 ਸਾਲ ਤੋਂ ਦੁਨੀਆਂ ਪੱਧਰ 'ਤੇ ਸਮਾਜਵਾਦੀ ਕੈਂਪ ਦੇ ਖੇਰੂ ਖੇਰੂ ਹੋਣ ਕਾਰਨ ਸਰਮਾਏਦਾਰੀ ਵੱਲੋਂ ਮੁਲਾਜ਼ਮਾ ਦੀਆਂ ਸਹੂਲਤਾਂ ਤੇ ਲਗਾਤਾਰ ਕੱਟ ਲਗਾ ਕੇ ਖਤਮ ਕੀਤਾ ਜਾ ਰਿਹਾ ਜਿਸ ਦੇ ਤਹਿਤ,ਗਰੇਡ, ਪੈਨਸ਼ਨ, ਭੱਤੇ ਅਤੇ ਸਰਵਿਸ ਹਾਲਤਾਂ ਨੂੰ ਵਿੱਚ ਕਟੌਤੀ ਕੀਤੀ ਜਾ ਰਹੀ ਹੈ। ਮੁਲਾਜ਼ਮ ਪੱਖੀ ਸਹੂਲਤਾਂ ਪ੍ਰਾਪਤ ਕਰਨ ਲਈ ਮੁਲਾਜ਼ਮਾਂ ਨੂੰ ਵਿਚਾਰਧਾਰਕ ਪੱਧਰ ਤੇ ਚੇਤਨ ਹੋ ਕੇ ਮੌਜੂਦਾ ਪ੍ਰਬੰਧ ਨੂੰ ਸਮਝ ਕੇ ਬਦਲਣ ਲਈ ਸ਼ੰਘਰਸ਼ ਕਰਨਾ ਚਾਹੀਦਾ ਹੈ। ਇਸ ਸਮੇਂ ਬਲਕਾਰ ਸਿੰਘ ਮਘਾਣੀਆ, ਆਗੂ ਮਨਦੀਪ ਸਿੰਘ, ਗੁਰਮੇਲ ਸਿੰਘ, ਸਤਨਾਮ ਸਿੰਘ ਬੰਗੜ, ਮਨਜੀਤ ਸਿੰਘ ਬੰਗਾ, ਖੁਸ਼ਵਿੰਦਰ ਕੌਰ ਡੀ ਪੀ ਈ ਆਦਿ ਹਾਜ਼ਰ ਸਨ।

# ਗੁਰਦੁਆਰਾ ਜੋਤਗੜ੍ਹ ਸਾਹਿਬ ਵਿਖੇ ਸ਼ਹੀਦੀ ਸਮਾਗਮ ਭਲਕ ਤੋਂ

**ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੌਬੀ)**- ਗੁਰਦੁਆਰਾ ਸ੍ਰੀ ਜੋਤਗੜ੍ਹ ਸਾਹਿਬ ਪਿੰਡ ਸੱਲ੍ਹੋਮਾਜਰਾ ਵਿਖੇ ਸ਼ਹੀਦੀ ਸਮਾਗਮ 20 ਤੋਂ 28 ਦਸੰਬਰ ਤੱਕ ਮਨਾਇਆ ਜਾ ਰਿਹਾ। ਪੰਥਕ ਆਗੂ ਭਾਈ ਕਰਨੈਲ ਸਿੰਘ ਪੀਰਮੁਹੰਮਦ ਨੇ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਚਾਰੇ ਸਾਹਿਬਜ਼ਾਦਿਆਂ, ਮਾਤਾ ਗੁਜਰ ਕੌਰ ਜੀ ਅਤੇ ਸ਼ਹੀਦ ਸਿੰਘਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਮਹਾਨ ਸ਼ਹੀਦੀ ਸਮਾਗਮ ਸੰਤ ਬਾਬਾ ਪ੍ਰਿਤਪਾਲ ਸਿੰਘ ਝੀਲ ਵਾਲਿਆਂ ਦੇ ਉਪਰਾਲੇ ਸਦਕਾ ਭਾਈ ਤੇਜੇਸ਼ਵਰ ਪ੍ਰਤਾਪ ਸਿੰਘ ਦੇ ਸਹਿਯੋਗ ਨਾਲ 20 ਤੋਂ 28 ਦਸੰਬਰ ਤੱਕ ਗੁਰਦੁਆਰਾ ਸ੍ਰੀ ਜੋਤਗੜ੍ਹ ਸਾਹਿਬ ਪਿੰਡ ਸੱਲ੍ਹੋਮਾਜਰਾ ਸਰਹਿੰਦ ਨਹਿਰ ਨਜ਼ਦੀਕ ਮਨਾਇਆ ਜਾ ਰਿਹਾ ਹੈ। ਭਾਈ ਜਗਜੀਤ ਸਿੰਘ ਛੜਬੜ ਨੇ ਦੱਸਿਆ ਕਿ ਸ਼ਹੀਦ ਸਿੰਘਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਮਹਾਨ ਨਗਰ ਕੀਰਤਨ 28 ਦਸੰਬਰ ਤੋਂ ਗੁਰਦੁਆਰਾ ਸ੍ਰੀ ਜੋਤਗੜ੍ਹ ਸਾਹਿਬ ਤੋਂ ਆਰੰਭ ਹੋ ਕੇ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਅਤੇ ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ ਨਤਮਸਤਕ ਹੁੰਦਾ ਹੋਇਆ ਗੁਰਦੁਆਰਾ ਸ੍ਰੀ ਜੋਤੀ ਸਰੂਪ ਫਤਿਹਗੜ੍ਹ ਸਾਹਿਬ ਵਿਖੇ ਸੰਪੰਨ ਹੋਵੇਗਾ। ਸਮਾਗਮ ਸਬੰਧੀ ਸਤ ਬਾਬਾ ਪ੍ਰਿਤਪਾਲ ਸਿੰਘ ਵੱਲੋਂ ਸੰਗਤਾਂ ਨੂੰ ਉਕਤ ਸਮਾਗਮ ਵਿੱਚ ਪਹੁੰਚਣ ਦੀ ਅਪੀਲ ਕੀਤੀ ਗਈ। ਉਨ੍ਹਾਂ ਦੱਸਿਆ ਕਿ ਸਮਾਗਮ ਦੌਰਾਨ ਮਹਾਂਪੁਰਸ਼ਾਂ ਤੇ ਰਾਗੀ ਸਿੰਘਾਂ ਵੱਲੋਂ ਸੰਗਤਾਂ ਨੂੰ ਸ਼ਬਦ ਕੀਰਤਨ ਤੇ ਗੁਰੂ ਇਤਿਹਾਸ ਨਾਲ ਜੋੜਿਆ ਜਾਵੇਗਾ। ਇਸ ਮੌਕੇ ਮਾਤਾ ਚਰਨਕਮਲ ਕੌਰ ਚੇਅਰਮੈਨ ਕਰਤਾਰ ਆਸਰਾ ਟਰੱਸਟ, ਭਾਈ ਬਲਕਾਰ ਸਿੰਘ, ਭਾਈ ਕੁਲਦੀਪ ਸਿੰਘ, ਭਾਈ ਜਸਵੀਰ ਸਿੰਘ ਬੇਦੀ, ਭਾਈ ਅਜੀਤ ਸਿੰਘ, ਐਡਵੋਕੇਟ, ਤਰਲੋਕ ਸਿੰਘ, ਭਾਈ ਦਲੀਪ ਸਿੰਘ, ਭਾਈ ਸੁਰਮੁੱਖ ਸਿੰਘ ਅਤੇ ਭਾਈ ਚਰਨਜੀਤ ਸਿੰਘ ਆਦਿ ਹਾਜ਼ਰ ਸਨ।



# ਮੈਗਾ ਪੀ ਟੀ ਐੱਮ ਸੰਬੰਧੀ ਕਲੱਸਟਰ ਪੱਧਰੀ ਟ੍ਰੇਨਿੰਗ ਕਰਵਾਈ

**ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ)**- ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਜਿਲ੍ਹਾ ਸਿੱਖਿਆ ਅਫ਼ਸਰ ( ਐਲੀ. ਸਿੱ .) ਹਰਜਿੰਦਰ ਕੌਰ ਅਤੇ ਡਿਪਟੀ ਡੀਈਓ (ਐਲੀ. ਸਿੱ) ਅਮਨਦੀਪ ਸ਼ਰਮਾ ਦੇ ਦਿਸ਼ਾ ਨਿਰਦੇਸ਼ਾਂ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਚਰਨਜੀਤ ਦੀ ਅਗਵਾਈ ਹੇਠ ਮਾਪਿਆਂ ਨੂੰ ਸਿੱਖਿਆ ਨਾਲ ਜੋੜਨ ਲਈ ਮੈਗਾ ਪੀ.ਟੀ.ਐੱਮ. ਸਬੰਧੀ ਕਲੱਸਟਰ ਪੱਧਰੀ ਟ੍ਰੇਨਿੰਗ ਬਲਾਕ ਹੁਸ਼ਿਆਰਪੁਰ 1-ਬੀ ਦੇ ਵੱਖ-ਵੱਖ ਕਲਸਟਰਾਂ ਵਿੱਚ ਕਰਵਾਈ ਗਈ, ਜਿਸ ਦਾ ਨਿਰੀਖਣ ਜ਼ਿਲ੍ਹਾ ਕੋਆਰਡੀਨੇਟਰ ਹਰਮਿੰਦਰ ਪਾਲ ਸਿੰਘ ਨੇ ਕੀਤਾ। ਉਨ੍ਹਾਂ ਨੇ ਪੰਜਾਬ ਸਰਕਾਰ ਸਿੱਖਿਆ ਵਿਭਾਗ ਦੁਆਰਾ ਦਿੱਤੇ ਗਏ ਦਿਸ਼ਾ ਨਿਰਦੇਸ਼ਾਂ ਦੀ ਪੂਰਨ ਰੂਪ ਵਿੱਚ ਪਾਲਣਾ ਕਰਨ ਲਈ ਕਿਹਾ। ਉਨ੍ਹਾਂ ਸਰਕਾਰੀ ਸਕੂਲਾਂ ਅੰਦਰ ਕਰਵਾਈ ਜਾ ਰਹੀ ਮੈਗਾ ਪੀ.ਟੀ.ਐੱਮ. ਨੂੰ 100% ਕਾਮਯਾਬ ਕਰਨ ਲਈ ਸਕੂਲ ਅਧਿਆਪਕਾਂ ਨੂੰ ਪ੍ਰੇਰਿਤ ਕੀਤਾ। ਟ੍ਰੇਨਿੰਗ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਬਲਾਕ ਰਿਸੋਰਸ ਕੋਆਰਡੀਨੇਟਰ ਰਿੰਪਲ ਕੁਮਾਰ ਅਤੇ ਮੁਨੀਰ ਨਈਅਰ ਨੇ ਵੀ ਬਲਾਕ ਹੁਸ਼ਿਆਰਪੁਰ 1-ਬੀ ਦੇ ਵੱਖ-ਵੱਖ ਕਲਸਟਰਾਂ ਦਾ ਨਿਰੀਖਣ ਕੀਤਾ। ਇਸ ਮੌਕੇ ਰੇਨੂ ਦੱਤਾ ਸੀ ਐਚ ਟੀ, ਹਰਮਿੰਦਰ ਕੌਰ ਹੈਡ ਟੀਚਰ, ਹਰਜਿੰਦਰ ਕੌਰ, ਨਵਿਤਾ ਸੈਣੀ, ਦਵਿੰਦਰ ਸਿੰਘ ਆਦਿ ਸਮੇਤ ਬਲਾਕ ਦੇ ਸਮੂਹ ਅਧਿਆਪਕ ਹਾਜਰ ਸਨ।



# ਬਲਾਕ ਸੰਮਤੀ ਚੋਣਾਂ 'ਚ ਕਾਂਗਰਸ ਦੀ ਸ਼ਾਨਦਾਰ ਜਿੱਤ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਬਲਾਕ ਸੰਮਤੀ ਦੀਆਂ ਹੋਈਆਂ ਚੋਣਾਂ ਵਿੱਚ ਕਾਂਗਰਸ ਨੇ ਵੀ ਆਪਣੀ ਜਿੱਤ ਦਾ ਝੰਡਾ ਕਈ ਜੌਨ ਤੇ ਸਭ ਤੋਂ ਉੱਪਰ ਕੱਢਿਆ ਹੈ। ਬਲਾਕ ਸੰਮਤੀ ਭੋਗਪੁਰ ਦੇ ਜ਼ੋਨ 5 ਬੁੱਟਰਾ ਤੋਂ ਆਏ ਚੋਣ ਨਤੀਜਿਆਂ 'ਚੋ ਕਾਗਰਸ ਦੇ ਉਮੀਦਵਾਰ ਰਘਵੀਰ ਸਿੰਘ ਨੇ ਸ਼ਾਨਦਾਰ ਜਿੱਤ ਪ੍ਰਾਪਤ ਕੀਤੀ। ਉਨਾਂ ਦੀ ਇਸ ਜਿੱਤ ਤੇ ਕਾਂਗਰਸ ਪਾਰਟੀ ਦੇ ਨੌਜਵਾਨ ਆਗੂ ਮਨਦੀਪ ਸਿੰਘ ਮੰਨਾ ਮਝੈਲ ਅਤੇ ਰਾਜਿੰਦਰ ਸਿੰਘ ਸਾਬਕਾ ਐੱਸ ਐੱਸ ਪੀ ਵੱਲੋਂ ਉਨਾਂ ਨੂੰ ਵਧਾਈ ਦਿੱਤੀ ਗਈ. ਇਸ ਮੌਕੇ ਦਮਨ ਕੁਰਾਲਾ, ਕਾਲਾ ਬੁੱਲੋਵਾਲ ਅਤੇ ਹੋਰ ਹਾਜ਼ਰ ਸਨ।

# ਜ਼ੋਨ ਕੰਧਾਲਾ ਜੱਟਾਂ ਤੋਂ ਪਵਨਦੀਪ ਕੌਰ ਨੇ ਵੋਟਰਾਂ ਦਾ ਕੀਤਾ ਧੰਨਵਾਦ

**ਅੱਡਾ ਸਰਾਂ (ਜਸਵੀਰ ਕਾਜਲ)**- ਪਿੰਡ ਕੰਧਾਲਾ ਜੱਟਾਂ ਜ਼ੋਨ ਆਮ ਆਦਮੀ ਪਾਰਟੀ ਦੇ ਚੋਣਾਂ 'ਤੇ ਜਿੱਤ ਪ੍ਰਾਪਤ ਕਰਨ ਵਾਲੇ ਬਲਾਕ ਸੰਮਤੀ ਮੈਂਬਰ ਪਵਨਦੀਪ ਕੌਰ ਨੇ ਸਮੂਹ ਇਲਾਕੇ ਦੇ ਵੋਟਰਾਂ ਦਾ ਵਿਸ਼ੇਸ਼ ਧੰਨਵਾਦ ਕੀਤਾ। ਉਹਨਾਂ ਕਿਹਾ ਕਿ ਮੈਂ ਉਹਨਾਂ ਸਤਿਕਾਰਯੋਗ ਵੋਟਰਾਂ ਦਾ ਪਹਿਲਾਂ ਤਹਿ ਦਿਲੋਂ ਧੰਨਵਾਦ ਕਰਦੀ ਹਾਂ ਜਿਨ੍ਹਾਂ ਇਲਾਕੇ ਦੇ ਹਰੇਕ ਪਿੰਡ ਵਿੱਚ ਜਾ ਕੇ ਸਖਤ ਮਿਹਨਤ ਕਰਕੇ ਮੈਨੂੰ ਮਾਣ ਬਖਸ਼ਿਆ ਹੈ ਤੇ ਮੈਂ ਇਹਨਾਂ ਵੋਟਰਾਂ ਨੂੰ ਹਮੇਸ਼ਾ ਆਪਣੇ ਮਨ ਵਿੱਚ ਯਾਦ ਰੱਖਾਂਗੀ ਅਤੇ ਜਿਨ੍ਹਾਂ ਮੈਨੂੰ ਇਹ ਮਾਣ ਬਖਸ਼ਿਆ ਹੈ, ਮੈਂ ਦਿਲੋਂ ਧੰਨਵਾਦ ਕਰਦੀ ਹਾਂ ।



# 20 ਨਸ਼ੀਲੀ ਗੋਲੀਆਂ ਸਮੇਤ ਕਾਬੂ

**ਨਵਾਂਸ਼ਹਿਰ ( ਮਨੋਜ ਲਾਡੀ)**- ਪੁਲਸ ਵਲੋ ਇਕ ਕਾਰ ਚਾਲਕ ਨੂੰ ਨਸ਼ੀਲੀਆਂ ਗੋਲੀਆਂ ਅਤੇ 4450 ਰੁਪਏ ਸਮੇਤ ਕਾਬੂ ਕੀਤਾ ਗਿਆ । ਜਦਕਿ ਉਸ ਤੇ ਇਕੰਸ਼ਾਫ ਤੇ ਦੂਜੇ ਨੌਜਵਾਨ ਖਿਲਾਫ਼ ਮਾਮਲਾ ਦਰਜ ਕੀਤਾ ਹੈ। ਪੁਲਸ ਥਾਣਾ ਰਾਹੋਂ ਦੇ ਐੱਸ ਐੱਚ ਓ ਚੌਧਰੀ ਵਰਿੰਦਰ ਕੁਮਾਰ ਨੇ ਦੱਸਿਆ ਕਿ ਸਮੇਤ ਪੁਲਿਸ ਪਾਰਟੀ ਗਸ਼ਤ ਦੌਰਾਨ ਰਾਹੋਂ ਤੋਂ ਘੁੱਕੇਵਾਲ ਹੈਡ ਤੋਂ ਹੁੰਦੇ ਹੋਏ ਭਾਰਟਾ ਕਲਾਂ ਵੱਲ ਜਾ ਰਹੀ ਸੀ ਤਾਂ ਉੱਥੇ ਗੁਰੂ ਨਾਨਕ ਪੁਰਾ ਚੌਂਕ ਕੋਲ ਹੀ ਚਿੱਟੇ ਰੰਗ ਦੀ ਮਾਰੂਤੀ ਆਉਂਦੀ ਦਿਖਾਈ ਦਿੱਤੀ।ਸ਼ੱਕ ਦੇ ਤੌਰ 'ਤੇ ਜਦ ਰੁਕਣ ਦਾ ਇਸ਼ਾਰਾ ਕੀਤਾ ਤਾਂ ਉਸ ਵਿਅਕਤੀ ਨੇ ਗੱਡੀ ਨੂੰ ਇਕ ਦਮ ਸੱਜੇ ਪਾਸੇ ਵੱਲ ਲਿੰਕ ਸੜਕ ਵੱਲ ਮੋੜਦੇ ਸਾਰ ਕਾਰ ਰੁਕ ਗਈ। ਕਾਰ ਚਾਲਕ ਭੱਜਣ ਲੱਗਾ ਤਾਂ ਪੁਲਸ ਪਾਰਟੀ ਵਲੋਂ ਉਸ ਨੂੰ ਫੜ ਲਿਆ ਗਿਆ ਤੇ ਤਲਾਸ਼ੀ ਦੌਰਾਨ ਉਸ ਕੋਲੋਂ 20 ਨਸ਼ੀਲੀਆਂ ਗੋਲੀਆਂ, 4450 ਰੁਪਏ ਅਤੇ ਬਰਾਮਦ ਹੋਏ ਅਤੇ ਕਾਰ ਦੇ ਪੇਪਰਾਂ ਬਾਰੇ ਪੁੱਛਗਿੱਛ ਕੀਤੀ ਗਈ। ਤਾਂ ਕਾਰ ਚਾਲਕ ਸਹੀ ਜਵਾਬ ਨਹੀਂ ਦੇ ਪਾਇਆ ਤੇ ਉਸ ਨੂੰ ਰਾਹੋਂ ਪੁਲਸ ਵੱਲੋਂ ਗ੍ਰਿਫ਼ਤਾਰ ਕਰ ਲਿਆ।ਕਥਿਤ ਮੁਲਜ਼ਮ ਦੀ ਪਹਿਚਾਣ ਅਮਨਜੀਤ ਸਿੰਘ ਉਰਫ਼ ਅਮਨ ਪੁੱਤਰ ਗੁਰਨਾਮ ਸਿੰਘ ਵਾਸੀ ਪਿੰਡ ਕੰਗ ਵਜੋਂ ਹੋਈ ਅਤੇ ਉਸ ਤੋਂ ਪੁੱਛ-ਗਿੱਛ ਦੌਰਾਨ ਦੂਜੇ ਨਾਮਜ਼ਦ ਦੀ ਪਹਿਚਾਣ ਨਵ-ਕਵਲ ਪੁੱਤਰ ਸਵਰਨ ਸਿੰਘ ਵਾਸੀ ਗੜ੍ਹੀ ਭਾਰਟੀ ਵਜੋਂ ਹੋਈ। ਪੁਲਸ ਨੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਸਰਕਾਰੀ ਸਕੂਲਾਂ ਤੇ ਆਂਗਣਵਾੜੀ ਕੇਂਦਰਾਂ ਦੀ ਅਚਨਚੇਤ ਚੈਕਿੰਗ

**ਫਗਵਾੜਾ (ਜਸਵਿੰਦਰ ਢੱਡਾ)**- ਪੰਜਾਬ ਰਾਜ ਖੁਰਾਕ ਕਮਿਸ਼ਨ ਦੇ ਮੈਂਬਰ ਵਿਜੇ ਦੱਤ ਵਲੋਂ ਬਲਾਕ ਫਗਵਾੜਾ ਵਿੱਚ ਵੱਖ-ਵੱਖ ਸਰਕਾਰੀ ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਦਾ ਅਚਾਨਕ ਨਿਰੀਖਣ ਕਰ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ (ਐੱਨ ਐੱਫ ਐੱਸ ਏ) ਅਧੀਨ ਚਲਾਈਆਂ ਜਾ ਰਹੀਆਂ ਪੋਸ਼ਣ ਅਤੇ ਭੋਜਨ ਸੁਰੱਖਿਆ ਯੋਜਨਾਵਾਂ ਦਾ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਅਤੇ ਗੁਣਵੱਤਾ ਦਾ ਮੁਲਾਂਕਣ ਕੀਤਾ ਗਿਆ।ਉਨ੍ਹਾਂ ਵਲੋਂ ਚੱਕ ਹਕੀਮਾ, ਹੁਸ਼ਿਆਰਪੁਰ ਚੌਂਕ ਅਤੇ ਧਰਮਕੋਟ ਦੇ ਇਲਾਕਿਆਂ ਵਿੱਚ ਸਕੂਲਾਂ ਅਤੇ ਆਂਗਣਵਾੜੀ ਕੇਂਦਰਾਂ ਦਾ ਦੌਰਾ ਕੀਤਾ ਅਤੇ ਮੌਕੇ 'ਤੇ ਹੀ ਜ਼ਰੂਰੀ ਨਿਰਦੇਸ਼ ਦਿੱਤੇ। ਦੱਤ ਵੱਲੋਂ ਸਕੂਲ ਦੀਆਂ ਰਸੋਈਆਂ, ਖਾਣ-ਪੀਣ ਦੀਆਂ ਵਸਤੂਆਂ ਦੇ ਭੰਡਾਰਨ, ਸਾਫ਼-ਸਫਾਈ ਪ੍ਰਬੰਧਾਂ ਅਤੇ ਮਿਡ-ਡੇ ਮੀਲ ਦੀ ਗੁਣਵੱਤਾ ਦਾ ਜਾਇਜ਼ਾ ਲਿਆ ਗਿਆ। ਉਨ੍ਹਾਂ ਨੇ ਸਬੰਧਤ ਵਿਭਾਗਾਂ ਨੂੰ ਮਿਡ-ਡੇ ਮੀਲ ਵਰਕਰਾਂ ਦੀ ਨਿਯਮਤ ਸਿਹਤ ਜਾਂਚ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਬੱਚਿਆਂ ਨਾਲ ਭੋਜਨ ਦੀ ਗੁਣਵੱਤਾ ਬਾਰੇ ਉਨ੍ਹਾਂ ਦੇ ਫੀਡਬੈਕ ਨੂੰ ਸਮਝਣ ਲਈ ਗੱਲਬਾਤ ਵੀ ਕੀਤੀ ਅਤੇ ਉਨ੍ਹਾਂ ਨਾਲ ਭੋਜਨ ਸਾਂਝਾ ਕੀਤਾ।ਦੱਤ ਨੇ ਅੱਗੇ ਨਿਰਦੇਸ਼ ਦਿੱਤੇ ਕਿ ਵਿਦਿਆਰਥੀਆਂ ਲਈ ਸੁਰੱਖਿਅਤ ਅਤੇ ਸਾਫ਼ ਪੀਣ ਵਾਲੇ ਪਾਣੀ ਦੀ ਉਪਲਬਧਤਾ ਨੂੰ ਯਕੀਨੀ ਬਣਾਉਣ ਲਈ ਸਾਰੇ ਸਕੂਲਾਂ ਵਿੱਚ ਪੀਣ ਵਾਲੇ ਪਾਣੀ ਦੀ ਗੁਣਵੱਤਾ ਦੀ ਨਿਯਮਤ ਤੌਰ 'ਤੇ ਜਾਂਚ ਸਬੰਧਤ ਵਿਭਾਗ ਦੁਆਰਾ ਕੀਤੀ ਜਾਣੀ ਯਕੀਨੀ ਬਣਾਈ ਜਾਵੇ।ਉਨ੍ਹਾਂ ਕਿਹਾ ਕਿ ਬੱਚਿਆਂ ਦੀ ਸਿਹਤ, ਪੋਸ਼ਣ ਅਤੇ ਭੋਜਨ ਸੁਰੱਖਿਆ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਲਾਪਰਵਾਹੀ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਜੇਕਰ ਨਿਰੀਖਣ ਦੌਰਾਨ ਕੋਈ ਬੇ-ਨਿਯਮੀਆਂ ਪਾਈਆਂ ਜਾਂਦੀਆਂ ਹਨ ਤਾਂ ਸਬੰਧਤ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।



# ਕੈਂਸਰ ਤੇ ਅੱਖਾਂ ਦੀ ਜਾਂਚ ਦਾ ਕੈਂਪ 25 ਨੂੰ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਪਿੰਡ ਭੁੰਗਰਨੀ ਵਿਖੇ ਇੱਕ ਮੁਫ਼ਤ ਕੈਂਸਰ ਅਤੇ ਅੱਖਾਂ ਦੀ ਜਾਂਚ ਦਾ ਮੈਡੀਕਲ ਕੈਂਪ ਲਗਾਇਆ ਜਾ ਰਿਹਾ ਹੈ ਜਿਸ ਬਾਰੇ ਜਾਣਕਾਰੀ ਦਿੰਦਿਆਂ ਮਾਤਾ ਰਾਮ ਕੌਰ ਵਿਰਾਸਤ ਕੇਂਦਰ ਭੁੰਗਰਨੀ (ਹੁਸ਼ਿਆਰਪੁਰ ) ਦੇ ਸੰਸਥਾਪਕ ਡਾ. ਅਮਰਜੀਤ ਸਿੰਘ ਬਲਗੀਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਮੈਡੀਕਲ ਕੈਂਪ ਵਰਲਡ ਕੈਂਸਰ ਕੇਅਰ-ਯੂ ਕੇ ਸਥਿਤ ਚੈਰੀਟੇਬਲ ਸੋਸਾਇਟੀ (ਡਾ. ਕੁਲਵੰਤ ਸਿੰਘ ਧਾਲੀਵਾਲ, ਗਲੋਬਲ ਅੰਬੈਸਡਰ) ਦੀ ਅਗਵਾਈ ਹੇਠ ਲਗਾਇਆ ਜਾ ਰਿਹਾ ਹੈ। ਇਹ ਮੁਫ਼ਤ ਕੈਂਸਰ ਅਤੇ ਅੱਖਾਂ ਦੀ ਜਾਂਚ ਮੈਡੀਕਲ ਕੈਂਪ ਦਾ ਆਯੋਜਨ ਮੈਸਰਜ਼ ਵਰਧਮਾਨ ਗਰੁੱਪ, ਲੁਧਿਆਣਾ, ਹੁਸ਼ਿਆਰਪੁਰ, ਪੰਜਾਬ ਦੇ ਸਹਿਯੋਗ ਨਾਲ ਵੀਰਵਾਰ, 25 ਦਸੰਬਰ ਨੂੰ ਸਵੇਰੇ10-00 ਤੋਂ ਸ਼ਾਮ 4-00 ਵਜੇ ਤੱਕ ਪਿੰਡ ਭੁੰਗਰਨੀ ਸਕੂਲ ਦੇ ਖੇਡ ਮੈਦਾਨ ਵਿਖੇ ਕੀਤਾ ਗਿਆ ਹੈ । ਇਸ ਕੈਂਸਰ ਜਾਗਰੂਕਤਾ ਕੈਂਪ ਵਿੱਚ ਕੈਂਸਰ ਦੀ ਜਾਂਚ ਅਤੇ ਜਾਣਕਾਰੀ ਲਈ ਫ੍ਰੀ ਸਹੂਲਤਾਂ, ਕੈਂਸਰ ਅਵੇਅਰਨੈੱਸ ਲੀਫਲੈੱਟ ਅਤੇ ਭਾਸ਼ਣ, ਸ਼ੂਗਰ ਅਤੇ ਬੀ.ਪੀ. ਚੈੱਕ-ਅੱਪ, ਡਾਕਟਰੀ ਜਾਂਚ ਅਤੇ ਸਲਾਹ,ਔਰਤਾਂ ਦੀ ਛਾਤੀ ਲਈ ਮੈਮੋਗ੍ਰਾਫੀ ਟੈਸਟ ,ਅੱਖਾਂ ਦੀ ਜਾਂਚ ਅਤੇ 100 ਫ੍ਰੀ ਐਨਕਾਂ ,ਔਰਤਾਂ ਦੀ ਬੱਚੇਦਾਨੀ ਲਈ ਪੈਪ-ਸਮੇਅਰ ਟੈਸਟ,ਬੰਦਿਆਂ ਦੇ ਗਦੂਦਾਂ ਦੀ ਜਾਂਚ ਲਈ ਪੀ ਐੱਸ ਏ ਟੈਸਟ,ਬਲੱਡ ਕੈਂਸਰ ਦੀ ਜਾਂਚ ਲਈ ਟੈਸਟ,ਮੂੰਹ ਅਤੇ ਗਲੇ ਦੀ ਜਾਂਚ,ਹੱਡੀਆਂ ਦੀ ਜਾਂਚ ਲਈ ਟੈਸਟ,ਜਨਰਲ ਦਵਾਈਆਂ ,ਕੈਂਸਰ ਮਰੀਜ਼ਾਂ ਨੂੰ ਸਹੀ ਸਲਾਹ ਵਰਗੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ ।ਇਸ ਕੈਂਪ ਨੂੰ ਵਿਸ਼ੇਸ਼ ਸਹਿਯੋਗ ਗੁਰਦੁਆਰਾ ਗੁਰੂ ਹਰ ਰਾਏ ਸਾਹਿਬ, ਭੁੰਗਰਨੀ ਦੇ ਪ੍ਰਧਾਨ ਸੁਰਜੀਤ ਸਿੰਘ ਮਸੂਤਾ ਅਤੇ ਸਮੁੱਚੀ ਪ੍ਰਬੰਧਕ ਕਮੇਟੀ, ਗ੍ਰਾਮ ਪੰਚਾਇਤ ਪਿੰਡ ਭੁੰਗਰਨੀ, ਅਮਰ ਕੌਰ ਚਰਨ ਕੌਰ ਵੈਲਫੇਅਰ ਸੋਸਾਇਟੀ ਭੁੰਗਰਨੀ, ਜਨ ਕਲਿਆਣ ਸੋਸਾਇਟੀ ਭੁੰਗਰਨੀ ਅਤੇ ਇਲਾਕੇ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਭੁੰਗਰਨੀ ਅਤੇ ਨੇੜਲੇ ਪਿੰਡਾਂ ਦੇ ਸਤਿਕਾਰਯੋਗ ਪ੍ਰਵਾਸੀ ਭਾਰਤੀ,,ਸਤਿਕਾਰਯੋਗ ਸੱਦੇ ਮਹਿਮਾਨ ,ਅਤੇ ਮੀਡੀਆ ਵਿਅਕਤੀ ।ਵਿਸ਼ੇਸ਼ ਸਹਿਯੋਗੀ - ਸਤਿਕਾਰਯੋਗ ਸ਼੍ਰੀ ਧਰਮ ਸਿੰਘ ਜੰਜੂਆ, ਜਗਤਾਰ ਸਿੰਘ ਭੁੰਗਰਨੀ , ਸੁਰਜੀਤ ਸਿੰਘ ਮਸੂਤਾ, ਰਤੀਸ਼ ਸਿੰਘ ਸਰੋਆ, ਸੁਰਿੰਦਰ ਸਿੰਘ ਆਦਿ ਹੋਰ ਸਤਿਕਾਰਯੋਗ ਸ਼ਖ਼ਸੀਅਤਾਂ ਸਹਿਯੋਗ ਕਰਨਗੀਆਂ।



# ਮੁੱਖ ਮੁਕਾਬਲਾ 'ਆਪ' ਤੇ ਆਜ਼ਾਦ ਵਿਧਾਇਕ ਰਾਣਾ ਦੇ ਧੜੇ ਵਿਚਕਾਰ ਰਿਹਾ

**ਸੁਲਤਾਨਪੁਰ ਲੋਧੀ, (ਬਲਵਿੰਦਰ ਸਿੰਘ ਧਾਲੀਵਾਲ)**- 14 ਦਸੰਬਰ ਨੂੰ ਪਈਆਂ ਪੰਚਾਇਤ ਸੰਮਤੀ ਅਤੇ ਜ਼ਿਲ੍ਹਾ ਪ੍ਰੀਸ਼ਦ ਵੋਟਾਂ ਦੀ ਗਿਣਤੀ ਬੀ ਡੀ ਪੀ ਓ ਦਫਤਰ ਸੁਲਤਾਨਪੁਰ ਲੋਧੀ ਦੇ ਗਿਣਤੀ ਕੇਂਦਰ ਵਿੱਚ ਹੋਈ। ਇਹਨਾਂ ਚੋਣਾਂ ਵਿੱਚ ਮੁੱਖ ਮੁਕਾਬਲਾ ਆਮ ਆਦਮੀ ਪਾਰਟੀ ਅਤੇ ਆਜ਼ਾਦ ਵਿਧਾਇਕ ਰਾਣਾ ਦੇ ਧੜੇ ਵਿਚਕਾਰ ਰਿਹਾ। ਪੰਚਾਇਤ ਸੰਮਤੀ ਦੇ ਚੋਣ ਨਤੀਜਿਆਂ ਵਿੱਚ ਆਮ ਆਦਮੀ ਪਾਰਟੀ ਸੀਟਾਂ ਤੇ ਅਤੇ ਆਜ਼ਾਦ ਵਿਧਾਇਕ ਰਾਣਾ ਧੜਾ ਸੀਟਾਂ ਤੇ ਜੇਤੂ ਰਿਹਾ ਜਦਕਿ ਕਾਂਗਰਸ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਖਾਤਾ ਨਹੀਂ ਖੋਲ ਸਕੇ। ਪੰਚਾਇਤ ਸੰਮਤੀ ਚੋਣਾਂ ਦੇ ਜੋਨ ਨੰਬਰ ਇੱਕ ਕਮਾਲਪੁਰ ਤੋਂ ਆਮ ਆਦਮੀ ਪਾਰਟੀ ਦਾ ਉਮੀਦਵਾਰ ਰਣਧੀਰ ਸਿੰਘ ਆਪਣੇ ਵਿਰੋਧੀ ਉਮੀਦਵਾਰ ਬਲਬੀਰ ਸਿੰਘ ਤੋਂ 315 ਵੋਟਾਂ ਨਾਲ ਜੇਤੂ ਰਿਹਾ, ਜੋਨ ਨੰਬਰ ਦੋ ਨਸੀਰੇਵਾਲ ਤੋਂ ਆਪ ਦੇ ਉਮੀਦਵਾਰ ਹੁਸ਼ਿਆਰ ਸਿੰਘ ਨੇ ਆਪਣੇ ਵਿਰੋਧੀ ਆਜ਼ਾਦ ਉਮੀਦਵਾਰ ਸ਼ਿੰਗਾਰਾ ਸਿੰਘ ਨੂੰ 261 ਵੋਟਾਂ ਦੇ ਫਰਕ, ਜੋਨ ਨੰਬਰ ਤਿੰਨ ਭੌਰ ਤੋਂ ਆਜ਼ਾਦ ਉਮੀਦਵਾਰ ਬਲਵਿੰਦਰ ਕੌਰ ਨੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਪ੍ਰੀਤ ਸਿੰਘ ਨੂੰ 36 ਵੋਟਾਂ ਦੇ ਫਰਕ, ਜੋਨ ਨੰਬਰ ਚਾਰ ਰਾਮਪੁਰ ਜਗੀਰ ਤੋਂ ਆਜ਼ਾਦ ਉਮੀਦਵਾਰ ਗੀਤੂ ਨੇ ਆਪ ਦੀ ਉਮੀਦਵਾਰ ਮਨਪ੍ਰੀਤ ਕੌਰ ਨੂੰ 152 ਵੋਟਾਂ ਦੇ ਫਰਕ, ਜੋਨ ਨੰਬਰ ਪੰਜ ਡੱਲਾ ਤੋਂ ਆਪ ਦੇ ਹਰਵਿੰਦਰ ਪਾਲ ਸਿੰਘ ਲਾਲੀ ਨੇ ਆਪਣੇ ਵਿਰੋਧੀ ਉਮੀਦਵਾਰ ਜਰਨੈਲ ਸਿੰਘ ਨੂੰ 551 ਵੋਟਾਂ, ਜੋਨ ਨੰਬਰ ਛੇ ਜੱਬੋਵਾਲ ਤੋਂ ਸਰਬਜੀਤ ਕੌਰ ਆਮ ਆਦਮੀ ਪਾਰਟੀ ਨੇ ਆਪਣੇ ਵਿਰੋਧੀ ਆਜ਼ਾਦ ਉਮੀਦਵਾਰ ਕੁਲਦੀਪ ਕੌਰ ਨੂੰ 61 ਵੋਟਾਂ ਦੇ ਫਰਕ, ਜੋਨ ਨੰਬਰ ਸੱਤ ਵਾਟਾਂਵਾਲੀ ਖੁਰਦ ਤੋਂ ਆਜ਼ਾਦ ਉਮੀਦਵਾਰ ਜਸਵਿੰਦਰ ਕੌਰ ਨੇ ਵਿਰੋਧੀ ਉਮੀਦਵਾਰ ਦਵਿੰਦਰ ਕੌਰ ਨੂੰ 444 ਵੋਟਾਂ ਦੇ ਫਰਕ, ਜੋਨ ਨੰਬਰ ਅੱਠ ਕਬੀਰਪੁਰ ਤੋਂ ਸਰਨਦੀਪ ਕੌਰ ਨੇ ਆਦਮੀ ਪਾਰਟੀ ਦੇ ਉਮੀਦਵਾਰ ਮਨਪ੍ਰੀਤ ਕੌਰ ਨੂੰ 448 ਵੋਟਾਂ ਦੇ ਫਰਕ, ਜੋਨ ਨੰਬਰ ਨੌਂ ਫਤੋਵਾਲ ਤੋਂ ਸੁਖਜਿੰਦਰ ਸਿੰਘ ਨੇ ਆਜ਼ਾਦ ਉਮੀਦਵਾਰ ਸੁਖਪਾਲਬੀਰ ਸਿੰਘ ਨੂੰ ਵੋਟਾਂ ਦੇ ਫਰਕ, ਜੋਨ ਨੰਬਰ 10 ਪੰਡੋਰੀ ਜਗੀਰ ਤੋਂ ਆਜ਼ਾਦ ਉਮੀਦਵਾਰ ਵਿਦਿਆ ਰਾਣੀ ਨੇ ਆਮ ਆਦਮੀ ਪਾਰਟੀ ਦੀ ਹਰਪ੍ਰੀਤ ਕੌਰ ਨੂੰ 165 ਵੋਟਾਂ ਦੇ ਫਰਕ, ਜੋਨ ਨੰਬਰ 11 ਪਰਮਜੀਤਪੁਰ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਲਾਭ ਸਿੰਘ ਨੇ ਵਿਰੋਧੀ ਆਜ਼ਾਦ ਉਮੀਦਵਾਰ ਕਸ਼ਮੀਰ ਸਿੰਘ ਨੂੰ 34 ਵੋਟਾਂ ਦੇ ਫਰਕ, ਜੋਨ ਨੰਬਰ 12 ਜੈਨਪੁਰ ਤੋਂ ਆਮ ਆਦਮੀ ਪਾਰਟੀ ਦੇ ਸਵਰਨ ਸਿੰਘ ਆਜ਼ਾਦ ਉਮੀਦਵਾਰ ਹਰਜਿੰਦਰ ਸਿੰਘ ਪਾਸੋਂ 227 ਵੋਟਾਂ ਦੇ ਫਰਕ ਅਤੇ ਜੋਨ ਨੰਬਰ 13 ਮੁਕਟ ਰਾਮ ਵਾਲਾ ਤੋਂ ਆਜ਼ਾਦ ਉਮੀਦਵਾਰ ਬਲਜਿੰਦਰ ਕੌਰ ਨੇ ਆਮ ਆਦਮੀ ਪਾਰਟੀ ਦੀ ਉਮੀਦਵਾਰ ਪਰਮਜੀਤ ਕੌਰ ਨੂੰ 581ਵੋਟਾਂ ਦੇ ਫਰਕ, ਜੋਨ ਨੰਬਰ 14 ਮਸੀਤਾਂ ਤੋਂ ਆਜ਼ਾਦ ਉਮੀਦਵਾਰ ਮਨਦੀਪ ਕੌਰ ਨੇ ਆਮ ਆਦਮੀ ਪਾਰਟੀ ਦੀ ਅਮਨਦੀਪ ਕੌਰ ਨੂੰ 162 ਵੋਟਾਂ ਦੇ ਫਰਕ ਅਤੇ ਜੋਨ ਨੰਬਰ 15 ਮੈਰੀਪੁਰ ਤੋਂ ਰਾਣਾ ਧੜੇ ਦੀ ਅਨੁਰੀਤਾ ਨੇ ਆਪਣੇ ਵਿਰੋਧੀ ਉਮੀਦਵਾਰ ਜਸਪਾਲ ਨੂੰ 245 ਵੋਟਾਂ ਦੇ ਫਰਕ ਨਾਲ ਹਰਾ ਕੇ ਜਿੱਤ ਹਾਸਲ ਕੀਤੀ।



# ਬਿਹਤਰੀਨ ਕਾਰਗੁਜ਼ਾਰੀ 'ਤੇ ਪੰਜਾਬੀਆਂ ਦੀ ਮੋਹਰ : ਹਰਜੋਤ ਸਿੰਘ ਬੈਂਸ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਪੰਚਾਇਤ ਸੰਮਤੀ ਚੋਣਾਂ ਦੇ ਨਤੀਜਿਆਂ 'ਚ ਆਮ ਆਦਮੀ ਪਾਰਟੀ ਨੂੰ ਮਿਲੀ ਕਾਮਯਾਬੀ 'ਤੇ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ, ਵਿਧਾਇਕ ਸ੍ਰੀ ਅਨੰਦਪੁਰ ਸਾਹਿਬ ਹਰਜੋਤ ਸਿੰਘ ਬੈਂਸ ਨੇ ਪਾਰਟੀ ਦੇ ਸਾਰੇ ਜੇਤੂ ਉਮੀਦਵਾਰਾਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਜਿੱਤ ਪੰਜਾਬੀਆਂ ਵੱਲੋਂ ਆਮ ਆਦਮੀ ਪਾਰਟੀ ਦੀ ਇਮਾਨਦਾਰੀ ਅਤੇ ਲੋਕ-ਹਿਤੈਸ਼ੀ ਨੀਤੀਆਂ 'ਤੇ ਲਗਾਈ ਗਈ ਮੋਹਰ ਹੈ। ਬੈਂਸ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿੱਖਿਆ, ਸਿਹਤ, ਬੁਨਿਆਦੀ ਢਾਂਚੇ, ਪਿੰਡਾਂ ਦੇ ਵਿਕਾਸ ਅਤੇ ਭ੍ਰਿਸ਼ਟਾਚਾਰ ਖ਼ਿਲਾਫ਼ ਚਲਾਈ ਗਈ ਮੁਹਿੰਮ ਨੂੰ ਲੋਕਾਂ ਨੇ ਪੂਰਾ ਸਮਰਥਨ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਪਾਰਟੀ ਨੇ ਜ਼ਮੀਨੀ ਪੱਧਰ 'ਤੇ ਕੰਮ ਕਰਕੇ ਆਮ ਲੋਕਾਂ ਦਾ ਭਰੋਸਾ ਜਿੱਤਿਆ ਹੈ, ਜਿਸ ਦਾ ਨਤੀਜਾ ਇਹ ਫ਼ਤਵੇ ਦੇ ਰੂਪ ਵਿੱਚ ਸਾਹਮਣੇ ਆਇਆ ਹੈ।ਕੈਬਨਿਟ ਮੰਤਰੀ ਨੇ ਕਿਹਾ ਕਿ ਪੰਚਾਇਤ ਸੰਮਤੀ ਚੋਣਾਂ 'ਚ ਆਪ ਉਮੀਦਵਾਰਾਂ ਦੀ ਜਿੱਤ ਨਾਲ ਪਿੰਡਾਂ ਦੇ ਵਿਕਾਸ ਨੂੰ ਹੋਰ ਗਤੀ ਮਿਲੇਗੀ। ਬੈਂਸ ਨੇ ਕਿਹਾ ਕਿ ਆਮ ਆਦਮੀ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ ਅਤੇ ਇਸ ਦੀ ਹਰ ਨੀਤੀ ਲੋਕ-ਕਲਿਆਣ ਨੂੰ ਧਿਆਨ ਵਿੱਚ ਰੱਖ ਕੇ ਬਣਾਈ ਜਾਂਦੀ ਹੈ। ਉਨ੍ਹਾਂ ਕਿਹਾ ਕਿ ਨਵੇਂ ਚਿਹਰਿਆਂ ਨੂੰ ਮੌਕਾ ਦਿੱਤਾ ਗਿਆ ਹੈ, ਸਾਰੇ ਵਰਕਰ ਸੇਵਾ ਦੀ ਭਾਵਨਾ ਨਾਲ ਕੰਮ ਕਰਨਗੇ।





ਬਲਾਕ ਸ਼ਾਹਕੋਟ ਦੇ 13 ਨੰਬਰ ਜੋਨ (ਮਾਣਕਪੁਰ) ਕਾਂਗਰਸ ਪਾਰਟੀ ਦੇ ਜੇਤੂ ਉਮੀਦਵਾਰ ਸੁਰਿੰਦਰ ਪਾਲ ਆਰ ਓ ਮਨਦੀਪ ਸਿੰਘ ਤੇ ਏ ਆਰ ਓ ਵਿਕਰਮ ਸਿੰਘ ਪਾਸੋਂ ਸਰਟੀਫਿਕੇਟ ਪ੍ਰਾਪਤ ਕਰਦੇ ਹੋਏ। ਇਸ ਮੌਕੇ ਓਕਾਂਰ ਸਿੰਘ ਲਸੂੜੀ, ਸੋਨੀ ਲਸੂੜੀ, ਨਾਇਬ ਸਿੰਘ ਬਾਜਵਾ ਕਲਾਂ ਅਤੇ ਅਮਨਦੀਪ ਸੈਦਪੁਰੀ ਮੌਜੂਦ ਸਨ। **(ਫੋਟੋ ਤੇ ਵੇਰਵਾ : ਗਿਆਨ ਸੈਦਪੁਰੀ, ਸ਼ਾਹਕੋਟ)**



ਬਲਾਕ ਸ਼ਾਹਕੋਟ ਦੇ ਜੋਨ ਨੰਬਰ 10 (ਬਾਜਵਾ ਕਲਾਂ) ਤੋਂ ਕਾਂਗਰਸ ਪਾਰਟੀ ਦੇ ਜੇਤੂ ਉਮੀਦਵਾਰ ਬਲਕਾਰ ਸਿੰਘ ਆਰ ਓ ਮਨਦੀਪ ਸਿੰਘ ਤੇ ਏ ਆਰ ਓ ਵਿਕਰਮ ਸਿੰਘ ਪਾਸੋਂ ਸਰਟੀਫਿਕੇਟ ਪ੍ਰਾਪਤ ਕਰਦੇ ਹੋਏ। ਇਸ ਮੌਕੇ ਨਾਇਬ ਸਿੰਘ ਬਾਜਵਾ ਕਲਾਂ ਅਤੇ ਬੰਟੀ ਬੱਠਲਾ ਮੌਜੂਦ ਸਨ। **(ਫੋਟੋ ਤੇ ਵੇਰਵਾ : ਗਿਆਨ ਸੈਦਪੁਰੀ, ਸ਼ਾਹਕੋਟ)**



ਬਲਾਕ ਸ਼ਾਹਕੋਟ ਦੇ ਜੋਨ ਨੰਬਰ 15 (ਤਲਵੰਡੀ ਬੂਟਿਆਂ) ਤੋਂ ਜੇਤੂ ਉਮੀਦਵਾਰ ਪਰਮਜੀਤ ਕੌਰ ਆਰ ਓ ਮਨਦੀਪ ਸਿੰਘ ਤੇ ਏ ਆਰ ਓ ਵਿਕਰਮ ਸਿੰਘ ਪਾਸੋਂ ਸਰਟੀਫਿਕੇਟ ਪ੍ਰਾਪਤ ਕਰਦੇ ਹੋਏ।ਇਸ ਮੌਕੇ ਰਮਨ ਰਾਜੇਵਾਲ, ਅਮਨਦੀਪ ਸੈਦਪੁਰੀ ਅਤੇ ਬੰਟੀ ਬੱਠਲਾ ਮੌਜੂਦ ਸਨ। **(ਫੋਟੋ ਤੇ ਵੇਰਵਾ : ਗਿਆਨ ਸੈਦਪੁਰੀ, ਸ਼ਾਹਕੋਟ)**